




GURU NANAK INSTITUTE OF GLOBAL STUDIES

Study in CANADA

GURU NANAK INSTITUTE OF GLOBAL STUDIES

Great Opportunity!

Get Canadian Education Sitting at Home

Enroll Now

Online Admission at www.gurunanakinstitute.ca

Diploma & Certificate Courses -

- Sikh Studies Diploma
- Punjabi Studies Certificate
- Gurmat Music Diploma

The Guru Nanak Institute of Global Studies (GNI) is a non-profit foundation.
GNI has educators and researchers from countries around the world, including Canada, the United States, the United Kingdom, and India.
GNI has an experienced and highly motivated faculty for all courses being offered.

Contact Us:
Tel: +1 (778) 298-1469, (604)-341-2755
Fax: +1 (604) 593-6955
Email: info@gurunanakinstitute.ca
Website: www.gurunanakinstitute.ca








# ਵਿਸ਼ਾ ਸੂਚੀ (Index)


1. ਸੰਪਾਦਕੀ ਲੇਖ – ਸਮਾਜਿਕ, ਧਾਰਮਿਕ ਅਤੇ ਰਾਸ਼ਟਰੀ ਮੁੱਦਿਆਂ ਤੇ ਵਿਚਾਰ
2. ਧਾਰਮਿਕ ਲੇਖ – ਗੁਰਬਾਣੀ, ਇਤਿਹਾਸਕ ਗੁਰਮਤਿ ਵਿਚਾਰ, ਮਹਾਨ ਸਿੱਖ ਸ਼ਖ਼ਸੀਅਤਾਂ
3. ਸਿੱਖ ਇਤਿਹਾਸ – ਗੁਰੂ ਸਾਹਿਬਾਨ, ਸ਼ਹੀਦਾਂ ਅਤੇ ਜੰਗਾਂ ਬਾਰੇ ਵਿਸਥਾਰਿਕ ਲੇਖ
4. ਸਮਾਜਿਕ ਵਿਸ਼ੇ – ਨਸ਼ਾ ਮੁਕਤੀ, ਦਹੇਜ ਪ੍ਰਥਾ, ਲੜਕੀਆਂ ਦੀ ਸਿੱਖਿਆ, ਪਿੰਡਾਂ ਦੀ ਤਰੱਕੀ
5. ਸਿਹਤ ਅਤੇ ਫਿਟਨੈੱਸ – ਘਰੇਲੂ ਉਪਚਾਰ, ਆਯੁਰਵੇਦਿਕ ਅਤੇ ਯੋਗਾ ਵਿਸ਼ੇ
6. ਪਰਿਵਾਰਕ ਜੀਵਨ – ਮਾਤਾ-ਪਿਤਾ, ਬੱਚੇ, ਸੰਸਕਾਰ ਅਤੇ ਸਬੰਧਾਂ ਦੇ ਮੋਲ
7. ਮਹਿਲਾ ਖੰਡ – ਔਰਤਾਂ ਦੀ ਸਫਲਤਾ ਦੀਆਂ ਕਹਾਣੀਆਂ, ਪ੍ਰੇਰਕ ਜੀਵਨ ਯਾਤਰਾਵਾਂ
8. ਨੌਜਵਾਨੀ ਵਿਸ਼ੇ – ਕਰੀਅਰ ਗਾਈਡੈਂਸ, ਮੋਟਿਵੇਸ਼ਨਲ ਲੇਖ, ਤਕਨਾਲੋਜੀ
9. ਸਿੱਖਿਆ ਖੰਡ – ਸਕੂਲਾਂ, ਕਾਲਜਾਂ ਅਤੇ ਵਿਦਿਆਰਥੀਆਂ ਨਾਲ ਜੁੜੇ ਲੇਖ
10. ਕਵਿਤਾ ਅਤੇ ਸਾਹਿਤ – ਨਵੀਂ ਕਵਿਤਾਵਾਂ, ਲਘੂ ਕਹਾਣੀਆਂ, ਲੇਖਕ ਪ੍ਰੋਫਾਈਲ
11. ਰਸੋਈ ਵਿਸ਼ੇਸ਼ – ਨਵੀਆਂ ਵਿਅੰਜਨ ਰੈਸਪੀਜ਼ ਅਤੇ ਤੰਦਰੁਸਤ ਖਾਣੇ
12. ਖੇਡ ਖੰਡ – ਸਪੋਰਟਸ ਪ੍ਰੋਫਾਈਲ, ਸਿੱਖ ਖਿਡਾਰੀਆਂ ਦੇ ਯੋਗਦਾਨ
13. ਮਨੋਰੰਜਨ – ਫਿਲਮ, ਸੰਗੀਤ, ਕਲਾ ਤੇ ਰੰਗਮੰਚ ਸਮੀਖਿਆਵਾਂ
14. ਪਰੀਆਵਰਨ – ਪ੍ਰਕ੍ਰਿਤੀ ਬਚਾਓ, ਪਾਣੀ ਸੰਭਾਲ, ਪ੍ਰਦੂਸ਼ਣ ਖ਼ਿਲਾਫ਼ ਜਾਗਰੂਕਤਾ
15. ਵਿਦੇਸ਼ੀ ਪੰਜਾਬੀ – ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਦੀਆਂ ਕਹਾਣੀਆਂ ਤੇ ਸਫਲਤਾਵਾਂ
16. ਪ੍ਰੇਰਕ ਸ਼ਖ਼ਸੀਅਤਾਂ – ਸਮਾਜ ਸੇਵਕਾਂ, ਡਾਕਟਰਾਂ, ਅਧਿਆਪਕਾਂ ਤੇ ਹੋਰ ਵਿਸ਼ੇਸ਼ ਲੋਕਾਂ ਦੇ ਇੰਟਰਵਿਊ
17. ਵਿਸ਼ੇਸ਼ ਅੰਕ – ਕਿਸੇ ਖਾਸ ਵਿਸ਼ੇ ਤੇ ਕੇਂਦ੍ਰਿਤ ਅੰਕ (ਜਿਵੇਂ ਬਾਬਾ ਨਾਨਕ ਅੰਕ, ਮਹਿਲਾ ਦਿਵਸ ਅੰਕ, ਆਦਿ)
18. ਪੱਤਰਾਂ ਦਾ ਖੰਡ – ਪਾਠਕਾਂ ਦੇ ਵਿਚਾਰ ਅਤੇ ਫੀਡਬੈਕ
19. ਬੱਚਿਆਂ ਦਾ ਖੰਡ – ਕਹਾਣੀਆਂ, ਪਹੇਲੀਆਂ, ਸਿੱਖਣ ਯੋਗ ਗਤੀਵਿਧੀਆਂ




Vol: VIII
August, 2026
Year: 32
ਕੁੱਲ ਸਫ਼ੇ : 56+4=60

ਮਾਸਿਕ
**ਚੜ੍ਹਦੀਕਲਾ (ਮੈਗਜ਼ੀਨ)**

Monthly
**Charhdikala Magazine**

Postal Regd. No.
PB/PTA (0281) 2024-2026

RNI Regd. No. 61587/95

ਡੀ.ਪੀ.ਆਈ. ਪੰਜਾਬ ਦੀ ਪੱਤ੍ਰਿਕਾ ਨੰ. 3/15-71 ਐ:ਪੰ: ਮਿਤੀ 12-7-71 ਅਨੁਸਾਰ ਚੜ੍ਹਦੀਕਲਾ ਪੰਜਾਬ ਸਰਕਾਰ ਵਲੋਂ ਸਕੂਲਾਂ ਦੀਆਂ ਲਾਇਬਰੇਰੀਆਂ ਅਤੇ ਕਾਲਜਾਂ ਲਈ ਮਨਜ਼ੂਰ ਹੈ।

ਨੋਟ : ਸੰਪਾਦਕ ਦਾ ਛਪੀਆਂ ਰਚਨਾਵਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਕਿਸਮ ਦੀ ਕਾਨੂੰਨੀ ਲੜਾਈ ਪਟਿਆਲਾ ਕੋਰਟ ਵਿਚ ਨਿਪਟਾਈ ਜਾਵੇਗੀ।

ਪਰਮਜੀਤ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਮਾਸਿਕ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ, 593, ਐਸ.ਐਸ.ਟੀ. ਨਗਰ, ਪਟਿਆਲਾ ਦੇ ਕੀਪਰ ਪਰਮਜੀਤ ਸਿੰਘ ਤੋਂ ਛਪਵਾ ਕੇ ਦਫ਼ਤਰ ਮਾਸਿਕ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ।
ਮੁੱਖ ਸੰਪਾਦਕ: ਜਗਜੀਤ ਸਿੰਘ ਦਰਦੀ
ISSN 0972-9593 Charhdikala (Punjabi)

Printed & Published by Paramjit Singh & on behalf of Charhdikala Printing Press Pvt. Ltd. & Printed at Charhdikala Printing Press, 593, SST Nagar, Patiala keeper Paramjit Singh. Published at 577, SST Nagar, Patiala.
Chief Editor : Jagjit Singh Dardi.
ISSN 09272-9593 Charhdikala (Punjabi)



## ਅੰਦਰਲੀ ਝਾਤ




ਆਜ਼ਾਦੀ, ਦੇਸ਼-ਵੰਡ ਅਤੇ ਪੰਜਾਬ



ਸ੍ਰੀ ਹਰਿਕ੍ਰਿਸ਼ਨ ਧਿਆਈਐ
ਜਿਸ ਡਿਠੇ ਸਭਿ ਦੁਖਿ ਜਾਇ



ਬਦਲਦੇ ਸਮੇਂ 'ਚ ਮਾਸਟਰਜ਼ ਡਿਗਰੀ ਕਿੰਨੀ ਕੁ ਲਾਹੇਵੰਦ



ਡੋਲੀ ਗੱਡੇ ਤੋਂ ਹੈਲੀਕਾਪਟਰ ਤੱਕ



ਗੁੱਟ ਤੇਰੇ ਬੰਨਾ ਰੱਖੜੀ



ਮਹਿੰਦੀ ਦੇ ਹਨ ਰੂਪ ਅਨੇਕ



ਸੁੰਦਰਤਾ ਦਾ ਪ੍ਰਤੀਕ ਹੈ ਬਿੰਦੀ



ਕੈਨੇਡਾ ਵਿੱਚ ਮਾਪਿਆਂ ਅਤੇ ਦਾਦਾ-ਦਾਦੀ ਦੀ ਪੀ.ਆਰ. ਸਪਾਂਸਰਸ਼ਿਪ 'ਤੇ ਰੋਕ



ਦੇਸ਼ ਦੇ ਨੌਜਵਾਨਾਂ ਦੀ ਵੱਡੀ ਜਿੱਤ



ਭਾਰਤੀ ਮੈਡੀਕਲ ਵਿਗਿਆਨ ਦਾ ਨਵਾਂ ਸੂਰਜ


ਦੀਪਿਕਾ ਪਾਦੂਕੋਨ
ਹਰ ਚੁਣੌਤੀ ਸਵੀਕਾਰ
22

ਸਿਰ ਚੜ੍ਹ ਬੋਲਿਆ ਫੁੱਟਬਾਲ ਦਾ ਜਨੂੰਨ-46

...ਤੇ ਹੋਰ ਦਿਲਚਸਪ ਸਮੱਗਰੀ






ਮਾਸਿਕ
**ਚੜ੍ਹਦੀਕਲਾ**
Member :

ਮੁੱਖ ਸੰਪਾਦਕ
ਜਗਜੀਤ ਸਿੰਘ ਦਰਦੀ
ਪ੍ਰਬੰਧਕੀ ਸੰਪਾਦਕ
ਹਰਪ੍ਰੀਤ ਸਿੰਘ ਦਰਦੀ
ਕਾਰਜਕਾਰੀ ਸੰਪਾਦਕ
ਵਿੰਕਲਜੀਤ ਸਿੰਘ ਸਰਾਂ
ਮੁੱਖ ਪ੍ਰਬੰਧਕ
ਡਾ. ਇੰਦਰਪ੍ਰੀਤ ਕੌਰ
ਪ੍ਰਿੰਟਰ ਪਬਲਿਸ਼ਰ
ਪਰਮਜੀਤ ਸਿੰਘ
ਤਕਨੀਕੀ ਪ੍ਰਬੰਧਕ
ਦਰਸ਼ਨ ਸਿੰਘ ਦਰਸ਼ਕ
ਮਾਰਕਿੰਟਿੰਗ ਮੈਨੇਜਰ
ਪੁਨੀਤ ਆਰੀਆ
ਇਸ਼ਤਿਹਾਰ ਮੈਨੇਜਰ
ਸਿਮਰਨ ਸਿੰਘ
ਸਹਾਇਕ ਸਰਕੂਲਰ ਮੈਨੇਜਰ
ਰਮਨਦੀਪ ਕੌਰ
ਸਲਾਹਕਾਰ
ਰਮਿੰਦਰ ਸਿੰਘ ਬੱਬਲ
ਗ੍ਰਾਫਿਕ ਡਿਜ਼ਾਇਨਰ
ਬਲਜਿੰਦਰ ਸਿੰਘ
ਫੋਟੋਗ੍ਰਾਫਰ
ਬਬਲੂ ਮਹਾਜਨ

**HEAD OFFICE**
Charhdikala Complex,
577, SST Nagar,
Patiala-147003
Phone : 9815502311
9216807500
E-mail : advt@charhdikala.com
charhdikala@gmail.com
web: http://www.charhdikala.com

**DELHI OFFICE**
202 INS Buildling's Rafi Marg,
New Delhi-1
TeleFax : 91-11 23353936, 41503144

**CANADA OFFICE**
144, 64st SW
Edmonton AB T6XOB6

**USA OFFICE**
Chardikla TimeTv c/o Mrs. Manju Walia
5860 W GLENVIEW PL
CHANDLER, AZ 85226-7518
United States
Phone number +14802502519
Tel: +1-929-430-4630

## ਸੰਪਾਦਕੀ

# ਪਰਿਵਾਰ - ਸਮਾਜ ਦੀ ਪਹਿਲੀ ਪਾਠਸ਼ਾਲਾ



ਅਗਸਤ ਦਾ ਮਹੀਨਾ ਭਾਰਤ ਦੇ ਇਤਿਹਾਸ ਵਿੱਚ ਦੇਸ਼ਭਗਤੀ, ਕੁਰਬਾਨੀ ਅਤੇ ਆਜ਼ਾਦੀ ਦੀਆਂ ਯਾਦਾਂ ਨੂੰ ਤਾਜ਼ਾ ਕਰਨ ਵਾਲਾ ਮਹੀਨਾ ਹੈ। ਇਸੇ ਮਹੀਨੇ ਅਸੀਂ ਆਜ਼ਾਦੀ ਦਿਵਸ ਮਨਾਉਂਦੇ ਹਾਂ, ਸ਼ਹੀਦਾਂ ਨੂੰ ਨਮਨ ਕਰਦੇ ਹਾਂ ਅਤੇ ਦੇਸ਼ ਦੇ ਭਵਿੱਖ ਬਾਰੇ ਸੋਚਦੇ ਹਾਂ। ਪਰ ਇੱਕ ਸਵਾਲ ਹਰ ਜ਼ਿੰਮੇਵਾਰ ਨਾਗਰਿਕ ਦੇ ਮਨ ਵਿੱਚ ਜ਼ਰੂਰ ਉੱਠਣਾ ਚਾਹੀਦਾ ਹੈ ਕੀ ਕੇਵਲ ਸਰਹੱਦਾਂ ਦੀ ਰੱਖਿਆ ਨਾਲ ਹੀ ਰਾਸ਼ਟਰ ਮਜ਼ਬੂਤ ਬਣਦਾ ਹੈ? ਜਾਂ ਫਿਰ ਮਜ਼ਬੂਤ ਰਾਸ਼ਟਰ ਦੀ ਨੀਂਹ ਉਸ ਪਰਿਵਾਰ ਵਿੱਚ ਰੱਖੀ ਜਾਂਦੀ ਹੈ, ਜਿੱਥੇ ਬੱਚੇ ਸੰਸਕਾਰ ਸਿੱਖਦੇ ਹਨ, ਬਜ਼ੁਰਗਾਂ ਨੂੰ ਸਤਿਕਾਰ ਮਿਲਦਾ ਹੈ ਅਤੇ ਆਪਸੀ ਪਿਆਰ ਹੀ ਸਭ ਤੋਂ ਵੱਡੀ ਦੌਲਤ ਮੰਨੀ ਜਾਂਦੀ ਹੈ? ਅਸਲ ਵਿੱਚ ਪਰਿਵਾਰ ਹੀ ਉਹ ਪਹਿਲੀ ਪਾਠਸ਼ਾਲਾ ਹੈ, ਜਿੱਥੇ ਇਨਸਾਨ ਬੋਲਣਾ, ਤੁਰਨਾ, ਪਿਆਰ ਕਰਨਾ, ਸਾਂਝ ਪਾਉਣਾ ਅਤੇ ਜ਼ਿੰਮੇਵਾਰੀ ਨਿਭਾਉਣਾ ਸਿੱਖਦਾ ਹੈ। ਸਕੂਲ ਗਿਆਨ ਦੇ ਸਕਦਾ ਹੈ, ਪਰ ਚਰਿੱਤਰ ਦੀ ਨੀਂਹ ਘਰ ਹੀ ਰੱਖਦਾ ਹੈ। ਇਸ ਲਈ ਜੇ ਪਰਿਵਾਰ ਮਜ਼ਬੂਤ ਹੋਣਗੇ ਤਾਂ ਸਮਾਜ ਵੀ ਮਜ਼ਬੂਤ ਹੋਵੇਗਾ ਅਤੇ ਰਾਸ਼ਟਰ ਵੀ।

ਅੱਜ ਦਾ ਸਮਾਂ ਵਿਗਿਆਨ, ਤਕਨਾਲੋਜੀ ਅਤੇ ਭੌਤਿਕ ਤਰੱਕੀ ਦਾ ਹੈ। ਦੁਨੀਆ ਮੁੱਠੀ ਵਿੱਚ ਆ ਗਈ ਹੈ, ਪਰ ਦਿਲਾਂ ਵਿੱਚ ਦੂਰੀ ਵੱਧ ਰਹੀ ਹੈ। ਘਰ ਵੱਡੇ ਹੋ ਗਏ ਹਨ, ਪਰ ਪਰਿਵਾਰ ਛੋਟੇ। ਸੁਵਿਧਾਵਾਂ ਵਧ ਗਈਆਂ ਹਨ, ਪਰ ਸੰਤੁਸ਼ਟੀ ਘੱਟ ਗਈ ਹੈ। ਮੋਬਾਈਲ ਅਤੇ ਸੋਸ਼ਲ ਮੀਡੀਆ ਨੇ ਸੰਚਾਰ ਤਾਂ ਤੇਜ਼ ਕੀਤਾ ਹੈ, ਪਰ ਆਪਸੀ ਗੱਲਬਾਤ ਘਟਾ ਦਿੱਤੀ ਹੈ। ਇੱਕੋ ਘਰ ਵਿੱਚ ਰਹਿਣ ਵਾਲੇ ਲੋਕ ਇੱਕ-ਦੂਜੇ ਨਾਲੋਂ ਵੱਧ ਸਕਰੀਨਾਂ ਨਾਲ ਜੁੜੇ ਹੋਏ ਹਨ। ਇਹ ਹਾਲਾਤ ਚਿੰਤਾਜਨਕ ਹਨ, ਕਿਉਂਕਿ ਜਦੋਂ ਪਰਿਵਾਰਾਂ ਵਿੱਚ ਸੰਵਾਦ ਖ਼ਤਮ ਹੋ ਜਾਂਦਾ ਹੈ ਤਾਂ ਰਿਸ਼ਤਿਆਂ ਵਿੱਚ ਦਰਾਰਾਂ ਪੈਣ ਲੱਗਦੀਆਂ ਹਨ। ਇਸ ਦੇ ਨਾਲ-ਨਾਲ ਸਮਾਜ ਵਿੱਚ ਵਧ ਰਹੇ ਨਸ਼ੇ, ਅਪਰਾਧ, ਮਾਨਸਿਕ ਤਣਾਅ, ਇਕੱਲਾਪਣ, ਘਰੇਲੂ ਹਿੰਸਾ ਅਤੇ ਬਜ਼ੁਰਗਾਂ ਦੀ ਅਣਦੇਖੀ ਵੀ ਕਿਤੇ ਨਾ ਕਿਤੇ ਪਰਿਵਾਰਕ ਕਮਜ਼ੋਰੀ ਵੱਲ ਇਸ਼ਾਰਾ ਕਰਦੇ ਹਨ। ਜੇ ਬੱਚਿਆਂ ਨੂੰ ਬਚਪਨ ਤੋਂ ਸੱਚ, ਇਮਾਨਦਾਰੀ, ਮਿਹਨਤ, ਸੇਵਾ ਅਤੇ ਮਨੁੱਖਤਾ ਦੇ ਸੰਸਕਾਰ ਮਿਲਣ, ਤਾਂ ਉਹ ਨਾ ਕੇਵਲ ਚੰਗੇ ਨਾਗਰਿਕ ਬਣਨਗੇ, ਸਗੋਂ ਸਮਾਜ ਨੂੰ ਵੀ ਸਹੀ ਦਿਸ਼ਾ ਦੇਣਗੇ।

ਸਾਡੇ ਭਾਰਤੀ ਅਤੇ ਪੰਜਾਬੀ ਸੱਭਿਆਚਾਰ ਦੀ ਸਭ ਤੋਂ ਵੱਡੀ ਪਹਿਚਾਣ ਸਾਂਝੇ ਪਰਿਵਾਰ, ਵੱਡਿਆਂ ਦਾ ਸਤਿਕਾਰ ਅਤੇ 'ਸਰਬੱਤ ਦੇ ਭਲੇ' ਦੀ ਸੋਚ ਰਹੀ ਹੈ। ਗੁਰੂ ਸਾਹਿਬਾਨ ਨੇ ਵੀ ਪਰਿਵਾਰਕ ਜੀਵਨ ਨੂੰ ਧਰਮ ਅਤੇ ਸਮਾਜ ਦੀ ਮਜ਼ਬੂਤ ਇਕਾਈ ਮੰਨਿਆ। ਗ੍ਰਿਹਸਥ ਜੀਵਨ ਨੂੰ ਤਿਆਗ ਨਹੀਂ, ਸਗੋਂ ਜ਼ਿੰਮੇਵਾਰੀ, ਸੇਵਾ ਅਤੇ ਸੰਤੁਲਨ ਦਾ ਮਾਰਗ ਦੱਸਿਆ। ਇਹੀ ਕਾਰਨ ਹੈ ਕਿ ਸਾਡੇ ਇਤਿਹਾਸ ਵਿੱਚ ਅਜਿਹੇ ਪਰਿਵਾਰਾਂ ਦੀ ਘਾਟ ਨਹੀਂ, ਜਿਨ੍ਹਾਂ ਨੇ ਆਪਣੇ ਨਿੱਜੀ ਸੁਖਾਂ ਤੋਂ ਉੱਪਰ ਉੱਠ ਕੇ ਕੌਮ ਅਤੇ ਦੇਸ਼ ਲਈ ਕੁਰਬਾਨੀਆਂ ਦਿੱਤੀਆਂ। ਅੱਜ ਲੋੜ ਇਸ ਗੱਲ ਦੀ ਨਹੀਂ ਕਿ ਅਸੀਂ ਸਿਰਫ਼ ਬੱਚਿਆਂ ਨੂੰ ਮਹਿੰਗੇ ਸਕੂਲਾਂ ਵਿੱਚ ਪੜ੍ਹਾਈਏ, ਸਗੋਂ ਇਹ ਵੀ ਯਕੀਨੀ ਬਣਾਈਏ ਕਿ ਉਹ ਆਪਣੇ ਮਾਪਿਆਂ ਨਾਲ ਬੈਠਣ, ਦਾਦਾ-ਦਾਦੀ ਅਤੇ ਨਾਨਾ-ਨਾਨੀ ਦੀਆਂ ਗੱਲਾਂ ਸੁਣਨ, ਆਪਣੇ ਇਤਿਹਾਸ ਨੂੰ ਜਾਣਨ ਅਤੇ ਆਪਣੇ ਸੱਭਿਆਚਾਰ ਨਾਲ ਜੁੜੇ ਰਹਿਣ। ਸਫ਼ਲਤਾ ਦਾ ਅਸਲ ਮਾਪਦੰਡ ਕੇਵਲ ਵੱਡੀ ਨੌਕਰੀ ਜਾਂ ਵੱਡੀ ਆਮਦਨ ਨਹੀਂ, ਸਗੋਂ ਚੰਗੇ ਸੰਸਕਾਰ ਅਤੇ ਮਨੁੱਖਤਾ ਹੈ।

ਪਰਿਵਾਰ ਵਿੱਚ ਇਸਤਰੀ ਦੀ ਭੂਮਿਕਾ ਵੀ ਬੇਹੱਦ ਮਹੱਤਵਪੂਰਨ ਹੈ। ਉਹ ਕੇਵਲ ਘਰ ਦੀ ਜ਼ਿੰਮੇਵਾਰ ਨਹੀਂ, ਸਗੋਂ ਪੀੜ੍ਹੀਆਂ ਦੇ ਸੰਸਕਾਰਾਂ ਦੀ ਨਿਰਮਾਤਾ ਹੈ। ਇਸੇ ਤਰ੍ਹਾਂ ਪਿਤਾ ਦੀ ਭੂਮਿਕਾ ਸਿਰਫ਼ ਕਮਾਉਣ ਤੱਕ ਸੀਮਤ ਨਹੀਂ ਹੋਣੀ ਚਾਹੀਦੀ; ਬੱਚਿਆਂ ਨੂੰ ਸਮਾਂ ਦੇਣਾ, ਉਨ੍ਹਾਂ ਨਾਲ ਗੱਲਬਾਤ ਕਰਨੀ ਅਤੇ ਉਨ੍ਹਾਂ ਦੀ ਮਾਨਸਿਕ ਦੁਨੀਆ ਨੂੰ ਸਮਝਣਾ ਵੀ ਉਤਨਾ ਹੀ ਜ਼ਰੂਰੀ ਹੈ। ਜਿੱਥੇ ਪਿਆਰ, ਸਤਿਕਾਰ ਅਤੇ ਭਰੋਸਾ ਹੋਵੇ, ਉੱਥੇ ਪਰਿਵਾਰ ਖ਼ੁਸ਼ਹਾਲ ਰਹਿੰਦੇ ਹਨ। ਅਗਸਤ ਦਾ ਮਹੀਨਾ ਸਾਨੂੰ ਇਹ ਵੀ ਯਾਦ ਕਰਵਾਉਂਦਾ ਹੈ ਕਿ ਆਜ਼ਾਦੀ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਸਮਾਜਿਕ ਅਤੇ ਨੈਤਿਕ ਵੀ ਹੋਣੀ ਚਾਹੀਦੀ ਹੈ। ਜੇ ਅਸੀਂ ਆਪਣੇ ਪਰਿਵਾਰਾਂ ਨੂੰ ਟੁੱਟਣ ਤੋਂ ਨਹੀਂ ਬਚਾ ਸਕੇ ਤਾਂ ਭਵਿੱਖ ਦੀਆਂ ਪੀੜ੍ਹੀਆਂ ਲਈ ਸਭ ਤੋਂ ਵੱਡਾ ਸੰਕਟ ਖੜ੍ਹਾ ਹੋ ਸਕਦਾ ਹੈ। ਆਰਥਿਕ ਵਿਕਾਸ ਮਹੱਤਵਪੂਰਨ ਹੈ, ਪਰ ਨੈਤਿਕ ਵਿਕਾਸ ਉਸ ਤੋਂ ਵੀ ਵੱਧ ਜ਼ਰੂਰੀ ਹੈ। 'ਚੜ੍ਹਦੀਕਲਾ ਫੈਮਿਲੀ' ਦੇ ਇਸ ਅਗਸਤ ਅੰਕ ਰਾਹੀਂ ਅਸੀਂ ਆਪਣੇ ਪਾਠਕਾਂ ਨੂੰ ਇਹੀ ਸੰਦੇਸ਼ ਦੇਣਾ ਚਾਹੁੰਦੇ ਹਾਂ ਕਿ ਆਪਣੇ ਪਰਿਵਾਰ ਨੂੰ ਸਮਾਂ ਦਿਓ, ਰਿਸ਼ਤਿਆਂ ਨੂੰ ਮਹੱਤਵ ਦਿਓ, ਬਜ਼ੁਰਗਾਂ ਦੀ ਛਾਂ ਨੂੰ ਆਪਣਾ ਮਾਣ ਸਮਝੋ, ਬੱਚਿਆਂ ਨੂੰ ਸੰਸਕਾਰਾਂ ਦੀ ਦੌਲਤ ਦਿਓ ਅਤੇ ਸਮਾਜ ਵਿੱਚ ਪਿਆਰ, ਸੇਵਾ ਅਤੇ ਆਪਸੀ ਸਤਿਕਾਰ ਦਾ ਮਾਹੌਲ ਬਣਾਉਣ ਵਿੱਚ ਆਪਣਾ ਯੋਗਦਾਨ ਪਾਓ। ਜਦੋਂ ਹਰ ਘਰ ਵਿੱਚ ਵਿਸ਼ਵਾਸ, ਹਰ ਪਰਿਵਾਰ ਵਿੱਚ ਏਕਤਾ ਅਤੇ ਹਰ ਦਿਲ ਵਿੱਚ ਮਨੁੱਖਤਾ ਵੱਸੇਗੀ, ਤਦੋਂ ਹੀ ਇੱਕ ਅਜਿਹਾ ਭਾਰਤ ਬਣੇਗਾ ਜੋ ਕੇਵਲ ਆਰਥਿਕ ਤੌਰ 'ਤੇ ਹੀ ਨਹੀਂ, ਸਗੋਂ ਨੈਤਿਕ, ਸੱਭਿਆਚਾਰਕ ਅਤੇ ਆਤਮਿਕ ਤੌਰ 'ਤੇ ਵੀ ਸੰਸਾਰ ਲਈ ਮਿਸਾਲ ਬਣੇਗਾ।

**ਆਓ, ਇਸ ਅਗਸਤ ਇੱਕ ਨਵਾਂ ਸੰਕਲਪ ਕਰੀਏ ਰਾਸ਼ਟਰ ਨਿਰਮਾਣ ਦੀ ਸ਼ੁਰੂਆਤ ਆਪਣੇ ਪਰਿਵਾਰ ਤੋਂ ਕਰੀਏ। ਕਿਉਂਕਿ ਮਜ਼ਬੂਤ ਪਰਿਵਾਰ ਹੀ ਮਜ਼ਬੂਤ ਸਮਾਜ ਅਤੇ ਮਜ਼ਬੂਤ ਰਾਸ਼ਟਰ ਦੀ ਸਭ ਤੋਂ ਪੱਕੀ ਨੀਂਹ ਹਨ।**

**-ਜਗਜੀਤ ਸਿੰਘ ਦਰਦੀ**




# ਆਜ਼ਾਦੀ, ਦੇਸ਼-ਵੰਡ ਅਤੇ ਪੰਜਾਬ

*ਦੇਸ਼ ਵੰਡ ਦਾ ਸਭ ਤੋਂ ਜ਼ਿਆਦਾ ਸੰਤਾਪ ਪੰਜਾਬੀਆਂ ਅਤੇ ਬੰਗਾਲੀਆਂ ਨੂੰ ਝੱਲਣਾ ਪਿਆ । ਵੰਡ ਨੇ ਘੁੱਗ ਵਸਦੇ ਪੰਜਾਬ ਦੇ ਸਮਾਜਿਕ-ਸੱਭਿਆਚਾਰਕ, ਰਾਜਨੀਤਕ ਅਤੇ ਆਰਥਿਕ ਤਾਣੇ-ਬਾਣੇ ਨੂੰ ਤਹਿਸ-ਨਹਿਸ ਕਰ ਦਿੱਤਾ । ਵੰਡ ਨੇ ਲੋਕਾਂ ਦੀ ਸਮੂਹਿਕ-ਚੇਤਨਾ ਨੂੰ ਵੀ ਬੁਰੀ ਤਰ੍ਹਾਂ ਵਲੂੰਧਰਿਆ, ਜਿਸਦਾ ਸੰਤਾਪ ਭਾਰਤ-ਪਾਕਿ ਬਾਰਡਰ ਦੇ ਦੋਵੇਂ ਪਾਸੇ ਵਸਦੇ ਪੰਜਾਬੀ ਅੱਜ ਤੱਕ ਭੁਗਤ ਰਹੇ ਹਨ ।*

**ਡਾ. ਰਣਜੀਤ ਸਿੰਘ ਘੁੰਮਣ**

1947 ਤੋਂ ਪਹਿਲਾਂ ਦਾ ਅਣ-ਵੰਡਿਆ ਪੰਜਾਬ ਦੇਸ਼ ਦੇ ਬਹੁਤ ਵੱਡੇ ਭੂਗੋਲਿਕ ਖੇਤਰ ਵਿਚ ਫੈਲਿਆ ਹੋਇਆ ਸੀ।ਉਸ ਵਿਚੋਂ ਬਹੁਤ ਵੱਡਾ ਹਿੱਸਾ ਸਿੱਧੇ ਤੌਰ ’ਤੇ ਅੰਗਰੇਜ਼ੀ ਸਾਮਰਾਜ ਦੇ ਅਧੀਨ ਸੀ ਤੇ ਬਾਕੀ ਦਾ ਹਿੱਸਾ ਵੱਖ-ਵੱਖ ਰਿਆਸਤਾਂ ਦੇ ਅਧੀਨ ਸੀ।ਅਸਿੱਧੇ ਤੌਰ ’ਤੇ ਰਿਆਸਤਾਂ ਵੀ ਅੰਗਰੇਜ਼ ਹਕੂਮਤ ਦੇ ਅਧੀਨ ਹੀ ਸਨ।ਪਰ ਪੰਜਾਬ ਤਾਂ ਅੰਗਰੇਜ਼ੀ ਸਾਮਰਾਜ ਅਧੀਨ ਆਉਣ ਤੋਂ ਪਹਿਲਾਂ ਵੀ ਵਸਦਾ ਸੀ।ਉਸ ਸਮੇਂ ਅੱਜ ਦੇ ਪਾਕਿਸਤਾਨ ਦੇ ਉੱਤਰ-ਪੱਛਮੀ ਸਰਹੱਦੀ ਪ੍ਰਾਂਤ ਦੇ ਪੰਜ ਜ਼ਿਲ੍ਹੇ (ਪੇਸ਼ਾਵਰ, ਕੋਹਾਟ, ਬਨੂ, ਹਜ਼ਾਰਾ ਅਤੇ ਡੇਰਾ-ਇਸਮਾਈਲ ਖਾਨ) ਪੰਜਾਬ ਦਾ ਹੀ ਹਿੱਸਾ ਸਨ। ਪਰ 1901 ਵਿਚ ਇਹ ਪੰਜ ਸਰਹੱਦੀ ਜ਼ਿਲ੍ਹੇ ਪੰਜਾਬ ਤੋਂ ਵੱਖ ਕਰ ਦਿੱਤੇ ਗਏ।ਜਦ 1911 ਵਿਚ ਅੰਗਰੇਜ਼ ਹਕੂਮਤ ਨੇ ਆਪਣੀ ਰਾਜਧਾਨੀ ਕਲਕੱਤੇ ਤੋਂ ਦਿੱਲੀ ਬਦਲੀ ਤਾਂ ਦਿੱਲੀ ਵੀ ਪੰਜਾਬ ਤੋਂ ਵੱਖ ਕਰ ਦਿੱਤੀ ਗਈ।

1911 ਤੋਂ 1947 ਦਾ ਪੰਜਾਬ ਪ੍ਰਾਂਤ 357692 ਵਰਗ ਕਿਲੋਮੀਟਰ ਵਿਚ ਫੈਲਿਆ ਹੋਇਆ ਸੀ। ਇਸ ਵਿਚੋਂ 256640 ਵਰਗ ਕਿਲੋਮੀਟਰ (71.75 ਫੀਸਦੀ) ਇਲਾਕਾ ਬ੍ਰਿਟਿਸ਼-ਟੈਰੀਟਰੀ ਸੀ ਅਤੇ ਬਾਕੀ ਦਾ 1,01,052 ਵਰਗ ਕਿਲੋਮੀਟਰ (28.25 ਫੀਸਦੀ) ਇਲਾਕਾ ਰਿਆਸਤਾਂ ਅਧੀਨ ਸੀ।ਅਣਵੰਡਿਆ ਪੰਜਾਬ ਪ੍ਰਾਂਤ ਖੇਤਰਫਲ ਦੇ ਹਿਸਾਬ ਨਾਲ ਅੱਜ ਦੇ ਰਾਜਸਥਾਨ (ਜੋ ਖੇਤਰਫਲ ਵਜੋਂ ਭਾਰਤ ਦਾ ਸਭ ਤੋਂ ਵੱਡਾ ਪ੍ਰਾਂਤ ਹੈ) ਨਾਲੋਂ ਵੱਡਾ ਪ੍ਰਾਂਤ ਸੀ।ਸਾਲ 1941 ਦੀ ਜਨ-ਗਣਨਾ ਅਨੁਸਾਰ ਪੰਜਾਬ ਪ੍ਰਾਂਤ ਦੀ ਕੁਲ ਆਬਾਦੀ 3.39 ਕਰੋੜ ਸੀ। ਇਸ ਵਿਚੋਂ 83.79 ਫੀਸਦੀ ਬ੍ਰਿਟਿਸ਼ ਟੈਰੀਟਰੀ ਵਿਚ ਅਤੇ ਬਾਕੀ ਦੀ 16.21 ਫੀਸਦੀ ਰਿਆਸਤਾਂ ਵਿਚ ਰਹਿ ਰਹੀ ਸੀ।ਉਸ ਸਮੇਂ ਪੰਜਾਬ ਪ੍ਰਾਂਤ ਵਿਚ 53.2 ਫੀਸਦੀ ਮੁਸਲਮਾਨ, 29.1 ਫੀਸਦੀ ਹਿੰਦੂ ਅਤੇ 14.9 ਫੀਸਦੀ ਸਿੱਖ ਸਨ।

16 ਅਗਸਤ 1947 ਨੂੰ ਬਣੇ ਪੰਜ ਮੈਂਬਰੀ ਕਮਿਸ਼ਨ ਨੇ ਪੰਜਾਬ-ਵੰਡ ਦਾ ਐਵਾਰਡ ਦਿੱਤਾ ਸੀ। ਉਹ ਅਵਾਰਡ ਵਾਇਸਰਾਇ ਵੇਵਲ ਦੁਆਰਾ 7 ਫਰਵਰੀ 1946 ਨੂੰ ਦਿੱਤੀ ਸੀਮਾ-ਹੱਦਬੰਦੀ ਰਿਪੋਰਟ ਨਾਲ ਹੀ ਮਿਲਦਾ ਜੁਲਦਾ ਸੀ।ਉਸ ਤੋਂ ਵੀ ਪਹਿਲਾਂ, 27 ਦਸੰਬਰ 1945 ਨੂੰ ਵਾਇਸਰਾਇ ਵੇਵਲ ਦੁਆਰਾ ਬ੍ਰਿਟਿਸ਼ ਹਕੂਮਤ ਨੂੰ ਪੰਜਾਬ ਵੰਡ ਬਾਰੇ ਇਕ ਖੁਫ਼ੀਆ ਰਿਪੋਰਟ ਭੇਜੀ ਗਈ ਸੀ। ਸੋ, ਸਪੱਸ਼ਟ ਹੈ ਕਿ ਪੰਜਾਬ ਵੰਡ ਦੀ ਯੋਜਨਾ ਤਾਂ ਆਜ਼ਾਦੀ ਤੋਂ ਤਕਰੀਬਨ ਡੇਢ ਸਾਲ ਪਹਿਲਾਂ ਹੀ ਤਿਆਰ ਹੋ ਚੁੱਕੀ ਸੀ।ਵੰਡ ਮੁੱਖ ਤੌਰ ’ਤੇ ਮਜ਼ਬੀ ਆਧਾਰ ’ਤੇ ਕੀਤੀ ਗਈ ਸੀ।ਇਸੇ ਲਈ ਮਜ਼੍ਹਬੀ-ਜਨੂੰਨੀਆਂ ਵਲੋਂ ਤਕਰੀਬਨ 10 ਲੱਖ (ਜਿਸ ਵਿਚ 5 ਤੋਂ 8 ਲੱਖ ਪੰਜਾਬ ਵਿਚ ਸਨ) ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਤਕਰੀਬਨ 1.8 ਕਰੋੜ ਲੋਕਾਂ ਨੂੰ ਨਵੀਆਂ ਬਣੀਆਂ ਸਰਹੱਦਾਂ ਦੇ ਆਰ-ਪਾਰ ਮਜਬੂਰਨ ਪਰਵਾਸ ਕਰਨਾ ਪਿਆ। ਤਕਰੀਬਨ 90,000 ਵਿਅਕਤੀਆਂ ਨੂੰ ਅਗਵਾ ਕੀਤਾ ਗਿਆ।

ਦੇਸ਼ ਵੰਡ ਦਾ ਸਭ ਤੋਂ ਜ਼ਿਆਦਾ ਸੰਤਾਪ ਪੰਜਾਬੀਆਂ ਅਤੇ ਬੰਗਾਲੀਆਂ ਨੂੰ ਝੱਲਣਾ ਪਿਆ। ਵੰਡ ਨੇ ਘੁੱਗ ਵਸਦੇ ਪੰਜਾਬ ਦੇ ਸਮਾਜਿਕ-ਸੱਭਿਆਚਾਰਕ, ਰਾਜਨੀਤਕ ਅਤੇ ਆਰਥਿਕ ਤਾਣੇ-ਬਾਣੇ ਨੂੰ ਤਹਿਸ-ਨਹਿਸ ਕਰ ਦਿੱਤਾ। ਵੰਡ ਨੇ ਲੋਕਾਂ ਦੀ ਸਮੂਹਿਕ-ਚੇਤਨਾ ਨੂੰ ਵੀ ਬੁਰੀ ਤਰ੍ਹਾਂ ਵਲੂੰਧਰਿਆ, ਜਿਸਦਾ ਸੰਤਾਪ ਭਾਰਤ-ਪਾਕਿ ਬਾਰਡਰ ਦੇ ਦੋਵੇਂ ਪਾਸੇ ਵਸਦੇ ਪੰਜਾਬੀ ਅੱਜ ਤੱਕ ਭੁਗਤ ਰਹੇ ਹਨ। ਭਾਰਤੀ ਪੰਜਾਬ ਦੀ 553 ਕਿਲੋਮੀਟਰ ਸਰਹੱਦ ਪਾਕਿਸਤਾਨ ਨਾਲ ਲਗਦੀ ਹੈ। ਹੁਣ ਤੱਕ ਭਾਰਤ ਅਤੇ ਪਾਕਿਸਤਾਨ ਦੋ-ਨੀਵੀਂ ਤੀਬਰਤਾ ਵਾਲੀਆਂ ਅਤੇ ਦੋ ਪੂਰੀਆਂ ਲੜਾਈਆਂ ਲੜ ਚੁੱਕੇ ਹਨ। ਪਰ ਆਤੰਕਵਾਦ ਅਤੇ ਕਸ਼ਮੀਰ-ਮਸਲਾ ਜਿਉਂ ਦਾ ਤਿਉਂ ਖੜ੍ਹੇ ਹਨ। ਕਾਰਗਿਲ ਦੀ ਜੰਗ ਅਤੇ ਉਸ ਤੋਂ ਬਾਅਦ ਪੁਲਵਾਮਾਂ ਅਤੇ







ਪਹਿਲਗਾਮ ਵਰਗੀਆਂ ਮੰਦਭਾਗੀਆਂ ਘਟਨਾਵਾਂ ਵੀ ਵਾਪਰ ਚੁੱਕੀਆਂ ਹਨ। ਬਦਲੇ ਵਿਚ ਭਾਰਤ ਨੇ ਬਾਲਾਕੋਟ ਅਤੇ ਆਪ੍ਰੇਸ਼ਨ ਸੰਧੂਰ ਕੀਤਾ। ਇਸ ਸਾਰੇ ਕੁਝ ਦੇ ਬਾਵਜੂਦ ਵੀ ਮਸਲਾ ਅੱਜ ਤੱਕ ਨਹੀਂ ਸੁਲਝਿਆ।

1 ਨਵੰਬਰ 1966 ਨੂੰ ਪੁਨਰਗਠਨ ਦੇ ਨਾਂ ਹੇਠ ਪੰਜਾਬ ਨੂੰ ਮੁੜ ਵੰਡਿਆ ਗਿਆ। ਇਸ ਵਿਚੋਂ ਹਰਿਆਣਾ ਪ੍ਰਾਂਤ ਬਣਾ ਦਿੱਤਾ ਗਿਆ। ਉਸ ਤੋਂ ਪਹਿਲਾਂ ਪੰਜਾਬ ਦਾ ਕਾਫੀ ਵੱਡਾ ਹਿੱਸਾ ਪਹਾੜੀ ਰਾਜ ਹਿਮਾਚਲ ਨੂੰ ਦੇ ਦਿੱਤਾ ਗਿਆ ਸੀ।ਜ਼ਿਕਰਯੋਗ ਹੈ ਕਿ ਪੁਨਰਗਠਨ ਵੇਲੇ ਵੀ ਕੁਝ ਪੰਜਾਬੀ ਬੋਲਦੇ ਸਮੁੱਚੇ ਇਲਾਕੇ ਪੰਜਾਬ ਨੂੰ ਨਹੀਂ ਦਿੱਤੇ ਗਏ। ਪੰਜਾਬ ਦੀ ਆਪਣੀ ਰਾਜਧਾਨੀ ਦਾ ਮਸਲਾ ਅਜੇ ਵੀ ਲਟਕ ਰਿਹਾ ਹੈ। ਦਰਿਆਈ ਪਾਣੀਆਂ ਦੀ ਵੰਡ ਵੇਲੇ ਵੀ ਪੰਜਾਬ ਨਾਲ ਵਿਤਕਰਾ ਕੀਤਾ ਗਿਆ। ਸਾਲ 1966 ਦੇ ਪੁਨਰਗਠਨ ਤੋਂ ਬਾਅਦ ਪੰਜਾਬ ਕੋਲ ਕੇਵਲ 50362 ਵਰਗ ਕਿਲੋਮੀਟਰ ਭੂਗੋਲਿਕ ਖੇਤਰ (ਵੰਡ ਵੇਲੇ ਦੇ ਪੰਜਾਬ ਦਾ ਕੇਵਲ 14.08 ਫੀਸਦੀ) ਰਹਿ ਗਿਆ ਜੋ ਅਜੋਕੇ ਭਾਰਤ ਦੇ ਸਮੁੱਚੇ ਖੇਤਰਫਲ ਦਾ 1.53 ਫੀਸਦੀ ਬਣਦਾ ਹੈ। ਸਾਲ 2011 ਦੀ ਜਨ-ਗਣਨਾ ਮੁਤਾਬਿਕ ਪੰਜਾਬ ਦੀ ਕੁਲ ਵਸੋਂ 2.77 ਕਰੋੜ (ਭਾਰਤ ਦੀ ਸਮੁੱਚੀ ਵਸੋਂ ਦਾ 2.33 ਫੀਸਦੀ) ਸੀ। ਇਸ ਵੇਲੇ ਹਿਮਾਚਲ ਪ੍ਰਦੇਸ਼ ਕੋਲ 55673 ਵਰਗ ਕਿਲੋਮੀਟਰ ਅਤੇ ਹਰਿਆਣਾ ਕੋਲ 44212 ਵਰਗ ਕਿਲੋਮੀਟਰ ਭੂਗੋਲਿਕ ਖੇਤਰ ਹੈ।

ਹਰੀ ਕ੍ਰਾਂਤੀ ਨੇ ਜਿਥੇ ਦੇਸ਼ ਦੀ ਅੰਨ-ਸਮੱਸਿਆ ਨੂੰ ਹੱਲ ਕੀਤਾ, ਉਥੇ ਪੰਜਾਬ ਦੀ ਆਰਥਿਕਤਾ ਨੂੰ ਵੀ ਹੁਲਾਰਾ ਦਿੱਤਾ ਅਤੇ ਕੁਝ ਹੀ ਸਾਲਾਂ ਵਿਚ ਪੰਜਾਬ ਆਰਥਿਕ ਵਿਕਾਸ ਦਰ ਅਤੇ ਪ੍ਰਤੀ ਜੀਅ ਆਮਦਨ ਦੇ ਹਿਸਾਬ ਨਾਲ ਦੇਸ਼ ਦਾ ਮੋਹਰੀ ਰਾਜ ਬਣ ਗਿਆ। ਪਰ ਹਰੀ ਕ੍ਰਾਂਤੀ ਨਾਲ ਮਿੱਟੀ ਦੀ ਸਿਹਤ, ਗੁਣਵੱਤਾ ਅਤੇ ਪੰਜਾਬ ਦੀ ਆਬੋ-ਹਵਾ ਦਾ ਵੀ ਨੁਕਸਾਨ ਹੋਇਆ। ਪੰਜਾਬ ਚੌਲਾਂ ਦੇ ਰੂਪ ਵਿਚ ਆਪਣਾ ਜ਼ਮੀਨ ਹੇਠਲਾ ਪਾਣੀ ਕੇਂਦਰੀ ਭੰਡਾਰ ਨੂੰ ਦੇ ਰਿਹਾ ਹੈ।ਚਾਵਲ ਪੈਦਾ ਕਰਨ ਉਪਰ ਖਰਚ ਹੋਏ ਕੁੱਲ ਪਾਣੀ ਵਿਚੋਂ 80 ਫੀਸਦੀ ਤੋਂ ਵੱਧ ਪਾਣੀ ਕੇਂਦਰੀ ਭੰਡਾਰ ਨੂੰ ਦਿੱਤੇ ਜਾਣ ਵਾਲੇ ਝੋਨੇ ਉੱਪਰ ਖਰਚ ਹੋ ਰਿਹਾ ਹੈ। 1970ਵਿਆਂ ਅਤੇ 1980ਵਿਆਂ ਦੇ ਦਹਾਕਿਆਂ ਦੌਰਾਨ ਪੰਜਾਬ ਦੀ ਸਲਾਨਾ ਔਸਤਨ ਆਰਥਿਕ ਵਿਕਾਸ ਦਰ ਦੇਸ਼ ਦੀ ਔਸਤ ਵਿਕਾਸ ਦਰ ਤੋਂ ਉਪਰ ਰਹੀ ਪਰ 1992-93 ਤੋਂ ਬਾਅਦ ਪੰਜਾਬ ਦੀ ਵਿਕਾਸ ਦਰ ਰਾਸ਼ਟਰੀ ਵਿਕਾਸ ਦਰ ਤੋਂ ਲਗਾਤਾਰ ਹੇਠਾਂ ਰਹਿ ਰਹੀ ਹੈ।2014-15 ਅਤੇ 2022-23 ਦੌਰਾਨ ਵਿਕਾਸ ਦਰ ਦੇ ਹਿਸਾਬ ਨਾਲ 21 ਰਾਜਾਂ ਵਿਚੋਂ ਪੰਜਾਬ 18ਵੇਂ ਸਥਾਨ ਉਪਰ ਸੀ।ਖੇਤੀ ਖੇਤਰ ਵਿਚ ਵਿਕਾਸ ਦਰ ਦੇ ਹਿਸਾਬ ਨਾਲ 21 ਰਾਜਾਂ ਵਿਚੋਂ ਪੰਜਾਬ 19ਵੇਂ ਸਥਾਨ ਉਪਰ ਅਤੇ ਗ਼ੈਰ-ਖੇਤੀ ਖੇਤਰ ਦੀ ਵਿਕਾਸ ਦਰ ਦੇ ਹਿਸਾਬ ਨਾਲ 14ਵੇਂ ਸਥਾਨ ਉਪਰ ਸੀ। ਪ੍ਰਤੀ-ਜੀਅ ਆਮਦਨ ਦੇ ਹਿਸਾਬ ਨਾਲ 2001-02 (ਤਿੰਨ-ਸਾਲਾ-ਔਸਤ) ਵਿਚ 18 ਮੁੱਖ ਰਾਜਾਂ ਵਿਚੋਂ ਪੰਜਾਬ ਪਹਿਲੇ ਸਥਾਨ ਉਪਰ ਸੀ।2006-07 ਵਿਚ ਪੰਜਾਬ ਤੀਜੇ ਸਥਾਨ ਤੇ, 2012-13 ਵਿਚ ਛੇਵੇਂ ਸਥਾਨ ’ਤੇ ਅਤੇ 2022-23 ਵਿਚ ਦੱਸਵੇਂ ਸਥਾਨ ’ਤੇ ਪਹੁੰਚ ਗਿਆ।

ਵਿਕਾਸ-ਦਰ ਅਤੇ ਪ੍ਰਤੀ-ਜੀਅ ਆਮਦਨ ਵਿਚ ਪੰਜਾਬ ਦੇ ਪਿੱਛੇ ਰਹਿਣ ਦੇ ਦੋ ਮੁੱਖ ਕਾਰਨ ਹਨ। ਇਕ, ਬਜਟ ਵਿਚ ਵਿਕਾਸ ਕਾਰਜਾਂ ਉੱਪਰ ਖਰਚ ਕੀਤੀ ਜਾਣ ਵਾਲੀ ਰਾਸ਼ੀ ਦਾ ਹਿੱਸਾ ਘਟਣਾ ਅਤੇ ਦੂਜੇ ਨਿਵੇਸ਼-ਆਮਦਨ (Investment-GSDP) ਅਨੁਪਾਤ ਦਾ ਰਾਸ਼ਟਰੀ ਔਸਤ ਤੋਂ ਬਹੁਤ ਜ਼ਿਆਦਾ ਹੇਠਾਂ ਰਹਿਣਾ। ਅਜਿਹਾ ਵਰਤਾਰਾ ਭਾਵੇਂ ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਵਿਚ ਵੇਖਣ ਨੂੰ ਮਿਲਿਆ ਪਰ ਇਸਦੀ ਸ਼ੁਰੂਆਤ 1980ਵਿਆਂ ਦੇ ਦਹਾਕੇ ਵਿਚ ਹੋ ਚੁੱਕੀ ਸੀ, ਕਿਉਂਕਿ ਉਸ ਵੇਲੇ ਤੋਂ ਹੀ ਪੰਜਾਬ ਵਿਚ ਵਿਕਾਸ ਉਪਰ ਕਾਨੂੰਨ ਵਿਵਸਥਾ ਭਾਰੂ ਹੋ ਗਈ। ਇਸ ਦੇ ਨਾਲ ਹੀ ਕੇਂਦਰ ਸਰਕਾਰ ਦੀਆਂ ਨਵ-ਉਦਾਰਵਾਦੀ ਨੀਤੀਆਂ ਅਤੇ ਪੰਜਾਬ ਦੇ ਗਵਾਂਢੀ ਰਾਜਾਂ ਨੂੰ ਵਿਸ਼ੇਸ਼ ਸਹੂਲਤਾਂ ਦੇਣ ਨਾਲ ਨਿੱਜੀ ਨਿਵੇਸ਼ ਪੰਜਾਬ ਵਿਚ ਲੱਗਣ ਦੀ ਬਜਾਏ ਉਨ੍ਹਾਂ ਵਿਸ਼ੇਸ਼ ਸਹੂਲਤਾਂ ਵਾਲੇ ਰਾਜਾਂ ਵਿਚ ਚਲਾ ਗਿਆ।

ਪੰਜਾਬ ਦੀ ਵਿੱਤੀ ਹਾਲਤ ਵਿਚ ਨਿਘਾਰ ਦੀ ਸ਼ੁਰੂਆਤ ਵੀ ਤਰਕੀਬਨ ਤਿੰਨ ਕੁ ਦਹਾਕਿਆਂ ਤੋਂ ਸ਼ੁਰੂ ਹੋਈ। ਨੀਤੀ ਆਯੋਗ ਦੀ 2025 ਦੀ ਰਿਪੋਰਟ ਅਨੁਸਾਰ 2014-15 ਤੋਂ 2021-22 ਦੌਰਾਨ ਵੀ ਪੰਜਾਬ ਦਾ 18ਵਾਂ ਸਥਾਨ ਹੀ ਸੀ, ਭਾਵ ਸਭ ਤੋਂ ਥੱਲੇ ਸੀ। ਪੰਜਾਬ ਸਰਕਾਰ ਸਿਰ ਨਿੱਤ ਵਧ ਰਹੇ ਕਰਜ਼ੇ ਨੇ ਪੰਜਾਬ ਨੂੰ ਕਰਜ਼ੇ ਦੇ ਮੱਕੜਜਾਲ (debt trap) ਵਿਚ ਫਸਾ ਦਿੱਤਾ ਹੈ।ਸਾਲ 2022-23 ਵਿਚ ਕਰਜ਼ਾ ਵਧ ਕੇ 314221 ਕਰੋੜ, 2023-24 ਵਿਚ 346185 ਕਰੋੜ ਅਤੇ 2024-25 ਵਿਚ 382935 ਕਰੋੜ ਰੁਪਏ ਹੋ ਗਿਆ। ਸਾਲ 2025-26 ਦੇ ਅੰਤ ਤੱਕ ਕਰਜ਼ਾ 417136 ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ।2012-22 ਦੌਰਾਨ ਕਰਜ਼ਾ ਵਧਣ ਦੀ ਸਲਾਨਾ ਦਰ 19867 ਕਰੋੜ ਰੁਪਏ ਸੀ।ਪਰ ਮੌਜੂਦਾ ਸਰਕਾਰ ਦੇ ਤਿੰਨ ਸਾਲਾਂ (2022-2025) ਦੌਰਾਨ ਪ੍ਰਤੀ ਸਾਲ 33721 ਕਰੋੜ ਰੁਪਏ ਦੀ ਦਰ ਦੇ ਹਿਸਾਬ ਨਾਲ ਕਰਜ਼ਾ ਵਧਿਆ। ਕੁਲ ਮਿਲਾ ਕੇ ਪੰਜਾਬ ਦਾ ਵਿੱਤੀ ਸੰਕਟ ਬਹੁਤ ਗੰਭੀਰ ਹੈ।ਜੇਕਰ ਇਹ ਕਹਿ ਲਈਏ ਕਿ ਪੰਜਾਬ ਦੀ ਆਰਥਿਕਤਾ ਆਈ.ਸੀ.ਯੂ. ਵਿਚ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪਰ ਤ੍ਰਾਸਦੀ ਇਹ ਹੈ ਕਿ ਸਰਕਾਰ, ਸਿਆਸਤਦਾਨ, ਅਫਸਰਸ਼ਾਹੀ ਅਤੇ ਲੋਕ ਇਸ ਗੱਲ ਨੂੰ ਮੰਨਣ ਲਈ ਹੀ ਤਿਆਰ ਨਹੀਂ। ਪੰਜਾਬ ਦੀ ਸਰਕਾਰ ਨਾ ਤਾਂ ਇਸ ਸਬੰਧੀ ਕੋਈ ਚਿੰਤਾ ਕਰ ਰਹੀ ਹੈ ਅਤੇ ਨਾ ਹੀ ਉਸ ਪਾਸ ਅਜਿਹੀ ਗੰਭੀਰ ਸਥਿਤੀ ਵਿਚੋਂ ਨਿਕਲਣ ਲਈ ਕੋਈ ਭਵਿੱਖੀ-ਨਕਸ਼ਾ ਹੈ।

ਪੰਜਾਬ ਦੀ ਆਰਥਿਕ ਮੁੜ-ਸੁਰਜੀਤੀ ਲਈ ਸਭ ਤੋਂ ਪਹਿਲੀ ਸ਼ਰਤ ਹੈ ਕਿ ਇਹ ਮੰਨਿਆ ਜਾਵੇ ਕਿ ਪੰਜਾਬ ਦੀ ਆਰਥਿਕਤਾ ਨਾ ਕੇਵਲ ਗੰਭੀਰ ਸੰਕਟ ਦਾ ਸ਼ਿਕਾਰ ਹੈ ਬਲਕਿ ਦਲਦਲ ਵਿਚ ਫਸੀ ਹੋਈ ਹੈ। ਕਾਨੂੰਨ ਪ੍ਰਬੰਧ ਦੇ ਨਾਲ ਨਾਲ ਮੁੜ ਵਿਕਾਸ ਵੱਲ ਰੁਖ



ਕਰਨਾ ਪਵੇਗਾ ਕਿਉਂਕਿ ਵਿਕਾਸ ਤੋਂ ਬਿਨਾਂ ਨਾ ਤਾਂ ਰੁਜ਼ਗਾਰ ਦੇ ਮੌਕੇ ਵਧਣਗੇ ਅਤੇ ਨਾ ਹੀ ਰਾਜ ਦੀ ਆਮਦਨ ਵਧੇਗੀ ਅਤੇ ਨਾ ਹੀ ਜਨਤਕ-ਨਿਵੇਸ਼ ਵਧਾਉਣ ਦੀ ਸਮਰੱਥਾ ਵਧੇਗੀ। ਪੰਜਾਬੀ ਨੌਜੁਆਨਾਂ ਦੇ ਪ੍ਰਵਾਸ ਪਿੱਛੇ ਵੀ ਬੇਰੁਜ਼ਗਾਰੀ ਮੁੱਖ ਕਾਰਨ ਹੈ। ਖੇਤੀ ਦੇ ਵਿਕਾਸ ਦੇ ਨਾਲ ਨਾਲ ਪੇਂਡੂ ਖੇਤਰਾਂ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਗ਼ੈਰ-ਖੇਤੀ ਸੈਕਟਰਾਂ ਨੂੰ ਵੀ ਵਿਕਸਤ ਕਰਨਾ ਹੋਵੇਗਾ। ਨੀਤੀ-ਅਧਰੰਗ ਵਾਲੇ ਜਮੂਦ ਨੂੰ ਤੋੜਨਾ ਹੋਵੇਗਾ ਅਤੇ ਵਿਕਾਸ ਪੱਖੀ ਨੀਤੀਆਂ ਬਣਾ ਕੇ, ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨੀਆਂ ਪੈਣਗੀਆਂ। ਸਾਰੀਆਂ ਸੰਸਥਾਵਾਂ ਨੂੰ ਸਹੀ ਦਿਸ਼ਾ ਵਿਚ ਕਾਰਜਸ਼ੀਲ ਕੀਤਾ ਜਾਵੇ ਅਤੇ ਨਿਵੇਸ਼ ਲਈ ਅਨੁਕੂਲ ਮਾਹੌਲ ਸਥਾਪਤ ਕੀਤਾ ਜਾਵੇ।

ਕੇਂਦਰ ਸਰਕਾਰ ਤੋਂ ਸਪੈਸ਼ਲ ਪੈਕੇਜ ਅਤੇ ਸਪੈਸ਼ਲ ਸਟੇਟਸ (ਖਾਸ ਕਰਕੇ ਬਾਰਡਰ ਅਤੇ ਨੀਮ-ਪਹਾੜੀ ਖੇਤਰਾਂ ਲਈ) ਲੈਣ ਲਈ ਵੀ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਇਕਜੁੱਟ ਹੋ ਕੇ ਬੁਲੰਦ ਆਵਾਜ਼ ਉਠਾਉਣੀ ਚਾਹੀਦੀ ਹੈ। ਵਾਹਗਾ-ਅਟਾਰੀ ਬਾਰਡਰ ਰਾਹੀਂ ਵਪਾਰ ਮੁੜ ਸ਼ੁਰੂ ਕਰਨ ਅਤੇ ਇਸਦਾ ਸਕੇਲ ਵਧਾਉਣ ਲਈ ਵੀ ਕੇਂਦਰ ਸਰਕਾਰ ਉਪਰ ਦਬਾਅ ਬਣਾਉਣ ਦੀ ਲੋੜ ਹੈ। ਦੇਸ਼ ਦੀ ਅਨਾਜ ਲੋੜ, ਕੌਮੀ-ਸੁਰੱਖਿਆ ਅਤੇ ਪੰਜਾਬ ਦੀ ਭੂਗੋਲਿਕ ਸਥਿਤੀ ਦੇ ਮੱਦੇਨਜ਼ਰ ਵੀ ਕੇਂਦਰ ਸਰਕਾਰ ਨੂੰ ਪੰਜਾਬ ਦੇ ਆਰਥਿਕ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਵਿਚਕਾਰ ਤਾਲਮੇਲ ਦਾ ਪੱਧਰ ਵਧਾਉਣ ਦੀ ਵੀ ਲੋੜ ਹੈ। ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਨ੍ਹਾਂ ਦੀ ਹੋਂਦ ਪੰਜਾਬ ਦੀ ਹੋਂਦ ਨਾਲ ਹੀ ਬੱਝੀ ਹੋਈ ਹੈ। ਇਸ ਲਈ ਪਹਿਲਕਦਮੀ ਪੰਜਾਬੀਆਂ ਨੂੰ ਹੀ ਕਰਨੀ ਪਵੇਗੀ। ਪੰਜਾਬ ਨੂੰ ਮੁੜ ਬੁਲੰਦੀਆਂ 'ਤੇ ਪਹੁੰਚਾਉਣਾ ਕਠਿਨ ਭਾਵੇਂ ਲਗਦਾ ਹੈ ਪਰ ਅਸੰਭਵ ਨਹੀਂ।

# ਗੋਆ ਦੀ ਆਜ਼ਾਦੀ ਦਾ ਮਹਾਨ ਸ਼ਹੀਦ : ਕਰਨੈਲ ਸਿੰਘ ਈਸੜੂ

ਮਹਾਨ ਕੁਰਬਾਨੀਆਂ ਅਤੇ ਲੰਬੇ ਸੰਘਰਸ਼ ਪਿੱਛੋਂ ਭਾਵੇਂ 15 ਅਗਸਤ 1947 ਨੂੰ ਭਾਰਤ ਅਜ਼ਾਦ ਹੋ ਗਿਆ, ਪਰ ਇਸੇ ਦੇ ਇਕ ਛੋਟੇ ਜਿਹੇ ਹਿੱਸੇ ਗੋਆ ਉਤੇ ਪੁਰਤਗਾਲ ਦੀ ਗੁਲਾਮੀ ਛਾਈ ਰਹੀ। ਗੋਆ ਵਿਚ ਬੈਠਾ ਵਿਦੇਸ਼ੀ ਸਾਮਰਾਜੀ ਭਾਰਤ ਵਾਸੀਆਂ ਨੂੰ ਚੁਣੌਤੀਆਂ ਦਿੰਦਾ ਰਿਹਾ। ਆਖ਼ਰ ਇਨ੍ਹਾਂ ਚੁਣੌਤੀਆਂ ਨੂੰ ਕਬੂਲ ਕਰਦੇ ਹੋਏ 15 ਅਗਸਤ 1955 ਵਿਚ ਭਾਰਤ ਵਾਸੀਆਂ ਨੇ ਗੋਆ ਨੂੰ ਗ਼ੈਰ-ਮੁਲਕੀ ਹਕੂਮਤ ਤੋਂ ਆਜ਼ਾਦ ਕਰਵਾਉਣ ਲਈ ਇਕ ਸੰਘਰਸ਼ ਸ਼ੁਰੂ ਕੀਤਾ, ਜਿਸ ਵਿਚ ਪੁਰਤਗਾਲ ਸਰਕਾਰ ਦੀ ਸੈਨਾ ਵਲੋਂ ਕੀਤੀ ਗਈ ਅੰਨ੍ਹੇਵਾਹ ਫ਼ਾਇਰਿੰਗ ਵਿਚ ਇਕੋ ਇਕ ਪੰਜਾਬੀ ਨੌਜਵਾਨ ਮਾਸਟਰ ਕਰਨੈਲ ਸਿੰਘ ਈਸੜੂ ਨੇ ਸ਼ਹੀਦੀ ਪ੍ਰਾਪਤ ਕੀਤੀ। ਸ਼ਹੀਦ ਕਰਨੈਲ ਸਿੰਘ 1929 ਨੂੰ ਚੱਕ ਨੰਬਰ-30, ਤਹਿਸੀਲ ਸਮੁੰਦਰੀ, ਜ਼ਿਲ੍ਹਾ ਲਾਇਲਪੁਰ (ਅੱਜ-ਕੱਲ੍ਹ ਪਾਕਿਸਤਾਨ) ਵਿਚ ਪੈਦਾ ਹੋਏ। ਉਨ੍ਹਾਂ ਦੇ ਵੱਡੇ ਭਰਾ ਸ. ਤਖ਼ਤ ਸਿੰਘ ਜ਼ਿਲ੍ਹਾ ਬੋਰਡ ਹਾਈ ਸਕੂਲ ਚੱਕ ਸ਼ੇਰੇ ਵਾਲਾ ਵਿਚ ਮੁੱਖ ਅਧਿਆਪਕ ਲੱਗੇ। ਉਨ੍ਹਾਂ ਦਾ ਦੂਜਾ ਭਰਾ ਹਰਚੰਦ ਸਿੰਘ ਅਤੇ ਮਾਤਾ ਜੀ ਪਾਕਿਸਤਾਨ ਤੋਂ ਆ ਕੇ ਪਿੰਡ ਈਸੜੂ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਵਿਚ ਰਹਿਣ ਲੱਗੇ। ਅੱਠਵੀਂ ਪਾਸ ਕਰਨ ਤੋਂ ਬਾਅਦ ਕਰਨੈਲ ਸਿੰਘ ਵੀ ਉਨ੍ਹਾਂ ਦੇ ਕੋਲ ਪਿੰਡ ਈਸੜੂ ਹੀ ਆ ਗਏ ਅਤੇ ਗੁਰੂ ਗੋਬਿੰਦ ਸਿੰਘ ਹਾਈ ਸਕੂਲ ਖੰਨਾ ਵਿਚ ਦਾਖ਼ਲ ਹੋ ਗਏ, ਜਿੱਥੇ ਉਨ੍ਹਾਂ ਨੇ ਮੈਟ੍ਰਿਕ ਪਹਿਲੇ ਦਰਜੇ ਵਿਚ ਪਾਸ ਕੀਤੀ।

ਪੜ੍ਹਾਈ ਦੌਰਾਨ ਉਨ੍ਹਾਂ ਨੂੰ ਆਪਣੇ ਭਰਾ ਤਖ਼ਤ ਸਿੰਘ, ਜੋ ਕਿ ਇਕ ਤਰੱਕੀ-ਪਸੰਦ ਸ਼ਾਇਰ ਵੀ ਸਨ, ਦੀਆਂ ਉਰਦੂ ਵਿਚ ਲਿਖੀਆਂ ਹੋਈਆਂ ਨਜ਼ਮਾਂ ਪੜ੍ਹਨ ਦਾ ਬਹੁਤ ਸ਼ੌਕ ਸੀ। ਇਸ ਕਿਸਮ ਦੀਆਂ ਨਜ਼ਮਾਂ ਉਹ ਸਕੂਲ ਦੇ ਹਰ ਸਮਾਗਮ 'ਚ ਪੜ੍ਹਦੇ। ਇਸ ਤੋਂ ਉਨ੍ਹਾਂ ਦਾ ਰੁਝਾਨ ਰਾਜਨੀਤੀ ਵੱਲ ਹੋ ਗਿਆ ਅਤੇ ਉਹ ਸਟੂਡੈਂਟਸ ਫ਼ੈਡਰੇਸ਼ਨ ਦੇ ਮੈਂਬਰ ਬਣ ਗਏ। ਉਨ੍ਹਾਂ ਦਿਨਾ ਵਿਚ ਖੰਨਾ ਦੇ ਸਕੂਲ ਵਿਚ ਫ਼ੀਸਾਂ ਵਧਾਉਣ ਕਾਰਨ ਸਰਕਾਰ ਦੇ ਵਿਰੁੱਧ ਸੰਘਰਸ਼ ਹੋ ਗਿਆ ਤੇ ਕਰਨੈਲ ਸਿੰਘ ਜਥੇਬੰਦੀ ਪ੍ਰਧਾਨ ਚੁਣੇ ਗਏ।

ਗ਼ਰੀਬੀ ਦੇ ਕਾਰਨ ਉਹ ਕਾਲਜ ਵਿਚ ਦਾਖ਼ਲ ਨਾ ਹੋ ਸਕੇ। ਉਨ੍ਹਾਂ ਨੇ ਇਕ ਲਾਇਬ੍ਰੇਰੀ ਪਬਲਿਕ ਸਕੂਲ ਲਈ ਖੋਲ੍ਹੀ, ਜਿਸ ਦੇ ਪ੍ਰਧਾਨ ਉਹ ਆਪ ਹੀ ਬਣੇ ਅਤੇ ਪ੍ਰਾਈਵੇਟ ਤੌਰ ਤੇ ਐਫ਼.ਏ. ਪਾਸ ਕੀਤੀ। ਆਪਣੇ ਵੱਡੇ ਭਰਾ ਦੇ ਕਹਿਣ 'ਤੇ ਉਨ੍ਹਾਂ ਨੇ ਐਮਰਜੈਂਸੀ ਬੇਸਿਕ ਟਰੇਨਿੰਗ ਹਾਸਲ ਕੀਤੀ ਅਤੇ



ਖੰਨਾ ਨੇੜੇ ਪਿੰਡ ਬੰਬਾਂ ਵਿਚ ਅਧਿਆਪਕ ਲੱਗ ਗਏ। ਨੌਕਰੀ ਦੌਰਾਨ ਵੀ ਉਨ੍ਹਾਂ ਦਾ ਧਿਆਨ ਜ਼ਿਆਦਾਤਰ ਰਾਜਨੀਤੀ ਵੱਲ ਹੀ ਰਹਿੰਦਾ। ਅਗਸਤ 1955 ਵਿਚ ਉਹ ਆਪਣਾ ਆਖ਼ਰੀ ਸਾਲ ਦਾ ਐਮਰਜੈਂਸੀ ਬੇਸਿਕ ਟਰੇਨਿੰਗ ਕੋਰਸ ਕਰਨ ਜਰਗ ਚਲੇ ਗਏ ਸਨ। ਉਦੋਂ ਹੀ ਗੋਆ ਨੂੰ ਪੁਰਤਗਾਲੀ ਸਾਮਰਾਜ ਤੋਂ ਛੁਡਵਾਉਣ ਲਈ ਸੰਘਰਸ਼ ਸ਼ੁਰੂ ਹੋ ਗਿਆ। ਉਨ੍ਹਾਂ ਦੇ ਦਿਲ ਵਿਚ ਵੀ ਗੋਆ ਦੇ ਸੱਤਿਆਗ੍ਰਹਿ ਵਿਚ ਸ਼ਾਮਲ ਹੋਣ ਦਾ ਸ਼ੌਕ ਪੈਦਾ ਹੋਇਆ। ਉਨ੍ਹਾਂ ਨੇ ਘਰ ਦੇ ਮੈਂਬਰਾਂ ਤੋਂ ਇਜਾਜ਼ਤ ਲਏ ਬਗ਼ੈਰ ਹੀ ਆ ਕੇ ਆਪਣੇ ਵੱਡੇ ਭਰਾ ਸ. ਤਖ਼ਤ ਸਿੰਘ ਨੂੰ ਇਕ ਪੋਸਟ ਕਾਰਡ ਲਿਖਿਆ, ਜਿਸ ਵਿਚ ਉਨ੍ਹਾਂ ਨੇ ਲਿਖਿਆ ਕਿ ਮੈਂ ਲੁਧਿਆਣਾ ਤੋਂ ਆਪ ਜੀ ਨੂੰ ਇਹ ਪੋਸਟ ਕਾਰਡ ਇਸ ਲਈ ਪਾਇਆ ਹੈ ਕਿ ਇਹ ਕਾਰਡ ਆਪ ਨੂੰ ਉਸ ਵਕਤ ਮਿਲੇਗਾ, ਜਦੋਂ ਮੈਂ ਲੁਧਿਆਣਾ ਤੋਂ ਚੱਲ ਚੁੱਕਾ ਹੋਵਾਂਗਾ, ਫਿਰ ਮੈਨੂੰ ਵੱਡੇ ਭਰਾ ਜੀ ਗੋਆ ਜਾਣ ਤੋਂ ਰੋਕ ਨਹੀਂ ਸਕਣਗੇ।

ਗੋਆ ਪੁੱਜ ਕੇ ਜਦੋਂ ਦੇਸ਼ ਦੇ ਮਰਜੀਵੜਿਆਂ ਦੀ ਭਾਰੀ ਭੀੜ ਨੇ ਪੁਰਤਗਾਲੀਆਂ ਨੂੰ ਉਥੋਂ ਭਜਾ ਦਿੱਤਾ ਅਤੇ ਇਸੇ ਦੌਰਾਨ ਕਰਨੈਲ ਸਿੰਘ ਉਥੇ ਜਦੋਂ ਤਿਰੰਗਾ ਝੰਡਾ ਝੁਲਾਉਣ ਲਈ ਮਿਨਾਰ ਤੇ ਚੜ੍ਹੇ ਤਾਂ ਕਿਸੇ ਛੁਪੇ ਹੋਏ ਪੁਰਤਗਾਲੀ ਨੇ ਅੰਨ੍ਹੇਵਾਹ ਫ਼ਾਇਰਿੰਗ ਕਰ ਦਿੱਤੀ, ਜਿਸ ਦੇ ਸਿੱਟੇ ਵਜੋਂ ਕਰਨੈਲ ਸਿੰਘ ਮੌਕੇ 'ਤੇ ਹੀ ਸ਼ਹੀਦ ਹੋ ਗਏ ਅਤੇ ਪੰਜਾਬ ਦੀ ਧਰਤੀ ਨੂੰ ਆਪਣਾ ਸਿਰ ਉੱਚਾ ਕਰਨ ਦਾ ਮੌਕਾ ਦੇ ਗਏ। ਉਨ੍ਹਾਂ ਦੀ ਯਾਦ ਵਿਚ ਹਰ ਵਰ੍ਹੇ ਪਿੰਡ ਈਸੜੂ ਜੋ ਖੰਨਾ ਤੋਂ ਮਲੇਰਕੋਟਲਾ ਸੜਕ ਉੱਤੇ 12 ਕਿਲੋਮੀਟਰ ਦੀ ਦੂਰੀ 'ਤੇ ਹੈ, ਵਿਖੇ ਸ਼ਹੀਦ ਦੀ ਸਮਾਧੀ ਬਣੀ ਹੋਈ ਹੈ ਅਤੇ ਉਨ੍ਹਾਂ ਦਾ ਆਦਮ ਕੱਦ ਬੁੱਤ ਵੀ ਲੱਗਾ ਹੋਇਆ ਹੈ। ਪਿੰਡ ਵਾਸੀਆਂ ਵਲੋਂ ਸ਼ਹੀਦ ਕਰਨੈਲ ਸਿੰਘ ਮੈਮੋਰੀਅਲ ਟੂਰਨਾਮੈਂਟ ਕਮੇਟੀ ਬਣਾਈ ਗਈ ਹੈ ਜੋ ਹਰ ਸਾਲ ਟੂਰਨਾਮੈਂਟ ਕਰਵਾਉਂਦੀ ਹੈ। ਇਸ ਤੋਂ ਇਲਾਵਾ ਸ਼ਹੀਦ ਦੇ ਨਾਂਅ ਤੇ ਪਿੰਡ ਵਿਚ ਹੀ ਇਕ ਲਾਇਬ੍ਰੇਰੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵੀ ਬਣਾਇਆ ਗਿਆ ਹੈ। ਇਥੇ ਇਕ ਖੇਡ ਸਟੇਡੀਅਮ ਅਤੇ ਖੰਨਾ ਵਿਖੇ ਇਕ ਬਾਜ਼ਾਰ ਦਾ ਨਾਂਅ ਵੀ ਸ਼ਹੀਦ ਕਰਨੈਲ ਸਿੰਘ ਦੇ ਨਾਂਅ 'ਤੇ ਰੱਖਿਆ ਗਿਆ ਹੈ। ਇਸੇ ਤਰ੍ਹਾਂ ਗੋਆ ਵਿਚ ਵੀ ਸ਼ਹੀਦ ਦੀ ਯਾਦਗਾਰ ਬਣੀ ਹੋਈ ਹੈ। ਸ਼ਹੀਦ ਕਰਨੈਲ ਸਿੰਘ ਦੀ ਯਾਦ ਵਿਚ ਈਸੜੂ ਵਿਖੇ ਹਰ ਵਰ੍ਹੇ ਭਾਰੀ ਸ਼ਹੀਦੀ ਜੋੜ ਮੇਲਾ ਲਗਦਾ ਹੈ ਜਿੱਥੇ ਪੰਜਾਬ ਭਰ ਤੋਂ ਹਜ਼ਾਰਾਂ ਲੋਕ ਪੁੱਜਦੇ ਹਨ।







# ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖਿ ਜਾਇ

ਗੁਰਪ੍ਰੀਤ ਸਿੰਘ ਨਿਆਮੀਆਂ

*ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਬਣੇ ਸਰੋਵਰ ਵਾਲੀ ਥਾਂ 'ਤੇ ਮੌਜੂਦ ਛੱਪੜ ਵਿਚ ਆਪਣੇ ਪਵਿੱਤਰ ਚਰਨ ਪਾਏ ਅਤੇ ਦੁਖੀਆਂ ਬੀਮਾਰਾਂ ਨੂੰ ਉੱਥੇ ਇਸ਼ਨਾਨ ਕਰਨ ਲਈ ਕਿਹਾ। ਜੋ ਵੀ ਉੱਥੇ ਇਸ਼ਨਾਨ ਕਰਦਾ ਉਹ ਠੀਕ ਹੋ ਜਾਂਦਾ। ਇਸੇ ਤਰ੍ਹਾਂ ਗੁਰੂ ਜੀ ਦਿੱਲੀ ਵਿਖੇ ਦੁਖੀਆਂ ਤੇ ਲਾਚਾਰਾਂ ਦੀ ਹੱਥੀਂ ਸੇਵਾ ਕਰਦੇ ਰਹੇ ਤੇ ਲੱਖਾਂ ਹੀ ਲੋਕਾਂ ਨੂੰ ਤੰਦਰੁਸਤ ਕੀਤਾ।*

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਸਿੱਖਾਂ ਦੇ ਅੱਠਵੇਂ ਗੁਰੂ ਹਨ। ਗੁਰੂ ਹਰਿ ਰਾਇ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰੂ ਨਾਨਕ ਦੀ ਗੁਰਤਾਗੱਦੀ ਦਾ ਅਗਲਾ ਵਾਰਸ ਐਲਾਨ ਦਿੱਤਾ ਸੀ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਦੂਸਰੇ ਪੁੱਤਰ ਸਨ। ਪਹਿਲਾ ਪੁੱਤਰ ਰਾਮ ਰਾਇ ਗੁਰੂ ਮਰਿਆਦਾ ਤੋਂ ਥਿੜਕ ਗਿਆ ਸੀ ਅਤੇ ਉਸ ਨੇ ਗੁਰਬਾਣੀ ਦੀ ਤੁਕ ਨਿੱਜੀ ਸੁਆਰਥ ਲਈ ਅਤੇ ਔਰੰਗਜ਼ੇਬ ਨੂੰ ਖ਼ੁਸ਼ ਕਰਨ ਲਈ ਬਦਲ ਦਿੱਤੀ ਸੀ। ਜਿਸ ਤੋਂ ਨਾਰਾਜ਼ਗੀ ਜ਼ਾਹਿਰ ਕਰਦਿਆਂ ਗੁਰੂ ਹਰਿ ਰਾਇ ਸਾਹਿਬ ਨੇ ਉਸ ਨੂੰ ਸਿੱਖੀ ਵਿਚੋਂ ਸਦਾ ਲਈ ਖਾਰਜ ਕਰ ਦਿੱਤਾ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਜੁਲਾਈ ਮਹੀਨੇ 1656 ਈਸਵੀ (ਬਿਕਰਮੀ ਸੰਮਤ 1713), ਸਾਵਣ ਵਦੀ 10 ਅਤੇ 8 ਸਾਵਣ ਨੂੰ ਕੀਰਤਪੁਰ ਸਾਹਿਬ ਵਿਖੇ ਗੁਰੂ ਹਰਿ ਰਾਇ ਸਾਹਿਬ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ (ਜਿਨ੍ਹਾਂ ਨੂੰ ਸੁਲੱਖਣੀ ਜੀ ਵੀ ਕਿਹਾ ਜਾਂਦਾ ਹੈ), ਦੇ ਉਦਰ ਤੋਂ ਹੋਇਆ। ਦੁਨਿਆਵੀ ਤੌਰ 'ਤੇ ਆਪ ਜੀ ਦੀ ਉਮਰ ਉਸ ਵੇਲੇ ਕੇਵਲ ਪੰਜ ਕੁ ਸਾਲ ਦੀ ਸੀ ਜਦੋਂ ਉਨ੍ਹਾਂ ਨੂੰ ਗੁਰੂ ਐਲਾਨ ਦਿੱਤਾ ਗਿਆ ਪਰੰਤੂ ਆਤਮਿਕ ਅਵਸਥਾ ਬਹੁਤ ਉੱਚੀ ਸੀ ਕਿਉਂਕਿ ਜੋਤ ਤਾਂ ਗੁਰੂ ਨਾਨਕ ਦੇਵ ਜੀ ਦੀ ਹੀ ਸੀ। ਗੁਰੂ ਸਾਹਿਬ ਜੀ ਨਾਲ ਕਈ ਕਰਾਮਾਤਾਂ ਵੀ ਜੁੜੀਆਂ ਹੋਈਆਂ ਹਨ।

ਜਦੋਂ ਗੁਰੂ ਹਰਿ ਰਾਇ ਸਾਹਿਬ ਜੀ ਨੇ ਬਾਬਾ ਰਾਮ ਰਾਇ ਨੂੰ ਸਿੱਖੀ ਵਿਚੋਂ ਖਾਰਜ ਕਰ ਦਿੱਤਾ ਅਤੇ ਉਨ੍ਹਾਂ ਨੂੰ ਕਹਿ ਦਿੱਤਾ ਕਿ ਉਹ ਦੁਬਾਰਾ ਗੁਰੂ ਸਾਹਿਬ ਦੇ ਮੱਥੇ ਨਾ ਲੱਗਣ ਤਾਂ ਰਾਮਰਾਇ ਦੇਹਰਾਦੂਨ ਚਲਾ ਗਿਆ। ਜਿੱਥੇ ਕਿ ਔਰੰਗਜ਼ੇਬ ਨੇ ਉਨ੍ਹਾਂ ਨੂੰ ਜਗੀਰ ਬਖ਼ਸ਼ ਦਿੱਤੀ। ਦੇਹਰਾਦੂਨ ਦੀਆਂ ਖੁੱਲ੍ਹੀਆਂ ਆਬਾਦੀਆਂ ਵਿਚ ਰਾਮ ਰਾਇ ਜੀ ਨੇ ਆਪਣਾ ਡੇਰਾ ਬਣਾ ਲਿਆ ਪ੍ਰੰਤੂ ਮਨ ਦੇ ਵਿਚ ਇਸ ਗੱਲ ਪ੍ਰਤੀ ਰੋਸ ਸੀ ਕਿ ਗੁਰਗੱਦੀ ਉਨ੍ਹਾਂ ਨੂੰ ਕਿਉਂ ਨਹੀਂ ਦਿੱਤੀ ਗਈ। ਇਸ ਲਈ ਉਨ੍ਹਾਂ ਨੇ ਆਪਣੇ ਭਰਾ ਦੇ ਵਿਰੁੱਧ ਬਾਦਸ਼ਾਹ ਔਰੰਗਜ਼ੇਬ ਕੋਲ ਸ਼ਿਕਾਇਤ ਵੀ ਕੀਤੀ। ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਬਾਰੇ ਕਾਫੀ ਸੁਣ ਰੱਖਿਆ ਸੀ।

ਔਰੰਗਜ਼ੇਬ ਗੁਰੂ ਸਾਹਿਬ ਜੀ ਦੀ ਵਧਦੀ ਜਾ ਰਹੀ ਲੋਕਪ੍ਰਿਅਤਾ ਤੋਂ ਕਾਫ਼ੀ ਚਿੰਤਿਤ ਸੀ ਇਸ ਲਈ ਉਸ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦਿੱਲੀ ਬੁਲਾਵਾ ਭੇਜਿਆ। ਵੈਸੇ ਔਰੰਗਜ਼ੇਬ ਨੂੰ ਇਸ ਗੱਲ ਦਾ ਪਤਾ ਸੀ ਕਿ ਗੁਰੂ ਜੀ ਉਨ੍ਹਾਂ ਦੇ ਬੁਲਾਵੇ 'ਤੇ ਨਹੀਂ ਆਉਣਗੇ ਇਸ ਲਈ ਔਰੰਗਜ਼ੇਬ ਨੇ ਅੰਬੇਰ ਦੇ ਰਾਜਾ ਜੈ ਸਿੰਘ ਨੂੰ ਇਹ ਕੰਮ ਸੌਂਪਿਆ ਕਿ ਉਹ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਵਿਖੇ ਲੈ ਕੇ ਆਉਣ। ਜਦੋਂ ਰਾਜਾ ਜੈ ਸਿੰਘ ਦਾ ਇਕ ਦੂਤ ਗੁਰੂ ਸਾਹਿਬ ਜੀ ਕੋਲ ਇਹ ਸੁਨੇਹਾ ਲੈ ਕੇ ਪੁੱਜਾ ਤਾਂ ਇੱਕ ਵਾਰ ਤਾਂ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਅਸਲ ਵਿਚ ਗੁਰੂ ਹਰਿ ਰਾਇ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਗੱਦੀ ਦੇਣ ਸਮੇਂ ਇਹ ਤਾਕੀਦ ਕੀਤੀ ਸੀ ਕਿ ਔਰੰਗਜ਼ੇਬ ਜੇਕਰ ਦਿੱਲੀ ਬੁਲਾਵੇ ਤਾਂ ਬਿਲਕੁਲ ਵੀ ਉਸ ਦੇ ਮੱਥੇ ਨਹੀਂ ਲੱਗਣਾ।

ਇਸੇ ਗੱਲ ਨੂੰ ਜ਼ਿਹਨ ਵਿਚ ਰੱਖਦਿਆਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਦਿੱਲੀ ਜਾਣ ਤੋਂ ਇਨਕਾਰ ਕਰ ਦਿੱਤਾ ਪਰ ਰਾਜਾ ਜੈ ਸਿੰਘ ਵੱਲੋਂ ਵਾਰ ਵਾਰ ਆ ਰਹੀਆਂ ਬੇਨਤੀਆਂ ਅਤੇ ਦਿੱਲੀ ਦੀ ਸੰਗਤ ਦੇ ਸਤਿਕਾਰ ਨੂੰ ਵੇਖਦਿਆਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਦਿੱਲੀ ਜਾਣ ਦਾ ਫ਼ੈਸਲਾ ਕਰ ਲਿਆ। ਨਾਲ ਹੀ ਕਿਹਾ ਕਿ ਉਹ ਦਿੱਲੀ ਤਾਂ ਜਾਣਗੇ ਪਰ 'ਨਹਿ ਮਲੇਛ ਕੋ ਦਰਸ਼ਨ ਦੇ ਹੈਂ। ਨਹਿ ਮਲੇਛ ਕਾ ਦਰਸ਼ਨ ਲੈ ਹੈਂ।' ਕਿ ਨਾ ਤਾਂ ਉਹ ਔਰੰਗਜ਼ੇਬ ਦੇ ਮੱਥੇ ਲੱਗੇ ਤੇ ਨਾ ਹੀ ਉਸ ਨੂੰ ਦਰਸ਼ਨ ਦੇਣਗੇ। ਇਹ ਕਹਿੰਦੇ ਹੋਏ ਗੁਰੂ ਸਾਹਿਬ ਰੋਪੜ, ਬਨੂੜ, ਪੰਜੋਖਰਾ ਸਾਹਿਬ (ਅੰਬਾਲਾ) ਆਦਿ ਥਾਵਾਂ ਨੂੰ ਹੁੰਦੇ ਹੋਏ ਦਿੱਲੀ ਵੱਲ ਰਵਾਨਾ ਹੋ ਗਏ।

ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਅੰਬਾਲਾ ਦੇ ਨੇੜੇ ਪੰਜੋਖਰਾ ਸਾਹਿਬ ਪਿੰਡ ਵਿਚ ਪਹੁੰਚੇ ਤਾਂ ਉਥੇ ਪੇਸ਼ਾਵਰ, ਕਾਬੁਲ ਅਤੇ ਕਸ਼ਮੀਰ ਤੋਂ ਵੱਡੀ ਗਿਣਤੀ ਵਿਚ ਸੰਗਤ ਔਗਿਓਂ ਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਵਿਚ ਆਈ ਹੋਈ ਸੀ। ਸੰਗਤ ਨੇ ਗੁਰੂ ਜੀ ਨੂੰ ਇੱਕ ਰਾਤ ਇੱਥੇ ਹੀ ਰੁਕਣ ਲਈ ਬੇਨਤੀ ਕੀਤੀ ਤਾਂ ਇਹ ਬੇਨਤੀ ਸਵੀਕਾਰ ਹੋ ਗਈ। ਗੁਰੂ ਸਾਹਿਬ ਜੀ ਦਾ ਸ਼ਾਹੀ ਸਤਿਕਾਰ ਅਤੇ ਠਾਠ ਬਾਠ ਵੇਖ ਕੇ ਪੰਜੋਖਰੇ ਦਾ ਹੀ ਇਕ ਨਿਵਾਸੀ ਪੰਡਤ ਲਾਲ ਚੰਦ ਮਨ ਹੀ ਮਨ ਵਿਚ ਬਹੁਤ ਕ੍ਰੋਧਿਤ ਹੋਇਆ। ਉਹ ਈਰਖਾ ਦੀ ਅੱਗ ਵਿਚ ਸੜਨ ਲੱਗਾ।

ਉਸ ਨੇ ਪੁੱਛਿਆ ਕਿ ਇਸ ਬਾਲਕ ਦਾ ਨਾਂ ਕੀ ਹੈ ਤਾਂ ਸੰਗਤਾਂ ਨੇ ਦੱਸਿਆ ਕਿ ਇਹ ਬਾਲਕ ਨਹੀਂ ਸਗੋਂ ਸਿੱਖਾਂ ਦੇ ਅੱਠਵੇਂ ਗੁਰੂ ਹਨ। ਇਨ੍ਹਾਂ ਦਾ ਨਾਂ ਸ੍ਰੀ ਗੁਰੂ

ਹਰਿਕ੍ਰਿਸ਼ਨ ਸਾਹਿਬ ਹੈ।ਪੰਡਤ ਲਾਲ ਚੰਦ ਗੁੱਸੇ ਵਿਚ ਅੱਗ ਬਬੂਲਾ ਹੋਇਆ ਕਹਿਣ ਲੱਗਾ ਕਿ ਸਾਡੇ ਕ੍ਰਿਸ਼ਨ ਭਗਵਾਨ ਨੇ ਗੀਤਾਂ ਦੀ ਰਚਨਾ ਕੀਤੀ ਸੀ ਪ੍ਰੰਤੂ ਇਹ ਕੱਲ੍ਹ ਦਾ ਬੱਚਾ ਆਪਣਾ ਨਾਂ ਹਰਿਕ੍ਰਿਸ਼ਨ ਰਖਵਾਈ ਬੈਠਾ ਹੈ।ਉਹ ਗੁਰੂ ਸਾਹਿਬ ਜੀ ਦੇ ਕੋਲ ਆ ਗਿਆ।ਗੁਰੂ ਸਾਹਿਬ ਜੀ ਉਸ ਦੇ ਮਨ ਦੀ ਗੱਲ ਬੁੱਝ ਗਏ ਅਤੇ ਉਸਦਾ ਨਾਂ ਲੈ ਕੇ ਬੁਲਾਇਆ ਕਿ ਆਓ ਲਾਲ ਚੰਦ ਜੀ ਬੈਠੋ।

ਉਸ ਨੇ ਗੁਰੂ ਜੀ ਅੱਗੇ ਸ਼ੰਕਾ ਪ੍ਰਗਟ ਕੀਤੀ ਕਿ ਕੀ ਉਹ ਗੀਤਾ ਦੇ ਅਰਥ ਕਰਕੇ ਸੁਣਾ ਸਕਦੇ ਹਨ।ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਕਿਹਾ ਕਿ ਆਪਣੇ ਪਿੰਡ ਵਿਚੋਂ ਕਿਸੇ ਵੀ ਵਿਅਕਤੀ ਨੂੰ ਲੈ ਆਓ, ਉਸ ਦੇ ਕੋਲੋਂ ਹੀ ਗੀਤਾ ਦੇ ਅਰਥ ਕਰਵਾ ਦਿਆਂਗੇ।ਉਸ ਪਿੰਡ ਵਿਚ ਛੱਜੂ ਨਾਂ ਦਾ ਇੱਕ ਗੂੰਗਾ ਵਿਅਕਤੀ ਰਹਿੰਦਾ ਸੀ ।ਲਾਲ ਚੰਦ ਛੱਜੂ ਜੀ ਨੂੰ ਗੁਰੂ ਜੀ ਦੇ ਅੱਗੇ ਲੈ ਆਏ।ਉਸ ਨੂੰ ਪਤਾ ਸੀ ਕਿ ਇਹ ਨਾ ਬੋਲ ਸਕਦਾ ਹੈ ਤੇ ਨਾ ਇਸ ਨੂੰ ਸੁਣਦਾ ਹੈ ਪਰ ਫਿਰ ਵੀ ਉਹ ਛੱਜੂ ਨੂੰ ਗੁਰੂ ਜੀ ਦੇ ਕੋਲ ਲੈ ਆਏ ਤਾਂ ਜੋ ਗੁਰੂ ਜੀ ਦੀ ਪਰਖ ਕਰ ਸਕੇ।ਗੁਰੂ ਜੀ ਨੇ ਛੱਜੂ ਨੂੰ ਨੇੜੇ ਹੀ ਇਕ ਛੱਪੜ ਵਿਚ ਇਸ਼ਨਾਨ ਕਰਵਾ ਕੇ ਸਵੱਛ ਬਸਤਰ ਪਹਿਨਾ ਕੇ ਉਸ ਨੂੰ ਆਪਣੇ ਕੋਲ ਬਿਠਾ ਲਿਆ।

ਫਿਰ ਆਪਣੇ ਹੱਥ ਵਿਚ ਫੜੀ ਹੋਈ ਛੜੀ ਛੱਜੂ ਦੇ ਸਿਰ 'ਤੇ ਰੱਖ ਦਿੱਤੀ ਅਤੇ ਪੰਡਤ ਲਾਲ ਚੰਦ ਨੂੰ ਗੀਤਾ ਦਾ ਕੋਈ ਸ਼ਲੋਕ ਬੋਲਣ ਲਈ ਕਿਹਾ। ਇਸ ਵੇਲੇ ਤਕ ਆਸ ਪਾਸ ਦੇ ਪਿੰਡਾਂ ਤੋਂ ਵੀ ਵੱਡੀ ਗਿਣਤੀ ਵਿਚ ਸੰਗਤ ਇੱਥੇ ਇਕੱਠੀ ਹੋ ਚੁੱਕੀ ਸੀ। ਜਦੋਂ ਪੰਡਤ ਲਾਲ ਚੰਦ ਨੇ ਸ਼ਲੋਕ ਉਚਾਰਨ ਕੀਤਾ ਤਾਂ ਉਸਨੇ ਸਲੋਕ ਹੀ ਗਲਤ ਪੜ੍ਹ ਦਿੱਤਾ।ਛੱਜੂ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਕਿਹਾ ਪੰਡਤ ਜੀ ਤੁਸੀਂ ਤਾਂ ਸਲੋਕ ਹੀ ਗ਼ਲਤ ਪੜ੍ਹ ਰਹੇ ਹੋ।ਅਸਲੀ ਸ਼ਲੋਕ ਇਹ ਹੈ ਅਤੇ ਇਸ ਦਾ ਅਰਥ ਇਹ ਹੈ।ਜਦੋਂ ਦੋ ਤਿੰਨ ਵਾਰ ਅਜਿਹਾ ਹੀ ਵਾਪਰਿਆ ਤਾਂ ਪੰਡਤ ਲਾਲ ਚੰਦ ਜੀ ਦਾ ਹੰਕਾਰ ਚਕਨਾਚੂਰ ਹੋ ਗਿਆ ਅਤੇ ਉਹ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ।

ਪੰਡਤ ਲਾਲ ਚੰਦ ਜੀ ਅਤੇ ਬੇਅੰਤ ਸੰਗਤਾਂ ਨੂੰ ਤਾਰਦੇ ਹੋਏ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਲਈ ਰਵਾਨਾ ਹੋ ਗਏ।ਦਿੱਲੀ ਜਾ ਕੇ ਉਨ੍ਹਾਂ ਨੇ ਰਾਜਾ ਜੈ ਸਿੰਘ ਦੇ ਮਹਿਲ ਵਿਚ ਠਹਿਰਨਾ ਸਵੀਕਾਰ ਕੀਤਾ।ਔਰੰਗਜ਼ੇਬ ਨੇ ਕਈ ਸੁਨੇਹੇ ਭੇਜੇ ਪਰ ਗੁਰੂ ਜੀ ਨੇ ਜਾਣ ਤੋਂ ਇਨਕਾਰ ਕਰ ਦਿੱਤਾ।ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਔਰੰਗਜ਼ੇਬ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਰਸ਼ਨਾਂ ਲਈ ਰਾਜਾ ਜੈ ਸਿੰਘ ਦੇ ਮਹਿਲ ਦੇ ਬਾਹਰ ਕਾਫੀ ਚਿਰ ਖਲੋਤਾ ਰਿਹਾ ਪਰ ਗੁਰੂ ਜੀ ਨੇ ਉਸ ਨੂੰ ਬੇਰੰਗ ਮੋੜ ਦਿੱਤਾ।

ਇਸੇ ਦੌਰਾਨ ਦਿੱਲੀ ਵਿਖੇ ਚੇਚਕ ਅਤੇ ਹੈਜ਼ੇ ਦੀ ਬਿਮਾਰੀ ਫੈਲ ਗਈ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਬਣੇ ਸਰੋਵਰ ਵਾਲੀ ਥਾਂ 'ਤੇ ਮੌਜੂਦ ਛੱਪੜ ਵਿਚ ਆਪਣੇ ਪਵਿੱਤਰ ਚਰਨ ਧੋਤੇ ਅਤੇ ਦੁਖੀਆਂ ਬੀਮਾਰਾਂ ਨੂੰ ਉੱਥੇ ਇਸ਼ਨਾਨ ਕਰਨ ਲਈ ਕਿਹਾ। ਜੋ ਵੀ ਉੱਥੇ ਇਸ਼ਨਾਨ ਕਰਦਾ ਉਹ ਠੀਕ ਹੋ ਜਾਂਦਾ।ਇਸੇ ਤਰ੍ਹਾਂ ਗੁਰੂ ਜੀ ਦਿੱਲੀ ਵਿਖੇ ਦੁਖੀਆਂ ਤੇ ਲਾਚਾਰਾਂ ਦੀ ਹੱਥੀਂ ਸੇਵਾ ਕਰਦੇ ਰਹੇ ਤੇ ਲੱਖਾਂ ਹੀ ਲੋਕਾਂ ਨੂੰ ਤੰਦਰੁਸਤ ਕੀਤਾ।ਬਾਅਦ ਵਿਚ ਗੁਰੂ ਜੀ ਨੂੰ ਵੀ ਚੇਚਕ ਦੀ ਬਿਮਾਰੀ ਹੋ ਗਈ ਪਰ ਫਿਰ ਵੀ ਗੁਰੂ ਜੀ ਮਹਿਲ ਦੇ ਉੱਤੇ ਇਕ ਛੱਜੇ ਵਿਚ ਬੈਠ ਜਾਂਦੇ ਜਿੱਥੋਂ ਸਵੇਰੇ ਸੰਗਤਾਂ ਉਨ੍ਹਾਂ ਦੇ ਦਰਸ਼ਨ ਕਰਦੀਆਂ ਅਤੇ ਨਿਰੋਗ ਹੋ ਕੇ ਜਾਂਦੀਆਂ। ਅਖ਼ੀਰ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ 16 ਅਪ੍ਰੈਲ 1664 ਈਸਵੀ ਨੂੰ ਜੋਤੀ ਜੋਤ ਸਮਾ ਗਏ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪਵਿੱਤਰ ਸਰੀਰ ਦਾ ਸਸਕਾਰ ਉਸ ਥਾਂ 'ਤੇ ਕੀਤਾ ਗਿਆ ਜਿੱਥੇ ਗੁਰਦੁਆਰਾ ਬਾਲਾ ਜੀ ਸਾਹਿਬ ਸਥਿਤ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀਆਂ ਪਵਿੱਤਰ ਅਸਥੀਆਂ ਕੀਰਤਪੁਰ ਸਾਹਿਬ ਵਿਖੇ ਲਿਆਂਦੀਆਂ ਗਈਆਂ ਜੋ ਕਿ ਹੁਣ ਵੀ ਗੁਰਦੁਆਰਾ ਪਤਾਲਪੁਰੀ ਸਾਹਿਬ ਵਿਖੇ ਸੁਸ਼ੋਭਿਤ ਹਨ।ਗੁਰੂ ਗੋਬਿੰਦ ਸਿੰਘ ਜੀ ਨੇ ਆਪ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਫੁਰਮਾਇਆ ਹੈ, 'ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ।

# ਹੰਕਾਰ ਤੋਂ ਮੁਕਤੀ

**ਮੁਕੇਸ਼ ਰਿਸ਼ੀ**

ਮਨੁੱਖ ਦਾ ਅਸਲ ਸਰੂਪ ਉਸ ਦੀ ਬਾਹਰਲੀ ਦਿੱਖ ਤੋਂ ਨਹੀਂ, ਬਲਕਿ ਉਸ ਦੀ ਬਿਰਤੀ ਤੋਂ ਪ੍ਰਗਟ ਹੁੰਦਾ ਹੈ। ਗੀਤਾ ਵਿਚ ਭਗਵਾਨ ਸ੍ਰੀਕ੍ਰਿਸ਼ਨ ਨੇ ਕਿਹਾ ਹੈ ਕਿ ਦਾਨਵੀ ਬਿਰਤੀ ਦਾ ਮੂਲ ਕਾਰਨ ਹੰਕਾਰ, ਅਸੀਮ ਕਾਮਨਾਵਾਂ, ਕਰੋਧ ਅਤੇ ਸਵਾਰਥ ਹੈ। ਅਜਿਹਾ ਵਿਅਕਤੀ ਕਰਮ-ਫਲ ਦੇ ਪੱਕੇ ਸਿਧਾਂਤ ਅਤੇ ਈਸ਼ਵਰ ਦੀ ਵਿਵਸਥਾ 'ਤੇ ਭਰੋਸਾ ਨਹੀਂ ਕਰਦਾ। ਉਹ ਖ਼ੁਦ ਨੂੰ ਸਰਬ-ਸ਼ਕਤੀਮਾਨ ਸਮਝਣ ਲੱਗਦਾ ਹੈ ਅਤੇ ਇਹੀ ਭਰਮ ਉਸ ਦੇ ਪਤਨ ਦਾ ਕਾਰਨ ਬਣਦਾ ਹੈ। ਦਾਨਵੀ ਬਿਰਤੀ ਦਾ ਸਭ ਤੋਂ ਵੱਡਾ ਲੱਛਣ ਹੈ ਨਿਰੰਤਰ ਤੁਲਨਾ ਅਤੇ ਮੁਕਾਬਲੇਬਾਜ਼ੀ। ਅਜਿਹਾ ਵਿਅਕਤੀ ਆਪਣੀ ਸਫਲਤਾ ਦਾ ਮੁੱਲ ਆਪਣੇ ਗੁਣਾਂ ਨਾਲ ਨਹੀਂ ਬਲਕਿ ਹੋਰਾਂ ਨਾਲੋਂ ਵੱਧ ਧਨ, ਅਹੁਦੇ ਜਾਂ ਵੱਕਾਰ ਹਾਸਲ ਕਰਨ ਨਾਲ ਨਿਰਧਾਰਤ ਕਰਦਾ ਹੈ। ਉਸ ਦੀਆਂ ਇੱਛਾਵਾਂ ਦਾ ਕੋਈ ਅੰਤ ਨਹੀਂ ਹੁੰਦਾ। ਅੱਜ ਜੋ ਉਸ ਕੋਲ ਹੈ, ਉਸ ਵਿਚ ਉਸ ਨੂੰ ਆਨੰਦ ਨਹੀਂ ਮਿਲਦਾ, ਉਸ ਦਾ ਸੁੱਖ ਸਦਾ ਉਸ ਵਸਤੂ ਵਿਚ ਛੁਪਿਆ ਰਹਿੰਦਾ ਹੈ, ਜੋ ਹਾਲੇ ਪ੍ਰਾਪਤ ਨਹੀਂ ਹੋਈ। ਨਤੀਜੇ ਵਜੋਂ ਉਹ ਜੀਵਨ ਭਰ ਉਪਲਬਧੀਆਂ ਦੇ ਪਿੱਛੇ ਦੌੜਦਾ ਹੈ ਪਰ ਸੰਤੁਸ਼ਟੀ ਤੇ ਸ਼ਾਂਤੀ ਤੋਂ ਵਿਰਵਾ ਰਹਿੰਦਾ ਹੈ। ਦੂਜਾ ਮੁੱਖ ਲੱਛਣ ਹੈ ਦੂਜਿਆਂ ਨੂੰ ਮੁਕਾਬਲੇਬਾਜ਼ ਮੰਨਣਾ। ਦਾਨਵੀ ਬਿਰਤੀ ਵਾਲਾ ਵਿਅਕਤੀ ਹਰ ਸਫਲ ਮਨੁੱਖ ਵਿਚ ਆਪਣਾ ਦੁਸ਼ਮਣ ਦੇਖਦਾ ਹੈ। ਉਸ ਦੀ ਪ੍ਰਸੰਨਤਾ ਹੋਰਾਂ ਦੇ ਦੁੱਖ ਨਾਲ ਜੁੜ ਜਾਂਦੀ ਹੈ। ਇਹੀ ਕਾਰਨ ਹੈ ਕਿ ਦਾਨਵੀ ਬਿਰਤੀ ਅਖ਼ੀਰ ਆਪਣੀ ਤਬਾਹੀ ਦਾ ਰਾਹ ਬਣ ਜਾਂਦੀ ਹੈ। ਇਸ ਦੇ ਉਲਟ ਦੈਵੀ ਬਿਰਤੀ ਵਾਲਾ




ਵਿਅਕਤੀ ਕਰੁਣਾ, ਹਲੀਮੀ, ਸਬਰ-ਸੰਤੋਖ ਅਤੇ ਪਰਉਪਕਾਰ ਨੂੰ ਜੀਵਨ ਦਾ ਆਧਾਰ ਬਣਾਉਂਦਾ ਹੈ। ਉਹ ਦੂਜਿਆਂ ਦੀ ਉੱਨਤੀ ਨੂੰ ਦੇਖ ਕੇ ਖਾਰ ਨਹੀਂ ਖਾਂਦਾ ਬਲਕਿ ਉਨ੍ਹਾਂ ਦੇ ਸੁੱਖ ਵਿਚ ਆਪਣਾ ਸੁੱਖ ਭਾਲਦਾ ਹੈ। ਉਸ ਦਾ ਆਤਮ-ਵਿਸ਼ਵਾਸ ਹੰਕਾਰ ਨਹੀਂ ਸਗੋਂ ਈਸ਼ਵਰ ਵਿਚ ਸ਼ਰਧਾ ਤੇ ਧਰਮ ਵਿਚ ਆਸਥਾ ਤੋਂ ਜਨਮ ਲੈਂਦਾ ਹੈ। ਹਕੀਕੀ ਜਿੱਤ ਦੂਜਿਆਂ ਨੂੰ ਹਰਾਉਣ ਵਿਚ ਨਹੀਂ, ਬਲਕਿ ਆਪਣੇ ਅੰਦਰ ਦੇ ਲੋਭ, ਕਰੋਧ, ਈਰਖਾ ਅਤੇ ਹੰਕਾਰ 'ਤੇ ਜਿੱਤ ਹਾਸਲ ਕਰਨ ਵਿਚ ਹੈ। ਜਦ ਮਨੁੱਖ ਤੁਲਨਾ ਦੀ ਜਗ ਹਾ ਸਬਰ-ਸੰਤੋਖ, ਮੁਕਾਬਲੇਬਾਜ਼ੀ ਦੀ ਥਾਂ ਸਹਿਯੋਗ ਤੇ ਸਵਾਰਥ ਦੇ ਸਥਾਨ 'ਤੇ ਸੇਵਾ ਨੂੰ ਅਪਣਾਉਂਦਾ ਹੈ, ਤਦ ਹੀ ਉਸ ਦੇ ਅੰਦਰ ਦੈਵੀ ਚੇਤਨਾ ਦਾ ਉਦੈ ਹੁੰਦਾ ਹੈ। ਇਹੀ ਰੂਹਾਨੀਅਤ ਜੀਵਨ ਦਾ ਨਿਚੋੜ ਅਤੇ ਮਨੁੱਖਤਾ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ।





# ਬਦਲਦੇ ਸਮੇਂ 'ਚ ਮਾਸਟਰਜ਼ ਡਿਗਰੀ ਕਿੰਨੀ ਕੁ ਲਾਹੇਵੰਦ

**ਡਾ. ਹਰਗੁਣਪ੍ਰੀਤ ਸਿੰਘ**

ਲੱਖਾਂ ਵਿਦਿਆਰਥੀ ਆਪਣੇ ਭਵਿੱਖ ਨੂੰ ਨਵੀਂ ਦਿਸ਼ਾ ਦੇਣ ਤੇ ਬਿਹਤਰ ਕਰੀਅਰ ਦੀਆਂ ਸੰਭਾਵਨਾਵਾਂ ਨੂੰ ਸਾਕਾਰ ਕਰਨ ਲਈ ਵੱਖ-ਵੱਖ ਕੋਰਸਾਂ ਤੇ ਸਿੱਖਿਆ ਸੰਸਥਾਵਾਂ ਦੀ ਚੋਣ ਕਰ ਰਹੇ ਹਨ। ਗ੍ਰੈਜੂਏਸ਼ਨ ਦੇ ਨਤੀਜਿਆਂ ਤੋਂ ਬਾਅਦ ਵਿਦਿਆਰਥੀ ਆਪਣੇ ਭਵਿੱਖ ਨੂੰ ਲੈ ਕੇ ਅਨੇਕਾਂ ਮਹੱਤਵਪੂਰਨ ਫ਼ੈਸਲੇ ਕਰਨ ਦੇ ਮੋੜ 'ਤੇ ਖੜ੍ਹੇ ਹੁੰਦੇ ਹਨ। ਉੱਚ ਸਿੱਖਿਆ, ਰੁਜ਼ਗਾਰ ਜਾਂ ਹੋਰ ਪੇਸ਼ੇਵਰ ਮੌਕਿਆਂ ਦੀ ਚੋਣ ਕਰਦਿਆਂ ਉਨ੍ਹਾਂ ਨੂੰ ਆਪਣੀਆਂ ਰੁਚੀਆਂ, ਯੋਗਤਾਵਾਂ ਤੇ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਧਿਆਨ ਵਿਚ ਰੱਖਣਾ ਪੈਂਦਾ ਹੈ। ਇਸ ਸਮੇਂ ਇਕ ਸਵਾਲ ਅਕਸਰ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦੇ ਮਨਾਂ 'ਚ ਉੱਠਦਾ ਹੈ ਕਿ ਬੱਚੇ ਨੂੰ ਇੰਨਾ ਪੜ੍ਹਾ-ਲਿਖਾ ਲਿਆ ਹੈ, ਹੁਣ ਅੱਗੇ ਮਾਸਟਰਜ਼ ਕਰਵਾਉਣ ਦਾ ਕੀ ਲਾਭ ਹੋਵੇਗਾ ? ਕੀ ਮਾਸਟਰਜ਼ ਦੀ ਡਿਗਰੀ ਅੱਜ ਦੇ ਸਮੇਂ ਵਿਚ ਰੁਜ਼ਗਾਰ ਤੇ ਕਰੀਅਰ ਲਈ ਕੋਈ ਵਾਧੂ ਮਹੱਤਤਾ ਰੱਖਦੀ ਹੈ ਜਾਂ ਫਿਰ ਇਹ ਸਿਰਫ਼ ਇਕ ਹੋਰ ਅਕਾਦਮਿਕ ਯੋਗਤਾ ਬਣ ਕੇ ਰਹਿ ਗਈ ਹੈ ?

**ਬਦਲਿਆ ਹੈ ਸੰਦਰਭ ਤੇ ਉਦੇਸ਼ :** ਇਹ ਸਵਾਲ ਇਸ ਲਈ ਵੀ ਬਹੁਤ ਮਹੱਤਵਪੂਰਨ ਹੈ ਕਿਉਂਕਿ ਅੱਜ ਦੇ ਮੁਕਾਬਲੇ ਵਾਲੇ ਯੁੱਗ 'ਚ ਸਿੱਖਿਆ ਅਤੇ ਰੁਜ਼ਗਾਰ ਦੇ ਰਵਾਇਤੀ ਸਮੀਕਰਨ ਕਾਫ਼ੀ ਹੱਦ ਤੱਕ ਬਦਲ ਚੁੱਕੇ ਹਨ। ਇਕ ਸਮਾਂ ਸੀ, ਜਦੋਂ ਮਾਸਟਰਜ਼ ਦੀ ਡਿਗਰੀ ਨੂੰ ਬਿਹਤਰ ਨੌਕਰੀ, ਆਰਥਿਕ ਸਥਿਰਤਾ ਤੇ ਸਮਾਜਿਕ ਸਨਮਾਨ ਦੀ ਲਗਪਗ ਗਾਰੰਟੀ ਮੰਨਿਆ ਜਾਂਦਾ ਸੀ ਪਰ ਅੱਜ ਦੇ ਬਦਲਦੇ ਆਰਥਿਕ, ਤਕਨੀਕੀ ਤੇ ਸਿੱਖਿਆਤਮਕ ਮਾਹੌਲ ਵਿਚ ਇਸ ਦੀ ਭੂਮਿਕਾ ਨੂੰ ਨਵੇਂ ਸੰਦਰਭਾਂ 'ਚ ਸਮਝਣ ਦੀ ਲੋੜ ਹੈ। ਅੱਜ ਜਦੋਂ ਹੁਨਰ-ਆਧਾਰਿਤ ਸਿੱਖਿਆ, ਸ਼ਾਰਟ ਟਰਮ ਕੋਰਸ, ਆਨਲਾਈਨ ਸਰਟੀਫਿਕੇਟ ਕੋਰਸ ਤੇ ਤਕਨੀਕੀ ਯੋਗਤਾਵਾਂ ਨੂੰ ਵੱਧ ਤਰਜੀਹ ਦਿੱਤੀ ਜਾ ਰਹੀ ਹੈ, ਤਾਂ ਇਹ ਸਵਾਲ ਸੁਭਾਵਿਕ ਹੈ ਕਿ ਕੀ ਮਾਸਟਰਜ਼ ਦੀ ਡਿਗਰੀ ਦੀ ਮਹੱਤਤਾ ਅਜੇ ਵੀ ਪਹਿਲਾਂ ਵਾਂਗ ਬਰਕਰਾਰ ਹੈ ? ਇਸ ਸਵਾਲ ਦਾ ਜਵਾਬ ਸਿੱਧਾ 'ਹਾਂ' ਜਾਂ 'ਨਾ' ਵਿਚ ਨਹੀਂ ਦਿੱਤਾ ਜਾ ਸਕਦਾ। 'ਆਲ ਇੰਡੀਆ ਸਰਵੇ ਆਨ ਹਾਇਰ ਐਜੂਕੇਸ਼ਨ 2021-22' ਦੀ ਰਿਪੋਰਟ ਅਨੁਸਾਰ ਅੱਜ ਵੀ ਲੱਖਾਂ ਨੌਜਵਾਨ ਆਪਣੇ ਕਰੀਅਰ, ਖੋਜ ਤੇ ਵਿਅਕਤੀਗਤ ਵਿਕਾਸ ਲਈ ਮਾਸਟਰਜ਼ ਦੀ ਡਿਗਰੀ ਨੂੰ ਮਹੱਤਵਪੂਰਨ ਮੰਨਦੇ ਹਨ। ਹਕੀਕਤ ਇਹ ਹੈ ਕਿ ਮਾਸਟਰਜ਼ ਦੀ ਡਿਗਰੀ ਦੀ ਮਹੱਤਤਾ ਖ਼ਤਮ ਨਹੀਂ ਹੋਈ ਸਗੋਂ ਇਸ ਦਾ ਸੰਦਰਭ ਤੇ ਉਦੇਸ਼ ਬਦਲਿਆ ਹੈ।

**ਖੋਜ ਦੀ ਯੋਗਤਾ ਕਰਦੀ ਪ੍ਰਦਾਨ :** ਅੱਜ ਦੇ ਮੁਕਾਬਲੇ ਵਾਲੇ ਯੁੱਗ 'ਚ ਸਿਰਫ਼ ਡਿਗਰੀ ਪ੍ਰਾਪਤ ਕਰ ਲੈਣਾ ਹੀ ਸਫਲਤਾ ਦੀ ਗਾਰੰਟੀ ਨਹੀਂ ਹੈ ਪਰ ਉੱਚ ਸਿੱਖਿਆ ਵਿਅਕਤੀ ਨੂੰ ਵਿਸ਼ੇ ਦੀ ਡੂੰਘੀ ਸਮਝ, ਵਿਸ਼ਲੇਸ਼ਣਾਤਮਕ ਸੋਚ ਤੇ ਖੋਜ ਦੀ ਯੋਗਤਾ ਪ੍ਰਦਾਨ ਕਰਦੀ ਹੈ। ਖ਼ਾਸ ਤੌਰ 'ਤੇ ਅਧਿਆਪਨ, ਖੋਜ ਤੇ ਅਕਾਦਮਿਕ ਖੇਤਰਾਂ ਵਿਚ ਮਾਸਟਰਜ਼ ਦੀ ਡਿਗਰੀ ਅਜੇ ਵੀ ਲਾਜ਼ਮੀ ਯੋਗਤਾ ਹੈ। ਯੂਜੀਸੀ-ਨੈੱਟ, ਪੀਐੱਚ.ਡੀ., ਖੋਜ ਪ੍ਰੋਜੈਕਟਾਂ ਤੇ ਕਾਲਜਾਂ-ਯੂਨੀਵਰਸਿਟੀਆਂ 'ਚ ਅਧਿਆਪਨ ਨਾਲ ਜੁੜੇ ਮੌਕਿਆਂ ਲਈ ਮਾਸਟਰਜ਼ ਦੀ ਡਿਗਰੀ ਬੁਨਿਆਦੀ ਸ਼ਰਤ ਹੈ। ਇਸ ਤੋਂ ਇਲਾਵਾ ਕਈ ਉੱਚ ਪੱਧਰੀ ਪ੍ਰਤੀਯੋਗੀ ਪ੍ਰੀਖਿਆਵਾਂ ਤੇ ਵਿਸ਼ੇਸ਼ ਖੇਤਰਾਂ 'ਚ ਕਰੀਅਰ ਬਣਾਉਣ ਲਈ ਵੀ ਇਹ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।ਕਈ ਸਰਕਾਰੀ ਵਿਭਾਗਾਂ ਤੇ ਸੰਸਥਾਵਾਂ 'ਚ ਲੋਕ ਸੰਪਰਕ ਅਫ਼ਸਰ ਜਾਂ ਇਸ ਨਾਲ ਸਬੰਧਿਤ ਅਹੁਦਿਆਂ ਲਈ ਪੱਤਰਕਾਰੀ ਤੇ ਜਨ ਸੰਚਾਰ, ਲੋਕ ਸੰਪਰਕ ਜਾਂ ਸਬੰਧਿਤ ਵਿਸ਼ਿਆਂ ਵਿਚ ਮਾਸਟਰਜ਼ ਡਿਗਰੀ ਨੂੰ ਤਰਜੀਹ ਦਿੱਤੀ ਜਾਂਦੀ ਹੈ।

**ਸਿੱਖਿਆ ਦਾ ਮੂਲ ਉਦੇਸ਼ :** ਸਿੱਖਿਆ ਦਾ ਮੂਲ ਉਦੇਸ਼ ਕੇਵਲ ਰੁਜ਼ਗਾਰ ਪ੍ਰਾਪਤ ਕਰਨਾ ਨਹੀਂ ਹੁੰਦਾ ਸਗੋਂ



ਵਿਅਕਤੀ ਦੇ ਬੌਧਿਕ, ਨੈਤਿਕ ਤੇ ਵਿਅਕਤੀਗਤ ਵਿਕਾਸ ਨੂੰ ਯਕੀਨੀ ਬਣਾਉਣਾ ਵੀ ਹੁੰਦਾ ਹੈ। ਇਸ ਸੰਦਰਭ 'ਚ ਮਾਸਟਰਜ਼ ਦੀ ਪੜ੍ਹਾਈ ਵਿਸ਼ੇਸ਼ ਮਹੱਤਵ ਰੱਖਦੀ ਹੈ।ਇਹ ਵਿਦਿਆਰਥੀਆਂ ਨੂੰ ਆਪਣੇ ਵਿਸ਼ੇ ਦੀ ਡੂੰਘੀ ਸਮਝ ਵਿਕਸਿਤ ਕਰਨ, ਨਵੇਂ ਵਿਚਾਰਾਂ ਤੇ ਸਿਧਾਂਤਾਂ ਦਾ ਵਿਸ਼ਲੇਸ਼ਣ ਕਰਨ ਤੇ ਸਮਾਜ ਦੇ ਜਟਿਲ ਮੁੱਦਿਆਂ ਪ੍ਰਤੀ ਸੰਵੇਦਨਸ਼ੀਲ ਦ੍ਰਿਸ਼ਟੀਕੋਣ ਅਪਣਾਉਣ ਦਾ ਮੌਕਾ ਪ੍ਰਦਾਨ ਕਰਦੀ ਹੈ। ਉੱਚ ਸਿੱਖਿਆ ਰਾਹੀਂ ਵਿਦਿਆਰਥੀ ਵਿਚ ਆਲੋਚਨਾਤਮਕ ਸੋਚ, ਖੋਜ ਦੀ ਰੁਚੀ ਤੇ ਤਰਕਸੰਗਤ ਫ਼ੈਸਲੇ ਲੈਣ ਦੀ ਸਮਰੱਥਾ ਦਾ ਵਿਕਾਸ ਹੁੰਦਾ ਹੈ।ਇਹ ਗੁਣ ਨਾ ਸਿਰਫ਼ ਵਿਅਕਤੀ ਦੀ ਸਫਲਤਾ ਲਈ ਸਗੋਂ ਮਜ਼ਬੂਤ, ਲੋਕਤੰਤਰੀ ਤੇ ਗਿਆਨ-ਆਧਾਰਿਤ ਸਮਾਜ ਦੀ ਸਿਰਜਣਾ ਲਈ ਵੀ ਬਹੁਤ ਜ਼ਰੂਰੀ ਹਨ।

**ਰਾਸ਼ਟਰੀ ਸਿੱਖਿਆ ਨੀਤੀ :** ਭਾਰਤ ਦੀ ਉੱਚ ਸਿੱਖਿਆ ਪ੍ਰਣਾਲੀ ਵੀ ਇਸ ਸਮੇਂ ਵੱਡੇ ਪਰਿਵਰਤਨ ਵਿੱਚੋਂ ਲੰਘ ਰਹੀ ਹੈ। ਰਾਸ਼ਟਰੀ ਸਿੱਖਿਆ ਨੀਤੀ (ਐੱਨਈਪੀ-2020) ਦੇ ਲਾਗੂ ਹੋਣ ਤੋਂ ਬਾਅਦ ਮਾਸਟਰਜ਼ (ਪ੍ਰੋਸਟ ਗ੍ਰੈਜੂਏਟ) ਸਿੱਖਿਆ ਦੀ ਬਣਤਰ, ਪਾਠਕ੍ਰਮ ਅਤੇ ਉਦੇਸ਼ਾਂ ਵਿਚ ਮਹੱਤਵਪੂਰਨ ਤਬਦੀਲੀਆਂ ਦੇਖਣ ਨੂੰ ਮਿਲ ਰਹੀਆਂ ਹਨ। ਇਕ ਸਮਾਂ ਸੀ, ਜਦੋਂ ਐੱਮਏ, ਐੱਮਐੱਸਸੀ ਜਾਂ ਐੱਮਕਾਮ ਆਦਿ ਡਿਗਰੀਆਂ ਆਪਣੇ ਆਪ ਵਿਚ ਰੁਜ਼ਗਾਰ ਦਾ ਮਜ਼ਬੂਤ ਆਧਾਰ ਮੰਨੀਆਂ ਜਾਂਦੀਆਂ ਸਨ ਪਰ ਅਜੋਕੇ ਮੁਕਾਬਲੇ ਵਾਲੇ ਦੌਰ ਵਿਚ ਸਿਰਫ਼ ਡਿਗਰੀ ਕਾਫ਼ੀ ਨਹੀਂ ਹੈ ਕਿਉਂਕਿ ਸਰਕਾਰੀ ਤੇ ਨਿੱਜੀ ਦੋਵੇਂ ਖੇਤਰਾਂ 'ਚ ਨੌਕਰੀ ਲਈ ਵਿਦਿਆਰਥੀਆਂ ਤੋਂ ਵਿਸ਼ੇ ਦੇ ਗਿਆਨ ਦੇ ਨਾਲ-ਨਾਲ ਡਿਜੀਟਲ ਹੁਨਰ, ਸੰਚਾਰ ਸਮਰੱਥਾ, ਖੋਜ ਯੋਗਤਾ, ਇੰਟਰਨਸ਼ਿਪ ਤੇ ਵਿਹਾਰਕ ਤਜਰਬੇ ਦੀ ਵੀ ਉਮੀਦ ਕੀਤੀ ਜਾਂਦੀ ਹੈ। ਰਾਸ਼ਟਰੀ ਸਿੱਖਿਆ ਨੀਤੀ ਅਧੀਨ ਚਾਰ ਸਾਲਾ ਬੈਚਲਰ ਵਿਦਿਆਰਥੀਆਂ ਲਈ ਇਕ ਸਾਲਾ ਮਾਸਟਰਜ਼ ਤੇ ਤਿੰਨ ਸਾਲਾ ਬੈਚਲਰ ਵਿਦਿਆਰਥੀਆਂ ਲਈ ਦੋ ਸਾਲਾ ਮਾਸਟਰਜ਼ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਦੇ ਨਾਲ ਹੀ ਬਹੁ-ਵਿਸ਼ਿਆਂ ਵਾਲੀ ਸਿੱਖਿਆ, ਖੋਜ ਤੇ ਲਚਕਦਾਰ ਪਾਠਕ੍ਰਮ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਹਾਲਾਂਕਿ ਦੇਸ਼ ਦੇ ਸਾਰੀਆਂ ਯੂਨੀਵਰਸਿਟੀਆਂ 'ਚ ਇਹ ਪ੍ਰਣਾਲੀ ਅਜੇ ਇਕਸਾਰ ਤਰੀਕੇ ਨਾਲ ਲਾਗੂ ਨਹੀਂ ਹੋਈ ਤੇ ਕਈ ਸੰਸਥਾਵਾਂ ਅਜੇ ਵੀ ਰਵਾਇਤੀ ਢਾਂਚੇ ਅਨੁਸਾਰ ਹੀ ਮਾਸਟਰਜ਼ ਪ੍ਰੋਗਰਾਮ ਚਲਾ ਰਹੀਆਂ ਹਨ।

**ਯੂਨੀਵਰਸਿਟੀਆਂ ਲਈ ਚੁਣੌਤੀਆਂ :** ਇਸ ਦੇ ਨਾਲ ਹੀ ਯੂਨੀਵਰਸਿਟੀਆਂ ਸਾਹਮਣੇ ਕਈ ਮਹੱਤਵਪੂਰਨ ਚੁਣੌਤੀਆਂ ਵੀ ਮੌਜੂਦ ਹਨ। ਪਾਠਕ੍ਰਮ ਨੂੰ ਉਦਯੋਗ ਤੇ ਸਮਾਜ ਦੀਆਂ ਬਦਲਦੀਆਂ ਲੋੜਾਂ ਅਨੁਸਾਰ ਢਾਲਣਾ, ਖੋਜ ਦੀ ਗੁਣਵੱਤਾ ਵਿਚ ਨਿਰੰਤਰ ਸੁਧਾਰ ਕਰਨਾ, ਅਧਿਆਪਕਾਂ ਦੀ ਪੇਸ਼ੇਵਰ ਸਮਰੱਥਾ ਨੂੰ ਮਜ਼ਬੂਤ ਕਰਨਾ ਤੇ ਵਿਦਿਆਰਥੀਆਂ ਲਈ ਬਿਹਤਰ ਰੁਜ਼ਗਾਰ ਦੇ ਮੌਕੇ ਯਕੀਨੀ ਬਣਾਉਣਾ ਸਮੇਂ ਦੀਆਂ ਮੁੱਖ ਲੋੜਾਂ ਹਨ। ਜੇ ਮਾਸਟਰਜ਼ ਪ੍ਰੋਗਰਾਮਾਂ ਨੂੰ ਹੁਨਰ ਵਿਕਾਸ, ਨਵੀਨਤਾ ਤੇ ਖੋਜ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਜੋੜਿਆ ਜਾਵੇ, ਤਾਂ ਇਹ ਭਾਰਤ ਦੀ ਉੱਚ ਸਿੱਖਿਆ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਉਣ 'ਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਅੱਜ ਦੇ ਯੁੱਗ ਵਿਚ ਸਫਲਤਾ ਸਿਰਫ਼ ਡਿਗਰੀ ਪ੍ਰਾਪਤ ਕਰਨ ਤੱਕ ਹੀ ਸੀਮਤ ਨਹੀਂ ਰਹੀ ਸਗੋਂ ਉਸ ਡਿਗਰੀ ਨੂੰ ਵਿਹਾਰਕ ਗਿਆਨ, ਖੋਜ-ਸੋਚ ਤੇ ਪੇਸ਼ੇਵਰ ਹੁਨਰਾਂ ਨਾਲ ਜੋੜਨ ਵਿਚ ਹੈ। ਇਹੀ ਦ੍ਰਿਸ਼ਟੀਕੋਣ ਅਤੇ ਬਦਲਾਅ ਭਵਿੱਖ ਦੀ ਉੱਚ ਸਿੱਖਿਆ ਦੀ ਅਸਲ ਪਛਾਣ ਬਣੇਗਾ।







# ਸਾਵਣੁ ਆਇਆ ਝਿਮਝਿਮਾ...

*ਪੰਜਾਬ ਵਿਚ ਸਾਉਣ ਦਾ ਸਬੰਧ ਤੀਆਂ ਦੇ ਤਿਉਹਾਰ ਨਾਲ ਹੈ। ਪੀਂਘਾਂ, ਮਾਲ੍ਹ-ਪੂੜਿਆਂ, ਖੀਰ ਅਤੇ ਸੇਵੀਆਂ ਨਾਲ ਵੀ ਹੈ। ਤੀਆਂ/ਤੀਜ ਮੁਟਿਆਰਾਂ, ਖਾਸ ਕਰਕੇ ਸੱਜ-ਵਿਆਹੀਆਂ ਮੁਟਿਆਰਾਂ ਦਾ ਤਿਉਹਾਰ ਹੈ। ਪੀਂਘਾਂ ਵੀ ਇਸ ਸਮੇਂ ਝੂਟੀਆਂ/ਚੜ੍ਹਾਈਆਂ ਜਾਂਦੀਆਂ ਹਨ। ਸਾਉਣ ਮਹੀਨਾ ਚੜ੍ਹਨ ਤੋਂ ਪਹਿਲਾਂ ਨਵ-ਵਿਆਹੀ ਧੀ ਨੂੰ ਉਸ ਦੇ ਪੇਕੇ ਘਰੋਂ ਕੋਈ ਜੀਅ, ਖਾਸ ਕਰਕੇ ਭਰਾ ਲੈਣ ਜਾਂਦਾ ਹੈ। ਜੇ ਨਾ ਜਾਵੇ ਤਾਂ ਸੱਸ ਮੇਹਣਾ ਮਾਰਦੀ ਹੈ-'ਤੈਨੂੰ ਤੀਆਂ 'ਤੇ ਲੈਣ ਨਾ ਆਏ ਬਹੁਤਿਆਂ ਭਰਾਵਾਂ ਵਾਲੀਏ'।*

**ਪ੍ਰੋ. ਜਸਵੰਤ ਸਿੰਘ ਗੰਡਮ**

ਸਾਵਣ, ਬੱਦਲ, ਬਰਖਾ, ਮੋਰ, ਮੁਹੱਬਤ ਦੀ ਗੂੜ੍ਹੀ ਸਾਕਾਗੀਰੀ ਹੈ।

ਨੇੜਲੀ ਰਿਸ਼ਤੇਦਾਰੀ।

ਸਾਵਣੁ ਆਇਆ ਝਿਮ ਝਿਮਾਂ! ਮੀਂਹ ਦੀ ਕਿਣ-ਮਿਣ, ਮੋਰਾਂ ਦੀ ਰੁਣ-ਝੁਣ, ਹਰੇ-ਭਰੇ ਵਣ-ਤ੍ਰਿਣ, ਮੁਹੱਬਤਾਂ ਦੀ ਗਿੰਮ-ਝਿੰਮ! ਵਾਹ ਕਯਾ ਨਜ਼ਾਰਾ, ਬੜਾ ਪਿਆਰਾ, ਕੋਈ ਪਾਰਾ ਨਾ ਵਾਰਾ!

ਸਾਡੇ ਸਾਹਿਤ, ਸੱਭਿਆਚਾਰ, ਸੰਗੀਤ, ਧਰਮ, ਫਿਲਮਾਂ ਵਿਚ ਸਾਵਣ/ਸਾਉਣ ਦੀ ਬੜੀ ਮਹਿਮਾਮਈ ਚਰਚਾ ਹੈ। ਗੁਰਬਾਣੀ ਵਿਚ ਸਾਵਣ ਮਹੀਨੇ ਦਾ ਬੜਾ ਵਰਨਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਰਹ ਮਾਹਾ ਅੰਕਿਤ ਹਨ। ਇਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗ ਮਾਝ ਵਿਚ ਅਤੇ ਦੂਜਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਗ ਤੁਖਾਰੀ ਵਿਚ ਹੈ:

**-ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥**
**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥**
**(ਬਾਰਹਾ ਮਾਹਾ ਮਾਂਝ, ਮਹਲਾ5)**

**-ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥**
**ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥**
**(ਬਾਰਹਾ ਮਾਹਾ ਰਾਗ ਤੁਖਾਰੀ, ਮਹਲਾ1)**

ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਸਾਵਣ ਮਹੀਨੇ ਦੀ ਚਰਚਾ ਕੀਤੀ ਹੈ। ਉਦਾਹਰਨ ਵਜੋਂ ਕੁਝ ਕੁ ਟੂਕਾਂ ਹਾਜ਼ਰ ਹਨ-

**-ਸਾਵਣ ਵਣ ਹਰੀਆਵਲੇ ਵੁਠੇ ਸੁਕੈ ਅਕੁ ਜਵਾਹਾ ॥...**

ਸਾਵਣ ਦਾ ਮਹੱਤਵ ਸਮਾਜਕ ਪਰਿਪੇਖ ਵਿਚ ਵੀ ਬਹੁਤ ਹੈ। ਧਾਰਮਿਕ ਤੌਰ 'ਤੇ ਗੁਰਬਾਣੀ ਵਿਚ ਬਸੰਤ ਰੁੱਤ ਉਪਰੰਤ ਸਾਵਣ ਮਹੀਨੇ ਦੀ ਬਰਖਾ ਰੁੱਤ ਸਬੰਧੀ ਬੜਾ ਜ਼ਿਕਰ ਹੈ। 'ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ' ॥ ਪਰ ਗੁਰੂ ਨਾਨਕ ਦੇਵ ਜੀ ਨੇ ਸਾਵਣ ਤੇ ਇਸ ਮਹੀਨੇ ਪੈਣ ਵਾਲੇ ਮੀਂਹ ਦੇ ਦੋ ਪੱਖਾਂ ਦਾ ਜ਼ਿਕਰ ਕੀਤਾ ਹੈ। ਇੱਕ ਪੱਖ ਚਾਅ-ਉਮਾਹ ਵਾਲਾ ਹੈ ਤੇ ਦੂਸਰਾ ਵਿਛੋੜੇ/ਉਦਾਸੀ ਵਾਲਾ। ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 1279 ਤੇ ਅੰਕਿਤ ਹਨ-'

**ਨਾਨਕ ਸਾਵਣਿ ਜੇ ਵਸੈ ਚਹੁ ਉਮਾਹਾ ਹੋਇ ॥**
**ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ' ॥**

ਅਤੇ

**'ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ ॥**
**ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ' ॥**

ਇਸ ਸਮੇਂ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਹੋਣ ਵਾਲੇ ਰਸਭਿੰਨੇ ਕੀਰਤਨ ਦੌਰਾਨ ਸਾਵਣ, ਮੀਂਹ, ਬਰਖਾ, ਬੱਦਲ, ਮੇਘ, ਝੜੀ ਆਦਿ ਨਾਲ ਸਬੰਧਤ ਹੇਠ ਲਿਖੇ ਸ਼ਬਦਾਂ 'ਚੋਂ ਕਿਸੇ ਨਾ ਕਿਸੇ ਦਾ ਗਾਇਣ ਆਮ ਹੀ ਸੁਣਨ ਨੂੰ ਮਿਲਦਾ ਹੈ-

'ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ', 'ਸਾਵਣੁ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ', 'ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ', 'ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ', 'ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ', 'ਬਰਸੁ ਮੇਘ ਜੀ ਤਿਲ ਬਿਲਮੁ ਨਾ ਲਾਉ', 'ਬਰਸੇ ਅੰਮ੍ਰਿਤ ਧਾਰ ਬੂੰਦ ਸੁਹਾਵਣੀ', 'ਬਰਸੈ ਮੇਘੁ ਸਖੀ ਘਰਿ ਪਾਹੁਨ ਆਏ', 'ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੂਕਾਰ', 'ਬਾਬੀਹਾ ਜਿਸ ਨੋ ਤੂ ਪੂਕਾਰਦਾ ਤਿਸ ਨੋ ਲੋਚੈ ਸਭੁ ਕੋਇ', 'ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ' (ਭਾਈ ਗੁਰਦਾਸ ਜੀ) ਆਦਿ।

ਭਲਾ ਸਾਵਣ ਮਹੀਨੇ ਵਿਚ ਆਪਣੇ ਪ੍ਰੀਤਮ ਨੂੰ ਮਿਲਣ ਦੀ ਤੜਪ ਨੂੰ ਸਿਰਫ ਸਖੀ ਨਾਲ ਹੀ ਕਿਉਂ ਸਾਂਝਾ ਕੀਤਾ ਜਾਂਦੈ? ਆਮ ਤੌਰ 'ਤੇ ਤਾਂ ਮਾਵਾਂ ਆਪਣੇ ਧੀਆਂ-ਪੁੱਤਾਂ ਦੇ ਪਰਦੇ ਕੱਜਦੀਆਂ ਹੁੰਦੀਆਂ। ਫਿਰ ਮਾਂ ਨਾਲ ਇਹ ਗੱਲ ਕਿਉਂ ਨਹੀਂ ਸਾਂਝੀ ਕੀਤੀ ਜਾਂਦੀ?

ਆਖਿਰ ਸੰਗ, ਹਯਾ, ਲਾਜ, ਸ਼ਰਮ ਨਾਮ ਦੀ ਵੀ ਕੋਈ ਚੀਜ਼ ਹੁੰਦੀ ਹੈ। ਪਹਿਲੇ ਸਮਿਆਂ ਵਿਚ ਪਿਆਰ ਵਾਲੇ ਭੇਦ ਸਖੀਆਂ-ਸੱਜਣਾ-ਮਿੱਤਰਾਂ ਨਾਲ ਹੀ ਸਾਂਝੇ ਕੀਤੇ ਜਾਂਦੇ ਸਨ। ਐਡਾ ਹੌਸਲਾ ਤਾਂ ਹੁੰਦਾ ਈ ਨਹੀਂ ਸੀ ਕਿਸੇ ਮਾਈ ਦੇ ਲਾਲ 'ਚ ਕਿ ਪ੍ਰੇਮ ਦਾ ਭੇਦ ਮਾਂ-ਬਾਪ ਨਾਲ ਸਾਂਝਾ ਕਰੇ। ਕਈ ਥਾਂ ਤਾਂ ਅੱਜ ਕੱਲ੍ਹ ਵੀ ਕਈ ਜਣੇ ਇਹ ਹੌਸਲਾ ਨਹੀਂ ਕਰਦੇ। ਸੋ, ਸਹੇਲੀ ਹੀ ਅਜਿਹੇ ਰਾਜ਼ ਦੀ ਰਾਜ਼ਦਾਰ ਬਣ ਸਕਦੀ ਸੀ। ਉਸ ਨਾਲ ਹੀ ਆਪਣੀ ਇਹ ਤੜਪ ਸਾਂਝੀ ਕੀਤੀ ਜਾ ਸਕਦੀ ਸੀ। ਖਾਸ ਕਰਕੇ ਸਥਿਤੀ ਜਦ 'ਕੰਤੈ ਚਿਤਿ ਕਰੇਹੁ' ਵਾਲੀ ਹੋਵੇ! ਬੇਸ਼ਕ ਇਹ ਮਿਲਾਪ ਅਧਿਆਤਮਕ ਤੌਰ ਉਪਰ ਆਤਮਾ ਦਾ ਪਰਮ-ਆਤਮਾ ਨਾਲ ਹੀ ਹੈ ਪਰ ਸਿੱਖ ਧਰਮ ਵਿਚ ਦੁਨੀਆਂ ਰਾਹੀਂ ਦੀਨ ਦੀ ਪ੍ਰਾਪਤੀ ਦਾ ਮਾਰਗ ਦਸਿਆ ਗਿਐ। ਇਸੇ ਕਰਕੇ ਹੀ ਗੁਰੂ ਸਾਹਿਬਾਨਾਂ ਨੇ ਸਿੱਖ ਨੂੰ ਗ੍ਰਿਹਸਥ ਵਿਚ ਪ੍ਰਵੇਸ਼ ਕਰਵਾਇਐ। ਨੌਂ ਗੁਰੂ ਸਾਹਿਬਾਨ ਆਪ ਗ੍ਰਹਿਸਥੀ ਸਨ। ਕਿਉਂਕਿ ਅੱਠਵੇਂ ਪਾਤਸ਼ਾਹ ਨੇ ਬਾਲ ਉਮਰੇ ਚੋਲਾ ਬਦਲ ਲਿਆ ਸੀ, ਇਸ ਲਈ ਉਹਨਾਂ ਦੀ ਗ੍ਰਹਿਸਥ ਵਾਲੀ ਉਮਰ ਹੀ ਨਹੀਂ ਸੀ।

ਪੰਜਾਬ ਵਿਚ ਸਾਉਣ ਦਾ ਸਬੰਧ ਤੀਆਂ ਦੇ ਤਿਉਹਾਰ ਨਾਲ ਹੈ। ਪੀਂਘਾਂ, ਮਾਲ੍ਹ-ਪੂੜਿਆਂ, ਖੀਰ ਅਤੇ ਸੇਵੀਆਂ ਨਾਲ ਵੀ ਹੈ। ਤੀਆਂ/ਤੀਜ ਮੁਟਿਆਰਾਂ, ਖਾਸ ਕਰਕੇ ਸੱਜ-ਵਿਆਹੀਆਂ ਮੁਟਿਆਰਾਂ ਦਾ ਤਿਉਹਾਰ ਹੈ। ਪੀਂਘਾਂ ਵੀ ਇਸ ਸਮੇਂ ਝੂਟੀਆਂ/ਚੜ੍ਹਾਈਆਂ ਜਾਂਦੀਆਂ ਹਨ। ਸਾਉਣ ਮਹੀਨਾ ਚੜ੍ਹਨ ਤੋਂ ਪਹਿਲਾਂ ਨਵ-ਵਿਆਹੀ ਧੀ ਨੂੰ ਉਸ ਦੇ ਪੇਕੇ ਘਰੋਂ ਕੋਈ ਜੀਅ, ਖਾਸ ਕਰਕੇ ਭਰਾ ਲੈਣ ਜਾਂਦਾ ਹੈ। ਜੇ ਨਾ ਜਾਵੇ ਤਾਂ ਸੱਸ ਮੇਹਣਾ ਮਾਰਦੀ ਹੈ-'ਤੈਨੂੰ ਤੀਆਂ 'ਤੇ ਲੈਣ ਨਾ ਆਏ ਬਹੁਤਿਆਂ ਭਰਾਵਾਂ ਵਾਲੀਏ'!

ਪਰ ਵੀਰ ਦੇ ਸੰਧਾਰਾ ਲੈ ਕੇ ਆਉਣ ਦਾ ਭੈਣ ਨੂੰ ਬੜਾ ਮਾਣਮੱਤਾ ਹੁਲਾਰਾ ਮਿਲਦਾ ਹੈ-

**'ਮੇਰਾ ਵੀਰ ਸੰਧਾਰਾ ਲੈ ਕੇ ਆਇਆ**
**ਸਾਈਕਲ ਦੀਆਂ ਵੱਜਣ ਟੱਲੀਆਂ!**

ਜਾਂ

**'ਮੇਰਾ ਵੀਰ ਸੰਧਾਰਾ ਲਿਆਇਆ**
**ਘਰ ਘਰ ਵੰਡਦੀ ਫਿਰਾਂ'!**

ਅਤੇ

**'ਵੀਰ ਮੇਰਾ ਆਇਆ ਕੁੜੀਓ,**
**ਹੱਥ ਛਤਰੀ ਪੀਪੇ ਵਿਚ ਸੇਂਵੀਆਂ'!**

ਇਸ ਤਰ੍ਹਾਂ 'ਤੀਆਂ ਤੀਜ ਦੀਆਂ ਵਰ੍ਹੇ ਦਿਨਾਂ ਨੂੰ ਆਈਆਂ' ਹੋ ਨਿਬੜਦੀਆਂ!

ਇਕ ਬੜੇ ਮਸ਼ਹੂਰ ਗੀਤ ਦੀਆਂ ਲਾਈਨਾਂ ਦੇਖੋ-

'ਸਾਵਣ ਆਇਆ ਤੀਆਂ ਆਈਆਂ
**ਕੱਠੀਆਂ ਹੋ ਨਣਦਾਂ ਭਰਜਾਈਆਂ**
**ਨਣਦ ਭਾਬੀ ਨੂੰ ਕਹਿੰਦੀ**
**ਨੀ ਆ ਜਾ ਭਾਬੀ ਝੂਟ ਲੈ**
**ਪੀਂਘ ਹੁਲਾਰੇ ਲੈਂਦੀ!**

ਮੁਟਿਆਰਾਂ ਕੱਠੀਆਂ ਹੋਣ 'ਤੇ ਗਿੱਧੇ ਦੀ ਧਮਾਲ ਨਾ ਪਵੇ, ਇਹ ਤਾਂ ਹੋ ਈ ਨਹੀਂ ਸਕਦਾ-

**'ਸਾਉਣ ਮਹੀਨੇ ਬੱਦਲ ਛਾਉਂਦਾ**
**ਰਿਮ ਝਿੰਮ ਪੈਣ ਫੁਹਾਰਾਂ**
**ਕੱਠੀਆਂ ਹੋ ਕੇ ਆਈਆਂ ਗਿੱਧੇ ਵਿਚ**
**ਪਾਉਣ ਧਮਾਲ ਮੁਟਿਆਰਾਂ'!**

ਅਤੇ

**ਸਾਉਣ ਦਾ ਮਹੀਨਾ ਗਿੱਧੇ ਤੀਆਂ ਵਿਚ ਪੈਣ ਨੀ**
**ਖਿੱਚ ਲੈ ਤਿਆਰੀ ਜੱਟ ਆਇਆ ਤੈਨੂੰ ਲੈਣ ਨੀਂ'!**

ਪੇਕੇ ਘਰ ਆਈ ਮੁਟਿਆਰ ਦਾ ਸਖੀਆਂ-ਸਹੇਲੀਆਂ ਨਾਲ ਦਿਲ ਐਨਾ ਲਗ ਜਾਂਦੈ ਕਿ ਉਸ ਦਾ ਸਹੁਰੇ ਪਰਤਣ ਨੂੰ ਦਿਲ ਨਹੀਂ ਕਰਦਾ-

**'ਸਾਉਣ ਦਾ ਮਹੀਨਾ,**
**ਵੇ ਤੂੰ ਆਇਓਂ ਗੱਡੀ ਜੋੜ ਕੇ,**
**ਮੈਂ ਨਹੀਂ ਸਹੁਰੇ ਜਾਣਾ,**
**ਲੈ ਜਾ ਖਾਲੀ ਗੱਡੀ ਮੋੜ ਕੇ'।**

ਧੀਆਂ-ਭੈਣਾਂ ਤਾਂ ਸਾਉਣ ਮਹੀਨੇ ਦੀ ਮਹਿਮਾ ਕਰਦੀਆਂ ਝਟਪਟ ਹੀ ਉਸ ਨਾਲ ਮਾਂ-ਜਾਏ ਦਾ ਰਿਸ਼ਤਾ ਗੰਢ ਲੈਂਦੀਆਂ ਹਨ ਅਤੇ ਭਾਦੋਂ ਨੂੰ ਮਿਹਣਾ ਦੇ ਮਾਰਦੀਆਂ ਹਨ-

**'ਸੌਣ ਵੀਰ ਕੱਠੀਆਂ ਕਰੇ/ਭਾਦੋਂ ਚੰਦਰੀ ਵਿਛੋੜੇ ਪਾਵੇ'**

ਅਤੇ

**'ਭਾਦੋਂ ਕੜਕ ਚੜ੍ਹੀ/ਕੁੜੀਆਂ ਦੇ ਪੈਣ ਵਿਛੋੜੇ'!**
**ਤੀਆਂ 'ਤੇ ਮਾਹੀਆ ਨਾ ਆਵੇ ਤਾਂ ਉਲਾਂਭਾ ਮਿਲਦੈ-**
**'ਹੋਰਨਾਂ ਦੇ ਮਾਹੀਏ ਤੀਆਂ 'ਤੇ ਆਉਂਦੇ ਮੇਰਾ**
**ਗੁੱਡੇ ਕਪਾਹ/ਵੇ ਕੀ ਰਾਹ ਨਹੀਂ ਜਾਣਦਾ,**
**ਬਗਲਾ ਬਣ ਕੇ ਆ'!**

ਜਾਂ

**'ਸੌਣ ਮਹੀਨਾ ਦਿਨ ਤੀਆਂ ਦੇ ਗੋਡੇ ਗੋਡੇ ਘਾਹ ਵੇ**
**ਕੀ ਰਾਹ ਨੀ ਜਾਣਦਾ ਤੀਆਂ ਦੇਖਣ ਆ ਵੇ!**
**'ਤੇ 'ਸੌਣ ਮਹੀਨੇ ਮੀਂਹ ਪੈ ਜਾਂਦਾ ਗੋਡੇ ਗੋਡੇ ਘਾਹ**
**ਵੇ ਮੈਂ ਰਿੰਨ੍ਹੀਆਂ ਸੇਵੀਆਂ/ਕਮਲੇ ਨੂੰ ਚੜ੍ਹ ਗਿਆ ਚਾਅ'!**

ਅਤੇ

**'ਆਇਆ ਸਾਉਣ ਦਾ ਮਹੀਨਾ ਮੈਨੂੰ ਗੋਡੇ ਗੋਡੇ ਚਾਅ**
**ਮੈਂ ਤੇ ਰਿੰਨ੍ਹ ਲਈ ਆ ਖੀਰ ਨਾਲੇ ਪੂੜੇ ਲਏ ਪਕਾ**
**ਆ ਕੇ ਖਾ ਜਾ ਸੋਹਣਿਆਂ/ਤੇਰੀ ਲਾਡੋ ਰਹੀ ਬੁਲਾ'!**

ਸਾਡੀਆਂ ਦਾਦੀਆਂ/ਮਾਵਾਂ ਵੇਲੇ ਪੂੜੇ ਬਣਾਉਣ ਲਈ ਪਿੱਪਲ ਦੇ ਪੱਤਿਆਂ ਦੇ ਵਿਸ਼ੇਸ਼ ਕਿਸਮ ਦੇ ਪਲਟੇ ਬਣਾਏ ਜਾਂਦੇ ਸਨ। ਪਿੱਪਲ ਪਵਿੱਤਰ ਮੰਨਿਆਂ ਜਾਂਦੈ ਅਤੇ ਉਸ ਦੇ ਪੱਤੇ ਕੂਲੇ ਵੀ ਬੜੇ ਹੁੰਦੇ ਹਨ। ਪੱਤੇ ਨੂੰ ਮੋੜ ਕੇ ਉਸ ਦੀ ਡੰਡੀ ਨੂੰ ਪਤੇ ਦੇ ਮੂਹਰਲੇ ਪਾਸੇ ਕੀਤੇ ਸ਼ੇਕ ਵਿਚ ਫਸਾ ਕੇ ਪਲਟਾ ਬਣਾਇਆ ਜਾਂਦਾ ਸੀ ਜਿਸ ਨਾਲ ਪੂੜਿਆਂ ਨੂੰ ਤਵੇ ਉਪਰ ਪਲਟਾਇਆ ਜਾਂਦਾ ਸੀ। ਮੈਂ ਖੁਦ ਕਈ ਸਾਰੇ ਪੱਤੇ ਤੋੜ ਕੇ ਮਾਂ ਨੂੰ ਲਿਆ ਕੇ ਦਿੰਦਾ ਰਿਹੈਂ। ਸੇਵੀਆਂ ਵੀ ਜਾਂ ਤਾਂ ਹੱਥੀਂ ਵੱਟੀਆਂ ਜਾਂਦੀਆਂ ਸਨ ਅਤੇ ਜਾਂ ਦੇਸੀ ਵੇਲਣੇ ਨਾਲ, ਜਿਸ ਨੂੰ ਹੱਥ ਨਾਲ ਗੇੜਨ ਲਈ ਬੜੀ ਜਾਨ ਲਗਦੀ ਸੀ।

ਸੌਣ ਮਹੀਨੇ ਪਿਆਰੇ ਦੀ ਗੈਰ-ਹਾਜ਼ਰੀ ਬੜੀ ਰੜਕਦੀ ਹੈ-

**'ਸਾਵਣ ਆਇਆ ਬਾਦਲ ਛਾਏ**
**ਬੁਲਬੁਲ ਚਹਿਕੀ ਫੂਲ ਖਿਲੇ**
**ਆਨੇ ਵਾਲੇ ਸਭ ਆ ਪਹੁੰਚੇ**
**ਜਾਨੇ ਤੁਮ ਕਬ ਆਉਗੇ'।**

ਇਸੇ ਹੀ ਲੜੀ ਵਿਚ ਉਹ ਨਿਹੋਰਾ ਸ਼ਾਮਿਲ ਹੈ-

**'ਤੇਰੀ ਦੋ ਟਕਿਆਂ ਦੀ ਨੌਕਰੀ,**
**ਵੇ ਮੇਰਾ ਲੱਖਾਂ ਦਾ ਸਾਵਣ ਜਾਏ'!**
**ਇਕ ਗੀਤ ਵੀ ਹੈ-**
**'ਅੜੀ ਵੇ ਅੜੀ ਲੱਗੀ ਸੌਣ ਦੀ ਝੜੀ,**
**ਦੁੱਧ ਪੀ ਲੈ ਬਾਲਮਾ/ਵੇ ਮੈਂ ਕਦੋਂ ਦੀ ਖੜ੍ਹੀ'।**

ਪਪੀਹਾ ਸੁਆਂਤੀ ਬੂੰਦ ਲਈ ਪੀਊ ਪੀਊ ਪੁਕਾਰਦੈ ਅਤੇ ਬਰਸਾਤ ਦੇ ਇਸ ਮਹੀਨੇ ਵਿਚ ਇਹ ਬੂੰਦ ਉਸ ਨੂੰ ਤ੍ਰਿਪਤ ਕਰਦੀ ਹੈ।

ਸਾਵਣ ਨਾਲ ਕਈ ਪੰਜਾਬੀ ਮੁਹਾਵਰੇ/ਅਖਾਣ ਵੀ ਜੁੜੇ ਹੋਏ ਹਨ-

**ਸਾਵਣ ਦੀ ਝੜੀ ਨਾ ਕੋਠਾ ਨਾ ਕੜੀ,**
**ਬੱਦਲ ਚੜ੍ਹ ਆ ਟਿੱਲਿਉਂ**
**ਗਾਂ ਮੱਝ ਨਾ ਖੁੱਲ੍ਹੇ ਕਿੱਲਿਉਂ,**
**ਸਾਵਣ ਵਿਚ ਨਿਆਣੇ ਕੁੱਟ ਮੀਂਹ ਪੈਣਾ,**
**ਸਾਵਣ ਸੁਤੀ ਸਦਾ ਵਿਗੁਤੀ,**
**ਸਾਵਣ ਵਸੇ ਨਿੱਤ ਨਿੱਤ ਤੇ ਭਾਦਰੋਂ ਦੇ ਦਿਨ ਚਾਰ,**
**ਸਾਵਣ ਵਹਾਏ ਤੇ ਕੱਤਕ ਗਹਾਏ,**
**ਸਾਉਣ ਦੇ ਮਹੀਨੇ ਮੰਜੇ ਡਾਹੀਏ ਵੇ ਨਾ ਜੋੜ ਕੇ**
**ਵਗਣ ਪ੍ਰਣਾਲੇ ਪਾਣੀ ਲੈ ਨਾ ਜਾਵੇ ਰੋੜ੍ਹਕੇ',**
**ਸੌਣ ਸੁੱਕੇ ਨਾਂ ਭਾਦੋਂ ਹਰੇ,**
**ਸਾਉਣ ਮੀਂਹ ਸੌ ਭਾਦੋਂ ਮੀਂਹ ਚਾਰ ਜੇ**
**ਅੱਸੂਵਲੀਆ ਲਗ ਜੇ ਬੇੜੇ ਹੋਵਣ ਪਾਰ,**
**ਸਾਵਣ ਬੱਦਲ ਵਸਦੇ ਨੇ ਅੰਬ ਜਮੋਈਏ ਰਸਦੇ ਨੇ,**
**ਭਾਦੋਂ ਧੁੱਪਾਂ ਕਹਿਰ ਦੀਆ**
**ਝੜੀਆਂ ਕਈ ਕਈ ਪਹਿਰ ਦੀਆਂ,**
**ਸਾਉਣ ਦੇ ਅੰਨ੍ਹੇ ਨੂੰ ਹਰਾ ਈ ਹਰਾ ਦਿਸਦੈ,**
**ਜੇਠ ਹਾੜ ਬਹੁਤਾ ਨਹਾਈਏ**
**ਸੋਣ ਭਾਦੋਂ ਥੋੜ੍ਹਾ ਖਾਈਏ,**
**ਜੇਠ ਹਾੜ ਸੰਵੀਏਂ,**
**ਸੌਣ ਭਾਦੋਂ ਭੰਵੀਏ ਆਦਿ।**



# ਡੋਲੀ

## ਗੱਡੇ ਤੋਂ ਹੈਲੀਕਾਪਟਰ ਤੱਕ

**ਜਗਦੇਵ ਸ਼ਰਮਾ ਬੁਗਰਾ**

*ਜਿਵੇਂ ਅਸੀਂ ਪੰਜਾਬੀ ਹੌਲਦਾਰ ਨੂੰ ਵੀ ਥਾਣੇਦਾਰ ਕਹਿ ਕੇ ਉਸ ਨੂੰ ਸਨਮਾਨ ਦਿੰਦੇ ਹਾਂ, ਉਸੇ ਤਰ੍ਹਾਂ ਲੋਕ ਆਪਣੇ ਗੱਡੇ /ਰਥ ਨੂੰ ਵੀ ਗੱਡੀ ਕਹਿ ਕੇ ਕਾਰ ਦੀ ਸਵਾਰੀ ਦਾ ਅਹਿਸਾਸ ਕਰ ਲੈਂਦੇ ਹੋਣਗੇ ਅਤੇ ਲਾੜੀ ਨਾਲ ਆਉਣ ਵਾਲੇ ਉਸ ਦੇ ਭਾਈ 'ਗੱਡੀ ਵਾਲੇ ।'*

ਗੱਲ ਉਨ੍ਹਾਂ ਜ਼ਮਾਨਿਆਂ ਦੀ ਹੈ ਜਦੋਂ ਆਵਾਜਾਈ ਦੇ ਸਾਧਨ ਬੜੇ ਸੀਮਿਤ ਹੋਇਆ ਕਰਦੇ ਸਨ।ਉਨ੍ਹਾਂ ਦਿਨਾਂ ਵਿੱਚ ਬਰਾਤਾਂ ਵੀ ਊਠਾਂ, ਘੋੜਿਆਂ, ਗੱਡਿਆਂ 'ਤੇ ਹੀ ਜਾਂਦੀਆਂ ਹੁੰਦੀਆਂ ਸਨ ਅਤੇ ਬਰਾਤ ਤਿੰਨ ਤਿੰਨ ਦਿਨ ਠਹਿਰਦੀ ਹੁੰਦੀ ਸੀ।ਪੰਜਾਬੀ ਫਿਲਮ 'ਵਿਚੋਲਾ' ਅਜਿਹੇ ਵਿਆਹਾਂ ਦੀ ਪੁਖ਼ਤਾ ਉਦਾਹਰਨ ਪੇਸ਼ ਕਰਦੀ ਹੈ। ਭਾਵੇਂ ਵਿਹਾਰਕ ਰੂਪ ਵਿੱਚ ਲਾੜੀ ਨੂੰ ਵਿਆਹ ਕੇ ਲਿਜਾਣ ਵੇਲੇ ਡੋਲੀ/ਪਾਲਕੀ ਦੀ ਵਰਤੋਂ ਦਾ ਗਵਾਹ ਤਾਂ ਮੈਂ ਨਹੀਂ ਰਿਹਾ, ਪ੍ਰੰਤੂ ਜਿਵੇਂ ਕਿ ਅਸੀਂ ਫਿਲਮਾਂ/ਨਾਟਕਾਂ ਵਿੱਚ ਡੋਲੀ ਉੱਠਦੀ ਦੇਖਦੇ ਹਾਂ, ਇਹ ਸਾਧਨ ਹੁੰਦਾ ਜ਼ਰੂਰ ਸੀ। ਮੇਰੀ ਉਮਰ ਸੱਤਰੋਂ ਪਾਰ ਹੈ, ਇਸ ਲਈ ਕਹਿ ਸਕਦੇ ਹਾਂ ਕਿ ਪੰਜਾਬ ਵਿੱਚ ਡੋਲੀ ਉੱਠਣ ਦੀ ਰਸਮ 70 ਸਾਲ ਤੋਂ ਪੁਰਾਣੀ ਹੋ ਸਕਦੀ ਹੈ।

**ਕਹਾਰੋ ਡੋਲੀ ਨਾ ਚਾਇਓ**
**ਹਾਲੇ ਮੇਰਾ ਬਾਬਲ ਆਇਆ ਨ੍ਹੀਂ।**

**ਚੱਕ ਲਓ ਕਹਾਰੋ ਡੋਲੀ**
**ਰੋਂਦੀਆਂ ਨੂੰ ਰੋਣ ਦਿਓ।**

ਡੋਲੀ ਅਰਥਾਤ ਪਾਲਕੀ ਨੂੰ ਆਪਣੇ ਮੋਢਿਆਂ ਉੱਪਰ ਚੁੱਕ ਕੇ ਲਿਜਾਣ ਲਈ ਚਾਰ ਬੰਦੇ ਹੁੰਦੇ ਸਨ, ਜਿਹੜੇ ਇੱਕ ਖ਼ਾਸ ਭਾਈਚਾਰੇ ਵਿੱਚੋਂ ਹੁੰਦੇ ਸਨ ਅਤੇ ਉਨ੍ਹਾਂ ਨੂੰ ਕਹਾਰ ਕਿਹਾ ਜਾਂਦਾ ਸੀ। ਸਮੇਂ ਦੇ ਬੀਤਣ ਨਾਲ ਬਰਾਤ ਊਠਾਂ, ਘੋੜਿਆਂ ਤੋਂ ਗੱਡਿਆਂ 'ਤੇ ਜਾਣ ਲੱਗੀ ਅਤੇ ਲਾੜੀ ਨੂੰ ਲਿਜਾਣ ਵਾਸਤੇ ਇਸ ਸ਼ੁਭ ਕਾਰਜ ਲਈ ਵਿਸ਼ੇਸ਼ ਤੌਰ 'ਤੇ ਸਜਾਏ ਰਥ ਵਰਤੋਂ ਵਿੱਚ ਲਿਆਂਦੇ ਜਾਣ ਲੱਗੇ। ਰਥ ਵੀ ਸੀਮਿਤ ਹੀ ਹੁੰਦੇ ਸਨ, ਇੱਕ ਪਿੰਡ ਵਿੱਚ ਇੱਕ-ਦੋ ਰਥ ਹੀ ਹੁੰਦੇ ਸਨ ਅਤੇ ਇਹ ਕਿਰਾਏ 'ਤੇ ਉਪਲੱਬਧ ਹੁੰਦੇ ਸਨ। ਰਥ ਦੇ ਨਾਲ ਨਾਲ ਰਥ ਨੂੰ ਖਿੱਚਣ ਵਾਲੇ ਬਲਦਾਂ ਦੀ ਵੀ ਸਜਾਵਟ ਕੀਤੀ ਜਾਂਦੀ ਸੀ।ਬਲਦਾਂ ਦੇ ਪੈਰਾਂ ਵਿੱਚ ਰੰਗ ਬਿਰੰਗੀ ਲੋਗੜੀ ਦੀਆਂ ਡੋਰਾਂ, ਰੰਗਦਾਰ ਨੱਥਾਂ ਅਤੇ ਕਈ ਵਾਰ ਸਿੰਗਾਂ ਉੱਪਰ ਚਾਂਦੀ ਦੀਆਂ ਟੋਪੀਆਂ ਚਾੜ੍ਹੀਆਂ ਹੁੰਦੀਆਂ ਸਨ। ਬਲਦਾਂ ਅਤੇ ਰਥ ਦੇ ਨਾਲ ਨਾਲ ਕਾਹਨੀ (ਬਲਦਾਂ ਨੂੰ ਹਿੱਕਣ ਵਾਲਾ) ਨੇ ਵੀ ਟੌਹਰ ਖਿੱਚੀ ਹੁੰਦੀ ਸੀ। ਦੂਰ ਦੀਆਂ ਰਿਸ਼ਤੇਦਾਰੀਆਂ ਜਿਹੜੀਆਂ ਰੇਲ ਨਾਲ ਜੁੜੀਆਂ ਹੁੰਦੀਆਂ ਸਨ ਤਾਂ ਬਰਾਤ ਲਿਜਾਣ ਲਈ ਰੇਲ ਗੱਡੀ ਦੀ ਵਰਤੋਂ ਵੀ ਕਰ ਲਈ ਜਾਂਦੀ ਸੀ। ਮੈਂ ਖ਼ੁਦ ਅਜਿਹੀਆਂ ਦੋ ਬਰਾਤਾਂ ਗਿਆ ਹਾਂ ਜਿਹੜੀਆਂ






ਸੱਠਵਿਆਂ ਵਿੱਚ ਰੇਲ ਰਾਹੀਂ ਗਈਆਂ ਸਨ।

ਬੱਸਾਂ ਦੀ ਆਮਦ ਨਾਲ ਥੋੜ੍ਹਾ ਹੋਰ ਤਬਦੀਲੀ ਆਈ। ਹੁਣ ਬਰਾਤ ਨੂੰ ਢੋਹਣ ਲਈ ਬੱਸਾਂ ਦੀ ਵਰਤੋਂ ਕੀਤੀ ਜਾਣ ਲੱਗੀ ਸੀ। ਬੱਸ ਡਰਾਈਵਰ ਦੇ ਬਿਲਕੁਲ ਪਿਛਲੀ ਸੀਟ ਨੂੰ ਇੱਕ ਕੱਪੜਾ (ਖੇਸ ਆਦਿ) ਤਾਣ ਕੇ ਬੱਸ ਵਿੱਚ ਬੈਠੀਆਂ ਬਾਕੀ ਸਵਾਰੀਆਂ ਤੋਂ ਵੱਖਰਾ ਕਰ ਕੇ ਪਰਦਾ ਕਰ ਲਿਆ ਜਾਂਦਾ ਸੀ।ਇਸ ਤਰ੍ਹਾਂ ਇਹ ਤਿੰਨ ਸਵਾਰੀਆਂ ਵਾਲੀ ਸੀਟ ਇੱਕ ਕੈਬਿਨ ਦਾ ਰੂਪ ਧਾਰ ਲੈਂਦੀ ਸੀ। ਇਸ ਸੀਟ ਉੱਪਰ ਲਾੜੀ ਦੇ ਨਾਲ ਲਾੜਾ ਅਤੇ ਲਾੜੀ ਦੇ ਪਿੰਡੋਂ ਇੱਕ ਖ਼ਾਸ ਭਾਈਚਾਰੇ ਦੀ ਸੁਆਣੀ ਬੈਠੀ ਹੁੰਦੀ ਸੀ। ਇਸਤਰੀਆਂ ਦਾ ਬਰਾਤ ਨਾਲ ਜਾਣ ਦਾ ਰਿਵਾਜ ਨਹੀਂ ਹੁੰਦਾ ਸੀ, ਇਸ ਲਈ ਵਿਚੋਲਣ ਵੀ ਉੱਥੇ ਹੀ ਘੁਸੜ ਜਾਂਦੀ ਸੀ।

ਫਿਰ ਸ਼ੁਰੂਆਤ ਹੋਈ ਬੱਸ ਦੇ ਨਾਲ ਇੱਕ ਕਾਰ ਲਿਜਾਣ ਦੀ। ਬਰਾਤ ਜਾਣ ਵੇਲੇ ਲਾੜੇ ਨਾਲ ਸਰਵਾਲਾ, ਲਾੜੇ ਦੇ ਜੀਜੇ ਅਤੇ ਇੱਕ ਅੱਧੇ ਹੋਰ ਅਤਿ ਨੇੜਲੇ ਰਿਸ਼ਤੇਦਾਰ ਨੂੰ ਕਾਰ ਵਿੱਚ ਬੈਠਣ ਦਾ ਮੌਕਾ ਮਿਲਦਾ ਸੀ। ਵਾਪਸੀ 'ਤੇ ਲਾੜੇ ਅਤੇ ਲਾੜੀ ਦੇ ਨਾਲ ਵਿਚੋਲਣ, ਉਹੀ ਖ਼ਾਸ ਭਾਈਚਾਰੇ ਦੀ ਇੱਕ ਸੁਆਣੀ ਅਤੇ ਇੱਕ-ਦੋ ਲਾੜੀ ਦੇ ਭਰਾ ਕਾਰ ਵਿੱਚ ਘੁਸੜ ਕੇ ਬੈਠ ਜਾਂਦੇ।ਸ਼ਾਇਦ ਉਦੋਂ ਇਹ ਗੀਤ ਬਣਿਆ ਹੋਣਾ;

**ਗੱਡੀ ਵਿੱਚੋਂ ਲੱਤ ਲਮਕੇ,**
**ਕੋਈ ਭੌਰ ਚੱਲਿਆ ਮੁਕਲਾਵੇ।**

ਇੱਕ ਸਮੇਂ ਇੱਕੋ ਮਾਡਲ ਅਤੇ ਇੱਕੋ ਰੰਗ ਦੀਆਂ ਕਾਰਾਂ ਬਰਾਤ ਵਿੱਚ ਲਿਜਾਣ ਦਾ ਰਿਵਾਜ ਵੀ ਚੱਲਿਆ ਸੀ।ਹੁਣ ਜ਼ਮਾਨਾ ਹੈ ਕਿ ਬਰਾਤੀ ਸਿੱਧੇ ਪੈਲੇਸ ਪਹੁੰਚਦੇ ਹਨ, ਉਹ ਵੀ ਆਪੋ ਆਪਣੀਆਂ ਕਾਰਾਂ ਵਿੱਚ। ਵਿਆਂਦੜ ਦੇ ਪਰਿਵਾਰ ਦੀ ਇਸ ਪੱਖੋਂ ਖੇਚਲ ਥੋੜ੍ਹੀ ਘਟ ਗਈ ਹੈ। ਸਮੇਂ ਨੇ ਕਰਵਟ ਬਦਲੀ ਹੈ। ਜਿਹੜੀ ਬਰਾਤ ਕਿਸੇ ਵੇਲੇ ਊਠਾਂ ਘੋੜਿਆਂ ਜਾਂ ਗੱਡਿਆਂ 'ਤੇ ਜਾਇਆ ਕਰਦੀ ਸੀ, ਅੱਜ ਸਰਦੇ ਪੁੱਜਦੇ ਘਰਾਂ ਦੇ ਟਾਵੇਂ ਟਾਵੇਂ ਨਵਾਬਜ਼ਾਦੇ ਲਾੜੀ ਨੂੰ ਵਿਆਹੁਣ ਗੱਡੀਆਂ ਕਾਰਾਂ ਤੋਂ ਵੀ ਅੱਗੇ ਲੰਘ ਕੇ ਹੈਲੀਕਾਪਟਰਾਂ 'ਤੇ ਜਾਣ ਲੱਗ ਪਏ ਹਨ।




ਇੱਕ ਪੇਂਡੂ ਲੜਕੀ ਨੇ ਪਹਿਲੀ ਵਾਰ ਘਰ ਤੋਂ ਬਾਹਰ ਕਿਸੇ ਓਪਰੇ ਘਰ ਜਾਣਾ ਹੁੰਦਾ ਸੀ, ਇਸ ਲਈ ਲੜਕੀ ਓਦਰੇ ਨਾ ਦਾ ਖ਼ ਿਆਲ ਰੱਖਦਿਆਂ ਲਾੜੀ ਦੇ ਸਕੇ ਭਰਾਵਾਂ ਤੋਂ ਇਲਾਵਾ, ਭਾਈਆਂ ਦੇ ਥਾਂ ਲੱਗਦੇ ਮਾਮੇ, ਚਾਚਿਆਂ, ਤਾਈਆਂ, ਮਾਸੀਆਂ, ਭੂਆਂ ਦੇ ਬੇਟੇ ਵੀ ਲੜਕੀ ਦੇ ਨਾਲ ਜਾਂਦੇ। ਲੜਕੀ ਦੇ ਨਾਲ ਗਏ ਇਨ੍ਹਾਂ ਭਰਾਵਾਂ ਨੂੰ ਗੱਡੀ ਵਾਲੇ ਕਹਿ ਕੇ ਬੁਲਾਇਆ ਜਾਂਦਾ ਸੀ। ਗੱਡੀ ਵਾਲਿਆਂ ਨੂੰ ਚਾਹ ਵਰਤਾਓ, ਗੱਡੀ ਵਾਲਿਆਂ ਨੂੰ ਪਰਸ਼ਾਦਾ ਪਾਣੀ ਛਕਾਓ, ਗੱਡੀ ਵਾਲਿਆਂ ਦੇ ਸੌਣ ਲਈ ਫਲਾਣਿਆਂ ਦੀ ਬੈਠਕ ਵਿੱਚ ਮੰਜੇ ਡਾਹ ਦਿਓ ਆਦਿ। ਮੈਂ ਦੱਸ ਦੇਣਾ ਚਾਹਾਂਗਾ ਕਿ ਇਨ੍ਹਾਂ ਗੱਡੀ ਵਾਲਿਆਂ ਦੀ ਸੇਵਾ ਵੀ ਬਰਾਤੀਆਂ ਵਾਂਗ ਹੀ ਕੀਤੀ ਜਾਂਦੀ ਸੀ। ਬਰਾਤੀਆਂ ਵਾਂਗ ਗੱਡੀ ਵਾਲਿਆਂ ਨੂੰ ਤੱਤੀਆਂ-ਤੱਤੀਆਂ ਸਿੱਠਣੀਆਂ ਤੇ ਕਰਾਰੇ-ਕਰਾਰੇ ਗੀਤ ਵੀ ਕੁੜੀਆਂ-ਬੁੜ੍ਹੀਆਂ ਕੋਲੋਂ ਸੁਣਨ ਨੂੰ ਮਿਲਦੇ ਸਨ ਕਿਉਂਕਿ ਉਹ ਲਾੜੇ ਦੇ ਸਾਲੇ ਜੋ ਠਹਿਰੇ।

'ਗੱਡੀ ਆਲੇ' ਲਫਜ਼ ਉਦੋਂ ਵੀ ਹੁੰਦਾ ਸੀ ਜਦੋਂ ਗੱਡੀ ਯਾਨੀ ਕਿ ਬਰਾਤ ਵਿੱਚ ਕਾਰ ਲਿਜਾਣ ਦਾ ਨਾਮੋ ਨਿਸ਼ਾਨ ਵੀ ਨਹੀਂ ਹੁੰਦਾ ਸੀ। ਅਜਿਹਾ ਪਤਾ ਨਹੀਂ ਕਿਉਂ ? ਮੇਰੀ ਸਮਝ ਮੁਤਾਬਿਕ ਜਿਵੇਂ ਅਸੀਂ ਪੰਜਾਬੀ ਹੌਲਦਾਰ ਨੂੰ ਵੀ ਥਾਣੇਦਾਰ ਕਹਿ ਕੇ ਉਸ ਨੂੰ ਸਨਮਾਨ ਦਿੰਦੇ ਹਾਂ, ਉਸੇ ਤਰ੍ਹਾਂ ਲੋਕ ਆਪਣੇ ਗੱਡੇ/ਰਥ ਨੂੰ ਵੀ ਗੱਡੀ ਕਹਿ ਕੇ ਕਾਰ ਦੀ ਸਵਾਰੀ ਦਾ ਅਹਿਸਾਸ ਕਰ ਲੈਂਦੇ ਹੋਣਗੇ ਅਤੇ ਲਾੜੀ ਨਾਲ ਆਉਣ ਵਾਲੇ ਉਸ ਦੇ ਭਾਈ 'ਗੱਡੀ ਵਾਲੇ।'

ਸੋ ਸਮੇਂ ਦੇ ਨਾਲ ਡੋਲੀ ਦਾ ਰੂਪ ਬਦਲਦਾ ਰਿਹਾ ਹੈ। ਹੈਲੀਕਾਪਟਰ ਤੋਂ ਬਾਅਦ ਹੁਣ ਅੱਗੇ ਪਤਾ ਨਹੀਂ ਡੋਲੀ ਲਈ ਕਿਸ ਸਾਧਨ ਦੀ ਵਰਤੋਂ ਕੀਤੀ ਜਾਵੇਗੀ।

# ਆਓ ਹੱਸੀਏ

- ਰਮੇਸ਼ : ਮੈਨੂੰ ਆਪਣੀ ਪਤਨੀ ਤੋਂ ਤਲਾਕ ਚਾਹੀਦਾ ਹੈ
ਵਕੀਲ : ਕਿਉਂ ?
ਰਮੇਸ਼ : ਉਹ ਪਿਛਲੇ 5 ਮਹੀਨੇ ਤੋਂ ਮੇਰੇ ਨਾਲ ਗੱਲ ਨਹੀਂ ਕਰ ਰਹੀ।
ਵਕੀਲ : ਇਕ ਵਾਰ ਫਿਰ ਚੰਗੀ ਤਰ੍ਹਾਂ ਸੋਚ ਲਓ। ਅਜਿਹੀਪ ਤਨੀ ਵਾਰ ਵਾਰ ਨਹੀਂ ਮਿਲਦੀ।
- ਚਿੰਟੂ ਕਾਰ ਨੂੰ ਧੋ ਰਿਹਾ ਸੀ ਅਤੇ ਕੋਲੋਂ ਲੰਘਦੀ ਇਕ ਆਂਟੀ ਨੇ ਪੁੱਛਿਆ, ਚਿੰਟੂ ਬੇਟੇ ਕਾਰ ਧੋ ਰਹੇ ਹੋ ?
ਚਿੰਟੂ : ਨਹੀਂ ਆਂਟੀ ਕਾਰ ਨੂੰ ਪਾਣੀ ਦੇ ਰਿਹਾ ਹਾਂ ਸ਼ਾਇਦ ਵੱਡੀ ਹੋ ਬੱਸ ਜਾਵੇ।
- ਪਹਿਲੀ ਜੂੰ : ਮੇਰਾ ਮਕਾਨ ਬਹੁਤ ਸੋਹਣਾ ਹੈ ਉਸ ਵਿਚ ਲੰਬੀਆਂ ਲੰਬੀਆਂ ਸੜਕਾਂ ਹਨ।
ਦੂਜ ਜੂੰ : ਮੇਰੇ ਮਕਾਨ ਵਿਚ ਛੋਟੀਆਂ-ਛੋਟੀਆਂ ਸੜਕਾਂ ਹਨ।
ਤੀਜੀ ਜੂੰ : ਇਕ ਗੰਜੇ ਦੇ ਸਿਰ ਵਿਚ ਜਾ ਕੇ, ਮੈਂ ਤਾਂ ਅਜੇ ਪਲਾਟ ਹੀ ਲਿਆ ਹੈ, ਮਕਾਨ ਬਣਾਉਣ ਤਾਂ ਅਜੇ ਬਾਕੀ ਹੈ।
- ਮਾਸਟਰ : ਚੱਲੋ ਫੀਸ ਮੁਆਫ਼ ਦੀ ਅਰਜ਼ੀ ਲਿਖੋ...
ਸੁੱਖਾ : ਫੀਸ ਕਿੰਨੀ ਹੈ... ?
ਮਾਸਟਰ : 2299
ਸੁੱਖ : ਮੈਂ ਨੀ ਲਿਖਣੀ
ਮਾਸਟਰ : ਕਿਉਂ ?
ਸੁੱਖਾ : ਸਾਡਾ ਬਾਪੂ ਕਹਿੰਦੇ 1000-2000 ਪਿਛੇ ਲੰਡੀ-ਬੁੱਚੀ ਦੀ ਮਿੰਨਤ ਨੀ ਕਰੀਦੀ...





# ਹੰਕਾਰ ਦਾ ਕਰੋ ਤਿਆਗ

**ਸੰਜੀਵ ਸਿੰਘ ਸੈਣੀ**

*ਹੰਕਾਰੀ ਇਨਸਾਨ ਆਪਣੇ ਤੋਂ ਨੀਵੇਂ ਲੋਕਾਂ ਨੂੰ ਬਿਲਕੁਲ ਵੀ ਟਿੱਚ ਨਹੀਂ ਜਾਣਦਾ ਅਤੇ ਉਨ੍ਹਾਂ ਨਾਲ ਨ.ਫਰਤ ਕਰਦਾ ਹੈ। ਜਦੋਂ ਹੰਕਾਰੀ ਇਨਸਾਨ ਆਪਣੇ ਤੋਂ ਉੱਚੇ ਵਾਲੇ ਨੂੰ ਦੇਖਦਾ ਹੈ ਤਾਂ ਉਸ ਦੇ ਅੰਦਰ ਨ.ਫਰਤ, ਈਰਖਾ ਜਿਹੇ ਨਕਾਰਾਤਮਕ ਵਿਚਾਰ ਆਉਣੇ ਸ਼ੂਰੂ ਹੋ ਜਾਂਦੇ ਹਨ।*

ਹਰ ਇਨਸਾਨ ਵਿਚ ਗੁਣ ਤੇ ਔਗੁਣ ਹੁੰਦੇ ਹਨ। ਹੰਕਾਰ ਸਭ ਤੋਂ ਖ਼ਤਰਨਾਕ ਹੁੰਦਾ ਹੈ। ਅਕਸਰ ਕਿਹਾ ਜਾਂਦਾ ਹੈ ਕਿ 'ਹੰਕਾਰਿਆ ਸੋ ਮਾਰਿਆ।' ਕਿਸੇ ਨੂੰ ਧਨ ਦੌਲਤ, ਮਹਿਲ-ਮਾੜੀਆਂ, ਚਤੁਰਾਈ, ਸੁੰਦਰਤਾ, ਵਿੱਦਿਆ, ਪੜ੍ਹਾਈ ਲਿਖਾਈ, ਕਾਰਾਂ ਆਦਿ ਦਾ ਘੁਮੰਡ ਹੋ ਜਾਂਦਾ ਹੈ। ਜਿਸ ਇਨਸਾਨ ਵਿਚ ਹੰਕਾਰ ਹੁੰਦਾ ਹੈ, ਉਹ ਚੰਗੇ ਲੋਕਾਂ ਨਾਲ ਖੋਰ ਪਿੱਟਦਾ ਹੈ। ਜੋ ਮਾੜੇ ਲੋਕ ਹੁੰਦੇ ਹਨ, ਉਨ੍ਹਾਂ ਨਾਲ ਦੋਸਤੀ ਕਰਦਾ ਹੈ। ਹੰਕਾਰੀ ਇਨਸਾਨ ਆਪਣੇ ਤੋਂ ਨੀਵੇਂ ਲੋਕਾਂ ਨੂੰ ਬਿਲਕੁਲ ਵੀ ਟਿੱਚ ਨਹੀਂ ਜਾਣਦਾ। ਇਨ੍ਹਾਂ ਨਾਲ ਨ.ਫਰਤ ਕਰਦਾ ਹੈ। ਜਦੋਂ ਹੰਕਾਰੀ ਇਨਸਾਨ ਆਪਣੇ ਤੋਂ ਉੱਚੇ ਨੂੰ ਦੇਖਦਾ ਹੈ ਤਾਂ ਉਸ ਦੇ ਅੰਦਰ ਨ.ਫਰਤ, ਈਰਖਾ ਜਿਹੇ ਨਕਾਰਾਤਮਕ ਵਿਚਾਰ ਆਉਣੇ ਸ਼ੁਰੂ ਹੋ ਜਾਂਦੇ ਹਨ। ਇਹ ਇਨਸਾਨ ਮੇਰੇ ਨਾਲੋਂ ਵਧੀਆ ਕਿਵੇਂ ਹੈ?

ਕਿਸੇ ਨੂੰ ਆਪਣੀ ਸਰਕਾਰੀ ਨੌਕਰੀ ਦਾ ਘੁਮੰਡ ਬਹੁਤ ਜ਼ਿਆਦਾ ਹੁੰਦਾ ਹੈ। ਉਸ ਨੂੰ ਏਨਾ ਜ਼ਿਆਦਾ ਘੁਮੰਡ ਆ ਜਾਂਦਾ ਹੈ ਕਿ ਉਹ ਆਪਣੇ ਰੁਤਬੇ ਨੂੰ ਭੁੱਲ ਜਾਂਦਾ ਹੈ। ਰੁਤਬੇ ਦਾ ਘੁਮੰਡ ਨਹੀਂ ਕਰਨਾ ਚਾਹੀਦਾ। ਚੜ੍ਹਦੇ ਛਿਪਦੇ ਪਰਛਾਵੇਂ ਹੁੰਦੇ ਹਨ। ਇਥੇ ਧਰਤੀ 'ਤੇ ਕੋਈ ਸਦਾ ਰਹਿਣ ਵਾਲਾ ਨਹੀਂ ਹੈ। ਠੀਕ ਇਸੇ ਤਰ੍ਹਾਂ ਲੋਕਾਂ ਨੂੰ ਪੈਸੇ ਦਾ ਬਹੁਤ ਜ਼ਿਆਦਾ ਘੁਮੰਡ ਹੁੰਦਾ ਹੈ। ਜ਼ਿਆਦਾ ਪੈਸਾ ਹੋਣ ਕਾਰਨ ਰਿਸ਼ਤੇਦਾਰਾਂ ਨਾਲ ਗੱਲਬਾਤ ਕਰਨੀ ਛੱਡ ਦਿੰਦੇ ਹਨ। ਪੈਸੇ ਦਾ ਬਹੁਤ ਜ਼ਿਆਦਾ ਗ਼ੁਮਾਨ ਹੋ ਜਾਂਦਾ ਹੈ। ਅਜਿਹਾ ਇਨਸਾਨ ਰੱਬ ਨੂੰ ਵੀ ਭੁੱਲ ਜਾਂਦਾ ਹੈ।

ਹਮੇਸ਼ਾ ਸੋਚ ਸਮਝ ਕੇ ਬੋਲੋ। ਜਿਸ ਇਨਸਾਨ ਨੂੰ ਹੰਕਾਰ ਹੁੰਦਾ ਹੈ, ਉਸ ਨੂੰ ਇਹ ਹੁੰਦਾ ਹੈ ਕਿ ਮੈਨੂੰ ਸਮਾਜ ਵਿਚ ਰਹਿੰਦੇ ਹੋਏ ਕਿਸੇ ਤੋਂ ਵੀ ਕੋਈ ਜ਼ਰੂਰਤ ਨਹੀਂ ਪੈਣੀ। ਹੰਕਾਰੀ ਬੰਦੇ ਨੂੰ ਗ਼ਲਤ-ਫ਼ਹਿਮੀ ਹੋ ਜਾਂਦੀ ਹੈ ਕਿ ਮੈਂ ਸਭ ਤੋਂ ਜ਼ਿਆਦਾ ਤਾਕਤਵਰ ਹਾਂ। ਉਸਦੀ ਸੋਚ ਬਹੁਤ ਘਟੀਆ ਹੋ ਜਾਂਦੀ ਹੈ। ਉਸ ਨੂੰ ਇਹ ਹੁੰਦਾ ਹੈ ਕਿ ਸਭ ਪਾਸੇ ਉਸ ਦੀ ਚੱਲੇ। ਉਸ ਨੂੰ ਵਡਿਆਈ ਮਿਲੇ। ਸਾਰੇ ਲੋਕ ਉਸ ਦੀ ਪ੍ਰਸੰਸਾ ਕਰਨ। ਪਰ ਅਜਿਹਾ ਬਿਲਕੁਲ ਵੀ ਨਹੀਂ ਹੁੰਦਾ। ਹੰਕਾਰੀ ਇਨਸਾਨ ਕੋਲ ਕੋਈ ਬੰਦਾ ਦੁੱਖ ਵਿਚ ਸ਼ਰੀਕ ਵੀ ਨਹੀਂ ਹੁੰਦਾ। ਅਜਿਹੇ ਬੰਦੇ ਤੋਂ ਹਰ ਕੋਈ ਦੂਰ ਹੋ ਜਾਂਦਾ ਹੈ। ਜ਼ਿੰਦਗੀ ਬਸਰ ਕਰਦੇ ਹੋਏ ਕਦੇ ਵੀ ਹੰਕਾਰ ਨਹੀਂ ਕਰਨਾ ਚਾਹੀਦਾ। ਅਕਸਰ ਕਿਹਾ ਜਾਂਦਾ ਹੈ ਕਿ ਫਲ ਹਮੇਸ਼ਾ ਨੀਵਿਆਂ ਰੁੱਖਾਂ ਨੂੰ ਲੱਗਦੇ ਹਨ। ਹੰਕਾਰ ਲੰਮਾ ਸਮਾਂ ਨਹੀਂ ਚਲਦਾ। ਸਮਾਜ ਵਿਚ ਵਿਚਰਦੇ ਹੋਏ ਸਭ ਦੀ ਇੱਜ਼ਤ ਕਰੋ। ਕਦੇ ਵੀ ਕਿਸੇ ਨੂੰ ਉੱਚਾ, ਮੰਦਾ ਨਾ ਬੋਲੋ। ਅਕਸਰ ਸੋਚਿਆ ਜਾਵੇ ਤਾਂ ਹੰਕਾਰ ਨਾਲ ਮਿਲਦਾ ਤਾਂ ਕੁਝ ਨਹੀਂ, ਪਰ ਪੱਲੇ ਕੁਝ ਵੀ ਨਹੀਂ ਰਹਿੰਦਾ।







# ਗੁੱਟ ਤੇਰੇ ਬੰਨ੍ਹਾ ਰੱਖੜੀ

**ਬਲਜਿੰਦਰ ਕੌਰ ਸ਼ੇਰਗਿੱਲ**

ਰੱਖੜੀ ਦਾ ਤਿਉਹਾਰ ਪੁਰਾਣੇ ਸਮੇਂ ਤੋਂ ਚੱਲਦਾ ਆ ਰਿਹਾ ਹੈ। ਰੱਖੜੀ ਭੈਣ-ਭਰਾ ਦੇ ਪਿਆਰ ਦਾ ਤਿਉਹਾਰ ਹੈ। ਸਾਰੇ ਧਰਮਾਂ ਦੇ ਲੋਕ ਇਸ ਨੂੰ ਬੜੇ ਉਤਸ਼ਾਹ ਨਾਲ ਮਨਾਉਂਦੇ ਹਨ। ਇਹ ਤਿਉਹਾਰ ਅਗਸਤ ਮਹੀਨੇ 'ਚ ਆਉਂਦਾ ਹੈ।

ਇਹ ਤਿਉਹਾਰ ਭੈਣ-ਭਰਾ ਦੇ ਅਟੁੱਟ ਬੰਧਨ ਦਾ ਪ੍ਰਤੀਕ ਹੈ। ਹਰ ਇੱਕ ਭੈਣ ਨੂੰ ਇਸ ਦਿਨ ਦਾ ਬੇਸਬਰੀ ਨਾਲ ਇੰਤਜ਼ਾਰ ਹੁੰਦਾ ਹੈ ਕਿ ਕਦੋਂ ਰੱਖੜੀ ਦਾ ਤਿਉਹਾਰ ਆਵੇ ਤੇ ਉਹ ਆਪਣੇ ਵੀਰ ਦੇ ਰੱਖੜੀ ਬੰਨੇ। ਰੱਖੜੀ ਭੈਣ ਵਲੋਂ ਆਪਣੇ ਵੀਰ ਨੂੰ ਸੱਜੀ ਬਾਂਹ ਜਾਂ ਗੁੱਟ 'ਤੇ ਧਾਗਾ ਜਾਂ ਰੱਖੜੀ ਬੰਨ ਕੇ ਮੱਥੇ ਟਿੱਕਾ ਲਗਾ ਕੇ ਫਿਰ ਮੂੰਹ ਮਿੱਠਾ ਕਰਾ ਕੇ, ਸ਼ਗਨ ਪੂਰਾ ਕਰਦੀ ਹੈ ਤੇ ਆਪਣੇ ਵੀਰ ਕੋਲੋਂ ਆਪਣੀ ਸੁਰੱਖਿਆ ਦਾ ਵਚਨ ਲੈਂਦੀ ਹੈ ਕਿ ਜਦੋਂ ਭੈਣ 'ਤੇ ਵੀ ਸੰਕਟ ਆਵੇ ਤਾਂ ਉਸਦਾ ਵੀਰ ਉਸਦੀ ਮਦਦ ਲਈ ਤਤਪਰ ਹਾਜ਼ਰ ਹੋ ਜਾਵੇ ਤੇ ਉਸਦੀ ਰੱਖਿਆ ਕਰੇ। ਭੈਣਾਂ ਆਪਣੇ ਵੀਰ ਦੀ ਲੰਮੀ ਉਮਰ ਦੀ ਕਾਮਨਾ ਨਾਲ ਇਹ ਪਵਿੱਤਰ ਤਿਉਹਾਰ ਮਨਾਉਂਦੀਆਂ ਹਨ।

ਉਂਝ ਤਾਂ ਸਾਡੇ ਸਮਾਜ 'ਚ ਭਰਾ ਆਪਣੀ ਭੈਣ ਲਈ ਹਰ ਸਮੇਂ ਮਦਦ ਲਈ ਅੱਗੇ ਆਉਂਦਾ ਹੈ, ਜੋ ਕਿ ਭੈਣ ਭਰਾ ਦੇ ਪਿਆਰ ਨੂੰ ਹੋਰ ਜ਼ਿਆਦਾ ਮਜ਼ਬੂਤ ਬਣਾਉਂਦਾ ਹੈ।

ਇਹ ਤਿਉਹਾਰ ਸਕੀ ਭੈਣ ਤੋਂ ਇਲਾਵਾ ਧਰਮ ਦੀ ਭੈਣ ਬਣਾ ਕੇ ਵੀ ਨਿਭਾਇਆ ਜਾ ਰਿਹਾ ਹੈ। ਜਿਹਨਾਂ ਵੀਰਾਂ ਦੀਆਂ ਭੈਣਾਂ ਨਹੀਂ ਹੁੰਦੀਆਂ ਉਹ ਧਰਮ ਦੀਆਂ ਭੈਣਾਂ ਤੋਂ ਰੱਖੜੀ ਬੰਨਵਾ ਕੇ ਆਪਣੇ ਭੈਣ ਭਰਾ ਦੇ ਰਿਸ਼ਤੇ ਹੋਰ ਗੂੜ੍ਹਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਤਰ੍ਹਾਂ ਧਰਮ ਦੀ ਭੈਣ ਤੋਂ ਰੱਖੜੀ ਬੰਨਵਾ ਕੇ ਸਾਡੇ ਸਮਾਜ ਅੰਦਰ ਜੋ ਜਾਤ-ਪਾਤ, ਭੇਦ ਭਾਵ ਦੀ ਭਾਵਨਾ ਨੂੰ ਵੀ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਸ ਤਿਉਹਾਰ ਨੂੰ ਮਨਾਉਣ ਦੀ ਖੁਸ਼ੀ ਇੱਕ ਦੋ ਮਹੀਨੇ ਪਹਿਲਾਂ ਬਾਜ਼ਾਰਾਂ 'ਚ ਦਿਖਾਈ ਦੇਣ ਲੱਗ ਜਾਂਦੀ ਹੈ। ਜਿਹਨਾਂ ਭੈਣਾਂ ਦੇ ਵੀਰ ਪ੍ਰਦੇਸੀ ਹੁੰਦੇ ਹਨ ਉਹ ਭੈਣਾਂ ਆਪਣੇ ਵੀਰ ਲਈ ਪਹਿਲਾਂ ਹੀ ਰੱਖੜੀ ਭੇਜ ਭਾਵ ਪਾਰਸਲ ਕਰ ਦਿੰਦੀਆਂ ਹਨ ਤਾਂ ਕਿ ਉਹਨਾਂ ਦੇ ਵੀਰਾਂ ਕੋਲ ਇਹ ਸਹੀ ਵਕਤ 'ਤੇ ਪਹੁੰਚ ਸਕੇ। ਵੀਰਾਂ ਨੂੰ ਵੀ ਆਪਣੀ ਭੈਣ ਪਾਸੋਂ ਆਈ ਰੱਖੜੀ ਦੀ ਉਡੀਕ ਹੁੰਦੀ ਹੈ। ਉਹ ਪ੍ਰਦੇਸਾਂ 'ਚ ਆਪਣੀ ਭੈਣ ਦੀ ਰੱਖੜੀ ਦਾ ਇੰਤਜ਼ਾਰ ਕਰਦਾ ਹੈ।

ਅੱਜ ਕਲ੍ਹ ਬਾਜ਼ਾਰਾਂ 'ਚ ਵੱਖ-ਵੱਖ ਕਿਸਮ ਦੀਆਂ ਰੱਖੜੀਆਂ ਆਉਂਦੀਆਂ ਹਨ। ਬੱਚਿਆਂ ਲਈ ਮਨਭਾਉਂਦੀਆਂ ਖੇਡਾਂ ਵਾਲੀਆਂ ਰੱਖੜੀਆਂ ਜਾਂ ਫਿਰ ਕਾਰਟੂਨ ਵਾਲੀਆਂ ਰੱਖੜੀਆਂ ਦੇਖਣ ਨੂੰ ਮਿਲਦੀਆਂ ਹਨ। ਉਹਨਾਂ ਵਿੱਚ ਖਾਸ ਕਿਸਮ ਦਾ ਲੂੰਬਾ ਵੀ ਦਿਖਾਈ ਦਿੰਦਾ ਹੈ। ਉਹ ਲੂੰਬਾ ਭਰਜਾਈ ਲਈ ਲਿਜਾਇਆ ਜਾਂਦਾ ਹੈ। ਭਰਜਾਈ ਇਸ ਨੂੰ ਆਪਣੀਆਂ ਚੂੜੀਆਂ ਨਾਲ ਕਲਾਈ ਵਿੱਚ ਪਾ ਬਹੁਤ ਖੁਸ਼ੀ ਹੁੰਦੀ ਹੈ। ਇਹ ਲਟਕਣ ਦੀ ਤਰ੍ਹਾਂ ਬਾਹਾਂ ਵਿੱਚ ਪਾਇਆ ਦਿਖਾਈ ਦਿੰਦਾ ਹੈ।

ਸਾਡੇ ਇਸ ਤਿਉਹਾਰ ਦੇ ਦਿਨ ਕੁਝ ਵੀਰ ਰੱਖੜੀ ਦੇ ਤਿਉਹਾਰ ਹੁਣ ਵੀ ਵਾਂਝੇ ਰਹਿ ਜਾਂਦੇ ਹਨ। ਜਿਹਨਾਂ ਦੇ ਭੈਣਾਂ ਨਹੀਂ ਹੁੰਦੀਆਂ ਉਹਨਾਂ ਨੂੰ ਸਕੀ ਭੈਣ ਦੀ ਘਾਟ ਇਸ ਤਿਉਹਾਰ ਉੱਤੇ ਜ਼ਰੂਰ ਮਹਿਸੂਸ ਹੁੰਦੀ ਹੈ। ਜਾਂ ਫ਼ਿਰ ਕੁੜੀਆਂ ਨੂੰ ਜੰਮਦੇ ਮਾਰ ਦਿੱਤਾ ਜਾਂਦਾ ਹੈ। ਆਏ ਦਿਨ ਅਖ਼ਬਾਰਾਂ ਰਾਹੀਂ ਜਦੋਂ ਪਤਾ ਚੱਲਦਾ ਹੈ ਕਿ ਬੱਚੀ ਦਾ ਭਰੂਣ ਮਿਲਿਆ ਹੈ, ਇਹ ਸੋਚ ਕੇ ਸਮਾਜ ਨੇ ਤਾਂ ਸ਼ਰਮਸਾਰ ਹੋਣਾ ਹੀ ਹੈ ਪਰ ਉਹਨਾਂ ਮਾਪਿਆਂ ਦੀ ਮੂਰਖਤਾ ਸਾਡੇ ਸਮਾਜ 'ਤੇ ਕਿੰਨਾ ਪ੍ਰਭਾਵ ਪਾਉਂਦੀ ਹੈ। ਸਾਡੇ ਸਮਾਜ ਵਿੱਚ ਅੱਜ ਵੀ ਕੁੜੀ ਨੂੰ ਜਾਂ ਤਾਂ ਕੁੱਖ ਵਿੱਚ ਹੀ ਮਾਰ ਦਿੱਤਾ ਜਾਂਦਾ ਹੈ ਜਾਂ ਉਸ ਨੂੰ ਪੈਦਾ ਹੁੰਦੇ ਹੀ ਮਾਰ ਦਿੱਤਾ ਜਾਂਦਾ ਹੈ। ਉਸ ਦੇ ਜ਼ਿੰਮੇਵਾਰ ਸਾਡਾ ਹੀ ਸਮਾਜ ਹੈ। ਭਰੂਣ ਹੱਤਿਆ ਜਿਹਾ ਪਾਪ ਕਰਕੇ ਸਾਡੀਆਂ ਧੀਆਂ ਨੂੰ ਮਾਰਿਆ ਜਾ ਰਿਹਾ ਹੈ। ਆਓ ਇਸ ਪਾਪ ਦੇ ਭਾਗੀਦਾਰਾਂ ਨੂੰ ਸਮਝਾਈਏ ਕੇ ਧੀਆਂ ਕਰਕੇ ਹੀ ਸੰਸਾਰ ਸੋਹਣਾ ਹੈ। ਇਹ ਮਾਂ, ਧੀ, ਨੂੰਹ ਬਣ ਇਸ ਜੱਗ ਨੂੰ ਅੱਗੇ ਵਧਾਉਂਦੀ ਹੈ। ਇਹ ਰੱਖੜੀ ਦਾ ਤਿਉਹਾਰ ਹਰ ਭੈਣ ਤੇ ਵੀਰ ਮਨਾਵੇ। ਹਰ ਇੱਕ ਭੈਣ ਉਸ ਦਿਨ ਕਹਿੰਦੀ ਹੈ ..

**ਦੁਆਵਾਂ ਭੈਣ ਮੰਗਦੀ ਵੀਰ ਲਈ ਦੁਆਵਾਂ,**
**ਸੁਣ ਮੇਰੇ ਡਾਢਿਆ ਰੱਬਾ,**
**ਦੂਰ ਕਰੀਂ ਨਾ ਵੀਰਾਂ ਦਾ ਪਰਛਾਵਾਂ**
**ਦੁਆਵਾਂ ਭੈਣ ਮੰਗਦੀ ਵੀਰ ਲਈ ਦੁਆਵਾਂ।**

**ਗੁੱਟ ਤੇਰੇ ਬੰਨ੍ਹਾ ਰੱਖੜੀ,**
**ਨਾਲੇ ਸ਼ਗਨ ਮਨਾਵਾਂ,**
**ਤੱਤੀ ਵਾਹ ਨਾ ਤੈਨੂੰ ਲੱਗੇ,**
**ਭੈਣਾਂ ਮੰਗਦੀਆਂ ਰੱਬ ਤੋਂ ਦੁਆਵਾਂ**
**ਗੁੱਟ ਤੇਰੇ ਬੰਨ੍ਹਾ ਰੱਖੜੀ।**

# ਮਹਿੰਦੀ ਦੇ ਹਨ ਰੂਪ ਅਨੇਕ





**ਸੁਨੀਤਾ ਗਾਬਾ**

ਮਹਿੰਦੀ ਦੇ ਹਨ ਰੂਪ ਅਨੇਕ ਮਹਿੰਦੀ ਦਾ ਨਾਂਅ ਆਉਂਦੇ ਹੀ ਧਿਆਨ ਹੱਥਾਂ ’ਤੇ ਜਾਂਦਾ ਹੈ ਅਤੇ ਡਿਜ਼ਾਇਨ ਦੀ ਕਲਪਨਾ ’ਚ ਗੁਆਚ ਜਾਂਦਾ ਹੈ ਕਿ ਮਹਿੰਦੀ ਲਗਾਉਣ ਤੋਂ ਬਾਅਦ ਅਜਿਹੇ ਲੱਗਾਂਗੇ ਪਹਿਲਾਂ ਤਾਂ ਮਹਿੰਦੀ ਵਿਆਹ, ਤਿਉਹਾਰ ਅਤੇ ਕਿਸੇ ਖਾਸ ਤਿਉਹਾਰ ’ਤੇ ਹੀ ਲਗਾਈ ਜਾਂਦੀ ਸੀ ਹੁਣ ਤਾਂ ਸ਼ੌਕੀਆ ਤੌਰ ’ਤੇ ਮਹਿੰਦੀ ਜਦੋਂ ਮਨ ਚਾਹੇ, ਪਾਰਲਰ ਜਾ ਕੇ ਅਸਾਨੀ ਨਾਲ ਲਗਵਾਈ ਜਾ ਸਕਦੀ ਹੈ ਖਾਸ ਕਰਕੇ ਦੁਲਹਨ ਤਾਂ ਮਹਿੰਦੀ ਤੋਂ ਬਿਨਾਂ ਅਧੂਰੀ ਜਿਹੀ ਲਗਦੀ ਹੈ ਹੁਣ ਮਹਿੰਦੀ ਦੇ ਬਹੁਤ ਸਾਰੇ ਰੂਪ ਹਨ ਜੋ ਚਾਹੇ, ਉਸ ਰੂਪ ਨਾਲ ਆਪਣੇ ਹੱਥਾਂ ਨੂੰ ਸਜਾ-ਸੰਵਾਰ ਸਕਦੇ ਹਾਂ

ਮਹਿੰਦੀ ਹੱਥਾਂ ’ਤੇ ਲਗਾਉਣਾ ਭਾਰਤੀ ਪਰੰਪਰਾ ਦਾ ਅਨੋਖਾ ਹਿੱਸਾ ਹੈ ਪ੍ਰਾਚੀਨ ਸਮੇਂ ’ਚ ਮਹਿੰਦੀ ਬਹੁਤ ਸਾਧਾਰਨ ਤਰੀਕੇ ਨਾਲ ਲਗਾਈ ਜਾਂਦੀ ਸੀ ਹਥੇਲੀ ਦੇ ਵਿੱਚੋ-ਵਿੱਚ ਵੱਡੀ ਜਿਹੀ ਬਿੰਦੀ ਅਤੇ ਉਂਗਲਾਂ ਦੇ ਪੋਰਾਂ ਨੂੰ ਮਹਿੰਦੀ ਨਾਲ ਭਰ ਦਿੱਤਾ ਜਾਂਦਾ ਸੀ ਸੁੱਕ ਜਾਣ ਤੋਂ ਬਾਅਦ ਗੋਰੇ-ਗੋਰੇ ਹੱਥਾਂ ’ਚ ਲਾਲ ਰੰਗ ਬਹੁਤ ਸੁੰਦਰ ਲੱਗਦਾ ਸੀ ਪ੍ਰਾਚੀਨ ਸਮੇਂ ’ਚ ਦੂਜਾ ਪ੍ਰਚੱਲਿਤ ਡਿਜ਼ਾਇਨ ਮੁੱਠੀ ਬੰਦ ਕਰਕੇ ਮਹਿੰਦੀ ਲਗਾਉਣ ਦਾ ਸੀ ਹਥੇਲੀ ਦੇ ਵਿੱਚੋ-ਵਿੱਚ ਮਹਿੰਦੀ ਲਗਾ ਕੇ ਮੁੱਠੀ ਬੰਦ ਕਰ ਸੁੱਕਣ ਤੱਕ ਐਵੇਂ ਹੀ ਰੱਖਿਆ ਜਾਂਦਾ ਸੀ ਸੁੱਕ ਜਾਣ ਤੋਂ ਬਾਅਦ ਬੜਾ ਸੁੰਦਰ ਜਿਹਾ ਮੁੱਠੀ ਦਾ ਡਿਜ਼ਾਇਨ ਬਣਦਾ ਸੀ ਵਿੱਚੋ-ਵਿੱਚ ਇੱਕ ਅਜੀਬ ਜਿਹੀ ਸ਼ਕਲ ਬਣਦੀ ਸੀ।

ਕਦੇ ਉਹ ਅੱਖ ਦੀ ਤਰ੍ਹਾਂ ਲੱਗਦੀ ਤਾਂ ਕਦੇ ਮੱਛੀ ਵਾਂਗ










ਹੁਣ ਵੀ ਲੋਕ ਬਾਜ਼ਾਰੋਂ ਮਹਿੰਦੀ ਨਹੀਂ ਲਗਵਾਉਂਦੇ ਹਨ, ਇਹੀ ਡਿਜ਼ਾਇਨ ਘਰ ਖੁਦ ਲਗਾ ਲੈਂਦੇ ਹਨ ਹੱਥਾਂ ਦੇ ਪਿੱਛੇ ਬਾਹਾਂ ਤੱਕ ਮਹਿੰਦੀ ਦੇ ਡਿਜ਼ਾਇਨ ਬਣਾਏ ਜਾਂਦੇ ਹਨ ਪੈਰਾਂ ਤੋਂ ਲੈ ਕੇ ਅੱਧੀਆਂ ਲੱਤਾਂ ’ਤੇ ਵੀ ਮਹਿੰਦੀ ਲਗਾਉਣ ਦਾ ਚਲਨ ਵਧ ਗਿਆ ਹੈ ਉਸ ਤੋਂ ਇਲਾਵਾ ਬਾਜੂਬੰਦ, ਗਰਦਨ ਦੇ ਪਿੱਛੇ-ਨਾਭੀ ਕੋਲ ਡਿਜ਼ਾਇਨ ਬਣਵਾਉਣ ਦਾ ਵੀ ਚਲਨ ਹੈ ਖਾਸ ਕਰਕੇ ਦੁੱਲਹਣ ਨੂੰ ਲਗਾਉਣ ਵਾਲੀ ਮਹਿੰਦੀ ਤਾਂ ਲਾਜਵਾਬ ਹੁੰਦੀ ਹੈ ਉਸ ਨੂੰ ਲਗਾਉਣ ’ਚ ਕਈ ਘੰਟੇ ਲੱਗਦੇ ਹਨ

### ਅਰੇਬਿਕ ਸਟਾਇਲ ਮਹਿੰਦੀ

ਇਹ ਭਾਰਤੀ ਮਹਿੰਦੀ ਤੋਂ ਅਲੱਗ ਹੁੰਦੀ ਹੈ ਇਸ ’ਚ ਜ਼ਿਆਦਾਤਰ ਬੇਲ ਵਾਲੇ ਫੁੱਲ ਪੱਤਿਆਂ ਦੇ ਡਿਜ਼ਾਇਨ ਹੁੰਦੇ ਹਨ ਅੰਗੂਠੇ ਕੋਲ ਦੀ ਉਂਗਲੀ ਤੋਂ ਸ਼ੁਰੂ ਕਰਕੇ ਹਥੇਲੀ ਦੇ ਆਖਰ ਤੱਕ ਲੈ ਜਾਂਦੇ ਹਨ ਹਥੇਲੀ ਦੇ ਦੋਵੇਂ ਪਾਸੇ ਖਾਲੀ ਰਹਿੰਦਾ ਹੈ ਇਨ੍ਹਾਂ ਦੇ ਡਿਜ਼ਾਇਨਾਂ ਨੂੰ ਭਰਿਆ ਨਹੀਂ ਜਾਂਦਾ ਇਹ ਥੋੜ੍ਹੀ ਮੋਟੀ ਹੁੰਦੀ ਹੈ ਅਤੇ ਆਊਟ-ਲਾਈਨ ਵੀ ਲਗਾਈ ਜਾਂਦੀ ਹੈ ਭਰੇ ਨਾ ਹੋਣ ਕਾਰਨ ਇਹ ਜਲਦੀ ਸੁੱਕਦੀ ਹੈ ਅਤੇ ਭਾਰਤੀ ਮਹਿੰਦੀ ਤੋਂ ਇਹ ਅਲੱਗ ਲੱਗਦੀ ਹੈ ਇਸ ਨੂੰ ਉਂਗਲਾਂ ’ਤੇ ਵੀ ਘੱਟ ਲਾਇਆ ਜਾਂਦਾ ਹੈ

### ਅਫਰੀਕਨ ਮਹਿੰਦੀ

ਅਫਰੀਕਨ ਮਹਿੰਦੀ ਬੇਸਿਕਲੀ ਤਾਂ ਅਰੈਬਿਕ ਮਹਿੰਦੀ ਤੋਂ ਮਿਲੀ ਹੈ ਇਸ ’ਚ ਵੀ ਆਊਟ-ਲਾਈਨ ਬਣਾਈ ਜਾਂਦੀ ਹੈ ਉਨ੍ਹਾ ਨੂੰ ਭਰਿਆ ਨਹੀਂ ਜਾਂਦਾ ਪਰ ਇਨ੍ਹਾਂ ਦੇ ਡਿਜ਼ਾਇਨ ਫੁੱਲ ਪੱਤਿਆਂ ਵਾਲੇ ਨਾ ਹੋ ਕੇ ਜਿਊਮੈਟਰੀਕਲ ਹੁੰਦੇ ਹਨ ਜਿਵੇਂ ਟਰਾਈਐਂਗਲ, ਸਕਵੇਅਰ, ਡਾਟ, ਟਰਾਈਐਂਗਲ ਆਦਿ ਵੈਸੇ ਇਹ ਡਿਜ਼ਾਇਨ ਨਾਲ-ਨਾਲ ਬਣਾਏ ਜਾਂਦੇ ਹਨ ਇਸ ਨਾਲ ਹੱਥ ਭਰਿਆ-ਭਰਿਆ ਲਗਦਾ ਹੈ ਹੁਣ ਤਾਂ ਹਿੰਦੂ, ਮੁਸਲਿਮ, ਈਸਾਈ, ਸਿੱਖ ਹਰ ਜਾਤੀ ਦੇ ਲੋਕ ਮਹਿੰਦੀ ਬੜੇ ਸ਼ੌਂਕ ਨਾਲ ਲਗਵਾਉਂਦੇ ਹਨ ਹਿੰਦੂਆਂ ’ਚ ਕਰਵਾਚੌਥ ’ਤੇ ਅਤੇ ਮੁਸਲਿਮਾਂ ’ਚ ਈਦ ਦੇ ਤਿਉਹਾਰ ’ਤੇ ਮਹਿੰਦੀ ਦਾ ਬਹੁਤ ਕਰੇਜ਼ ਰਹਿੰਦਾ ਹੈ

### ਮਹਿੰਦੀ ਦਾ ਰੰਗ ਵਧੀਆ ਲਿਆਉਣ ਲਈ

ਮਹਿੰਦੀ ਚੰਗੀ ਤਰ੍ਹਾਂ ਤੁਹਾਡੇ ਹੱਥਾਂ ’ਤੇ ਰਚ ਜਾਵੇ, ਉਸ ਦੇ ਲਈ ਮਹਿੰਦੀ ਨੂੰ ਘੱਟ ਤੋਂ ਘੱਟ 4 ਤੋਂ 5 ਘੰਟੇ ਤੱਕ ਲੱਗਿਆ ਰਹਿਣ ਦਿਓ ਉਂਜ ਤੁਸੀਂ ਪੂਰੀ ਰਾਤ ਮਹਿੰਦੀ ਲਗਾ ਕੇ ਵੀ ਰੱਖ ਸਕਦੇ ਹੋ

ਮਹਿੰਦੀ ਸੁੱਕਣ ਤੋਂ ਬਾਅਦ ਇੱਕਦਮ ਨਾ ਉਤਾਰੋ, 2-3 ਘੰਟਿਆਂ ਤੱਕ ਲੱਗੀ ਰਹਿਣ ਦਿਓ

ਮਹਿੰਦੀ ਸੁੱਕ ਜਾਣ ’ਤੇ ਉਸ ’ਤੇ ਨਿੰਬੂ, ਚੀਨੀ ਦਾ ਮਿਸ਼ਰਨ ਦੋ ਵਾਰ ਕੁਝ ਅੰਤਰਾਲ ’ਚ ਜ਼ਰੂਰ ਲਗਾਓ ਸੁੱਕਣ ਤੋਂ ਬਾਅਦ ਮਹਿੰਦੀ ਵਾਲੇ ਹੱਥਾਂ ਨੂੰ ਲੌਂਗ ਦਾ ਧੂੰਆਂ ਦਿਖਾਓ ਤਵੇ ’ਤੇ ਲੌਂਗ ਕਾਲੀ ਹੋਣ ਤੱਕ ਭੁੰਨੋ, ਜਦੋਂ ਧੂੰਆਂ ਉੱਠੇ ਹੱਥਾਂ ਨੂੰ ਕੁਝ ਦੂਰੀ ’ਤੇ ਰੱਖ ਕੇ ਧੂੰਆਂ ਲਓ ਮਹਿੰਦੀ ਦਾ ਰੰਗ ਖੂਬ ਡਾਰਕ ਆਏਗਾ ਚਾਹੇ ਤਾਂ ਹੱਥਾਂ ’ਤੇ ਵਿਕਸ ਵੀ ਲਗਾ ਸਕਦੇ ਹੋ

ਮਹਿੰਦੀ ਸੁੱਕਣ ’ਤੇ ਰੁਮਾਲ ਜਾਂ ਕਿਸੇ ਨਰਮ ਕੱਪੜੇ ਨਾਲ ਮਹਿੰਦੀ ਹਟਾ ਲਓ ਜਾਂ ਚਾਕੂ ਦੀ ਬਲੰਟ ਸਾਈਡ ਨਾਲ ਮਹਿੰਦੀ ਨੂੰ ਉਤਾਰੋ ਉਸ ਤੋਂ ਬਾਅਦ ਹੱਥ ਨਾ ਧੋਵੋ, ਉਸ ’ਤੇ ਨਾਰੀਅਲ ਦਾ ਤੇਲ ਚੋਪੜ ਲਓ

ਹੱਥ ਨਾਰਮਲ ਸਾਬਣ ਨਾਲ ਨਾ ਧੋਵੋ ਮਡ ਬੇਸਡ ਸਾਬਣ ਦੀ ਵਰਤੋਂ ਕਰੋ ਤਾਂ ਕਿ ਜ਼ਿਆਦਾ ਦਿਨ ਤੱਕ ਮਹਿੰਦੀ ਦਾ ਆਨੰਦ ਲੈ ਸਕੋ

ਮਹਿੰਦੀ ਦਾ ਰੰਗ ਹਲਕਾ ਹੋਣ ਲੱਗਦਾ ਹੈ ਤਾਂ ਹੱਥ ਗੰਦੇ ਲੱਗਣ ਲੱਗਦੇ ਹਨ ਅਜਿਹੇ ’ਚ ਪੈਚੇਜ ਨੂੰ ਹਟਾਉਣ ਲਈ ਕਾਸਮੈਟਿਕ ਬਾਡੀ ਬਲੀਚ ਦੀ ਵਰਤੋਂ ਕਰਕੇ ਹੱਥਾਂ ਦੀ ਮਹਿੰਦੀ ਸਾਫ ਕਰ ਲਓ

ਮਹਿੰਦੀ ਸੁਕਾਉਣ ਲਈ ਧੁੱਪ, ਪੱਖੇ ਜਾਂ ਬਲੋਅਰ ਦੀ ਵਰਤੋਂ ਨਾ ਕਰੋ ਕੁਦਰਤੀ ਤੌਰ ’ਤੇ ਮਹਿੰਦੀ ਸੁੱਕਣ ਦਿਓ








# ਗਰਮੀਆਂ 'ਚ ਛਾਈਆਂ, ਕਿੱਲ ਮੁਹਾਂਸਿਆਂ ਤੋਂ ਕਿਵੇਂ ਬਚੀਏ

**ਸਹਿਨਾਜ਼ ਹੁਸੈਨ**

ਚਿਹਰੇ 'ਤੇ ਛਾਈਆਂ ਦਾ ਹੋ ਜਾਣਾ ਇਕ ਸਧਾਰਨ ਸਮੱਸਿਆ ਹੈ। ਛਾਈਆਂ ਹੋਣ ਦੇ ਕਈ ਕਾਰਨ ਹੋ ਸਕਦੇ ਹਨ। ਗਰਮੀਆਂ ਵਿਚ ਸੂਰਜ ਦੀਆਂ ਤੇਜ਼ ਕਿਰਨਾਂ, ਪ੍ਰਦੂਸ਼ਣ, ਇਨਫੈਕਸ਼ਨ ਚਿਹਰੇ ਦਾ ਅਸਲੀ ਨਿਖਾਰ ਖੋਹ ਲੈਂਦੇ ਹਨ।

ਚਮੜੀ ਸੰਬੰਧੀ ਕਈ ਪ੍ਰੇਸ਼ਾਨੀਆਂ ਅਕਸਰ ਸਾਡੀ ਖ਼ੂਬਸੂਰਤੀ ਨੂੰ ਘਟਾ ਦਿੰਦੀਆਂ ਹਨ। ਕਿੱਲ, ਮੁਹਾਂਸਿਆਂ ਤੋਂ ਲੈ ਕੇ ਦਾਗ਼-ਧੱਬਿਆਂ ਅਤੇ ਛਾਈਆਂ ਤੱਕ ਸਭ ਸਾਡੇ ਚਿਹਰੇ ਦਾ ਨਿਖਾਰ ਖੋਹ ਲੈਂਦੇ ਹਨ। ਇਸ ਤਰ੍ਹਾਂ ਲੋਕ ਇਨ੍ਹਾਂ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਅਤੇ ਆਪਣੀ ਖ਼ੂਬਸੂਰਤੀ ਬਣਾਈ ਰੱਖਣ ਲਈ ਕਈ ਬਿਊਟੀ ਟਰੀਟਮੈਂਟ ਅਤੇ ਪਦਾਰਥਾਂ ਦੀ ਵਰਤੋਂ ਕਰਦੇ ਹਨ ਪਰ ਰਸਾਇਣਕ ਤੱਤਾਂ ਵਾਲੇ ਇਨ੍ਹਾਂ ਪਦਾਰਥਾਂ ਅਤੇ ਟਰੀਟਮੈਂਟਸ ਨਾਲ ਕਈ ਵਾਰ ਸਾਈਡ ਇਫੈਕਟ ਭਾਵ ਮਾੜੇ ਪ੍ਰਭਾਵ ਦਾ ਖ਼ਤਰਾ ਬਣਿਆ ਰਹਿੰਦਾ ਹੈ। ਏਨਾ ਹੀ ਨਹੀਂ ਇਨ੍ਹਾਂ ਪਦਾਰਥਾਂ ਅਤੇ ਟਰੀਟਮੈਂਟ ਦਾ ਅਸਰ ਕੁਝ ਸਮੇਂ ਬਾਅਦ ਖ਼ਤਮ ਹੋਣ ਲਗਦਾ ਹੈ, ਜਿਸ ਦੀ ਵਜ੍ਹਾ ਕਰਕੇ ਫਿਰ ਉਹੀ ਸਮੱਸਿਆਵਾਂ ਹੋਣ ਲਗਦੀਆਂ ਹਨ। ਜੇਕਰ ਤੁਸੀਂ ਵੀ ਚਿਹਰੇ ਦੀਆਂ ਛਾਈਆਂ ਅਤੇ ਦਾਗ਼-ਧੱਬਿਆਂ ਤੋਂ ਪ੍ਰੇਸ਼ਾਨ ਹੋ ਤਾਂ ਇਨ੍ਹਾਂ ਘਰੇਲੂ ਨੁਸਖਿਆਂ ਦੀ ਮਦਦ ਨਾਲ ਤੁਸੀਂ ਇਨ੍ਹਾਂ ਤੋਂ ਛੁਟਕਾਰਾ ਪਾ ਸਕਦੇ ਹੋ। ਧੁੱਪ ਨਾਲ ਚਮੜੀ ਖਰਾਬ ਹੋਣਾ ਭਾਵ ਸਨਬਰਨ, ਪੋਸ਼ਣ ਦੀ ਕਮੀ, ਤਣਾਅ, ਕੁਝ ਦਵਾਈਆਂ ਦੀ ਵਰਤੋਂ ਚਿਹਰੇ 'ਤੇ ਛਾਹੀਆਂ ਹੋਣ ਦਾ ਕਾਰਨ ਬਣ ਸਕਦਾ ਹੈ। ਇਸ ਤੋਂ ਸਹੀ ਪੋਸ਼ਣ, ਸਹੀ ਨੀਂਦ ਅਤੇ ਸਹੀ ਚਮੜੀ ਦੀ ਦੇਖਭਾਲ ਕਰਕੇ ਨਿਪਟਿਆ ਜਾ ਸਕਦਾ ਹੈ। ਚਮੜੀ ਦੀ ਸਫ਼ਾਈ ਲਈ ਸਕ੍ਰੱਬ ਦੀ ਵਰਤੋਂ ਨਾਲ ਮਰ ਚੁੱਕੀ ਚਮੜੀ ਭਾਵ ਡੈੱਡ ਸਕਿਨ ਸੈੱਲ ਆਪਣੇ-ਆਪ ਨਿਕਲ ਜਾਂਦੇ ਹਨ। ਮਾਸਕ ਅਤੇ ਸਕਰੱਬ ਪਿਗਮੈਂਟੇਸ਼ਨ ਘੱਟ ਕਰ ਸਕਦੇ ਹਨ। ਹੌਲੀ-ਹੌਲੀ ਗੂੜ੍ਹੇ ਦਾਗ਼ ਹਲਕੇ ਹੁੰਦੇ ਚਲੇ ਜਾਂਦੇ ਹਨ। ਪਰ ਦਾਗ਼, ਧੱਬੇ ਖ਼ਤਮ ਹੋਣ ਤੋਂ ਬਾਅਦ ਵੀ ਸਨਸਕ੍ਰੀਨ ਨੂੰ ਲਗਾਉਂਦੇ ਰਹਿਣਾ ਚਾਹੀਦਾ ਹੈ।



• **ਵਿਟਾਮਿਨ 'ਸੀ' ਸੀਰਮ ਦੀ ਵਰਤੋਂ ਕਰੋ :** ਐਂਟੀ-ਆਕਸੀਡੈਂਟ ਨਾਲ ਭਰਪੂਰ ਵਿਟਾਮਿਨ 'ਸੀ' ਸੀਰਮ ਦੀਆਂ ਬੂੰਦਾਂ ਨੂੰ ਚਿਹਰੇ 'ਤੇ ਲਗਾਤਾਰ ਲਗਾਓ। ਇਹ ਚਮੜੀ 'ਤੇ ਸੁਰੱਖਿਅਤ ਕਵਚ ਦਾ ਕੰਮ ਕਰਦਾ ਹੈ। ਇਸ ਨਾਲ ਨਾ ਸਿਰਫ਼ ਛਾਈਆਂ ਗੂੜ੍ਹੀਆਂ ਹੋਣ ਤੋਂ ਰੁਕਦੀਆਂ ਹਨ ਸਗੋਂ ਚਮੜੀ ਵੀ ਮੁਲਾਇਮ ਅਤੇ ਆਕਰਸ਼ਕ ਬਣਦੀ ਹੈ। ਵਿਟਾਮਿਨ 'ਸੀ' ਚਮੜੀ ਵਿਚ ਕੋਲੇਜਨ ਬਣਾਉਂਦਾ ਹੈ। ਦਰਅਸਲ ਇਸ ਸੀਰਮ ਦੀ ਮਦਦ ਨਾਲ ਟਾਇਰੋਸਿਨੇਸ ਨਾਂਅ ਦੇ ਐਂਜ਼ਾਈਮ ਪੈਦਾ ਹੋਣ ਨੂੰ ਰੋਕਿਆ ਜਾ ਸਕਦਾ ਹੈ, ਜੋ ਮੈਲੇਨਿਨ ਨੂੰ ਵਧਾ ਕੇ ਹਾਈਪਰਪਿਗਮੈਂਟੇਸ਼ਨ ਦਾ ਕਾਰਨ ਬਣਦਾ ਹੈ। ਇਸ ਨੂੰ ਲਗਾਉਣ ਨਾਲ ਚਿਹਰੇ ਦੀ ਰੰਗਤ ਵਿਚ ਵੀ ਬਦਲਾਅ ਨਜ਼ਰ ਆਉਣ ਲਗਦਾ ਹੈ।

• **ਸਨਸਕ੍ਰੀਨ ਦੀ ਵਰਤੋਂ ਕਰਨੀ ਨਾ ਭੁੱਲੋ :**





ਸਨਸਕ੍ਰੀਨ ਸਾਨੂੰ ਅਲਟਰਾ ਵਾਇਲਟ ਕਿਰਨਾਂ ਤੋਂ ਬਚਾਉਣ ਦਾ ਕੰਮ ਕਰਦੀ ਹੈ। ਇਸ ਨਾਲ ਮੈਲਾਨਿਨ ਬਣਨਾ ਆਪਣੇ-ਆਪ ਘੱਟ ਜਾਂ ਹੌਲੀ ਹੋ ਜਾਂਦਾ ਹੈ। ਬ੍ਰਾਡ ਸਪੈਕਟ੍ਰਮ, ਐਸ.ਪੀ.ਐਫ. 30 ਜਾਂ ਉਸ ਤੋਂ ਜ਼ਿਆਦਾ ਸਨਸਕ੍ਰੀਨ ਦੀ ਵਰਤੋਂ ਕਰੋ। ਇਸ ਤੋਂ ਇਲਾਵਾ ਕੜਕਦੀ ਧੁੱਪ ਵਿਚ ਬਾਹਰ ਨਿਕਲਣ ਤੋਂ ਬਚੋ। ਸਵੇਰੇ 10 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤੱਕ ਬਾਹਰ ਨਿਕਲਣ ਤੋਂ ਬਚੋ। ਬਾਹਰ ਜਾਣ ਤੋਂ ਪਹਿਲਾਂ ਐਨਕ, ਸਕਾਫ਼ ਜਾਂ ਟੋਪੀ ਪਾ ਕੇ ਬਾਹਰ ਜਾਓ।

• **ਕਲੈਂਜ਼ਰ ਦੀ ਕਰੋ ਵਰਤੋਂ :** ਠੰਢੇ ਦੁੱਧ ਵਿਚ 1 ਚਮਚ ਆਲਿਵ ਆਇਲ ਮਿਲਾਓ। ਉਸ ਤੋਂ ਬਾਅਦ ਇਸ ਵਿਚ ਸੂਰਜਮੁਖੀ ਦੇ ਤੇਲ ਦੀਆਂ ਕੁਝ ਬੂੰਦਾਂ ਪਾਓ। ਹੁਣ ਇਸ ਮਿਸ਼ਰਣ ਨੂੰ ਰੂੰ ਦੀ ਮਦਦ ਨਾਲ ਚਮੜੀ 'ਤੇ ਫੈਲਾਓ। ਇਸ ਨੂੰ ਲਗਾਤਾਰ ਲਗਾਉਣ ਨਾਲ ਚਿਹਰੇ 'ਤੇ ਨਿਖਾਰ ਆਉਣ ਲਗਦਾ ਹੈ। ਇਹ ਜ਼ਰੂਰੀ ਹੈ ਕਿ ਤੁਸੀਂ ਲਗਾਤਾਰ ਅਤੇ ਸਹੀ ਚਮੜੀ ਦੀ ਦੇਖਭਾਲ ਕਰਦੇ ਹੋ ਤਾਂ ਕਿ ਪਿਗਮੈਂਟੇਸ਼ਨ ਤੋਂ ਬਚਿਆ ਜਾ ਸਕੇ। ਪਰ ਜੇਕਰ ਕਿਸੇ ਵੀ ਕਾਰਨ ਨਾਲ ਤੁਹਾਡੇ ਚਿਹਰੇ 'ਤੇ ਛਾਈਆਂ ਦਿਸਣ ਲੱਗਣ ਤਾਂ ਉਸ ਲਈ ਇਥੇ ਕੁਝ ਘਰੇਲੂ ਨੁਕਤੇ ਦਿੱਤੇ ਗਏ ਹਨ।

**ਛਾਈਆਂ ਤੋਂ ਛੁਟਕਾਰਾ ਪਾਉਣ ਦੇ ਘਰੇਲੂ ਉਪਾਅ :**

• **ਜੈਫਲ :** ਇਕ ਚਮਚ ਜੈਫਲ ਦੇ ਪਾਊਡਰ ਵਿਚ ਅੱਧਾ ਚਮਚ ਤੇਲ ਮਿਲਾ ਕੇ ਕੁਝ ਦੇਰ ਤੱਕ ਚਿਹਰੇ 'ਤੇ ਸਕ੍ਰਬਿੰਗ ਕਰੋ। ਪੋਲੇ ਪੋਲੇ ਹੱਥਾਂ ਨਾਲ ਮਸਾਜ ਕਰਨ ਨਾਲ ਛਾਈਆਂ ਘੱਟ ਹੋਣ ਲਗਦੀਆਂ ਹਨ।

• **ਨਿੰਬੂ ਅਤੇ ਸ਼ਹਿਦ :** ਐਂਟੀ-ਆਕਸੀਡੈਂਟਸ ਅਤੇ ਵਿਟਾਮਿਨ 'ਸੀ' ਨਾਲ ਭਰਪੂਰ ਨਿੰਬੂ ਦਾ ਰਸ ਮੈਲਾਨਿਨ ਦੇ ਪ੍ਰਭਾਵ ਨੂੰ ਘੱਟ ਕਰਦਾ ਹੈ। ਇਸ ਲਈ ਨਿੰਬੂ ਦੇ ਰਸ ਵਿਚ ਸ਼ਹਿਦ ਮਿਲਾ ਕੇ ਲਗਾਉਣ ਨਾਲ ਚਿਹਰੇ 'ਤੇ ਬਣਨ ਵਾਲੇ ਦਾਗ਼ ਹੌਲੀ-ਹੌਲੀ ਘੱਟ ਹੋਣ ਲਗਦੇ ਹਨ।

• **ਆਲੂ ਨੂੰ ਰਗੜੋ :** ਆਲੂ ਨੂੰ ਧੋ ਕੇ ਗੋਲ ਫਾੜੀਆਂ ਵਿਚ ਕੱਟ ਲਓ। ਚਿਹਰੇ 'ਤੇ ਦਿਸਣ ਵਾਲੀਆਂ ਛਾਈਆਂ 'ਤੇ ਉਨ੍ਹਾਂ ਨੂੰ ਰਗੜੋ। ਇਸ ਨਾਲ ਦਾਗ਼ ਘਟ ਹੋਣ ਲੱਗਣਗੇ। ਇਸ ਤੋਂ ਇਲਾਵਾ ਆਲੂ ਨੂੰ ਪਤਲੇ ਸਾਈਜ਼ ਵਿਚ ਕੱਟ ਕੇ 5 ਤੋਂ 7 ਮਿੰਟ ਲਈ ਖੀਰੇ ਦੀ ਤਰ੍ਹਾਂ ਚਿਹਰੇ 'ਤੇ ਟਿਕੇ ਰਹਿਣ ਦਿਓ। ਉਸ ਤੋਂ ਬਾਅਦ ਸਧਾਰਨ ਪਾਣੀ ਨਾਲ ਧੋ ਲਓ।





# ਬਰਸਾਤਾਂ ਵਿਚ ਰਹੇ ਘਰ ਸਾਫ ਸੁਥਰਾ

**ਮਧੂ ਸਿੰਘ**



ਬਰਸਾਤ ਦਾ ਮੌਸਮ ਜਿੰਨਾ ਚੰਗਾ ਲਗਦਾ ਹੈ, ਓਨਾ ਹੀ ਚੁਣੌਤੀਆਂ ਭਰਿਆ ਹੁੰਦਾ ਹੈ। ਬਾਹਰ ਤੋਂ ਆਉਣ ਵਾਲਾ ਚਿੱਕੜ, ਲਗਾਤਾਰ ਬਣੀ ਰਹਿਣ ਵਾਲੀ ਨਮੀ, ਸਲ੍ਹਾਬ, ਬਦਬੂ, ਮੱਛਰ-ਮੱਖੀਆਂ, ਬਰਸਾਤ ਦੇ ਦਿਨਾਂ ਦੀ ਇਕ ਨਹੀਂ ਅਨੇਕ ਸਮੱਸਿਆਵਾਂ ਹੁੰਦੀਆਂ ਹਨ। ਕੱਪੜੇ ਮੁਸ਼ਕਿਲ ਨਾਲ ਸੁੱਕਦੇ ਹਨ ਪਰ ਜ਼ਰਾ ਜਿੰਨੀ ਬੇਧਿਆਨੀ ਨਾਲ ਤੁਰੰਤ ਗਿੱਲੇ ਹੋ ਜਾਂਦੇ ਹਨ। ਇਸ ਤਰ੍ਹਾਂ ਬਰਸਾਤ ਦੇ ਦਿਨਾਂ ਵਿਚ ਘਰ ਦੀ ਸਾਫ਼-ਸਫ਼ਾਈ ਜੇਕਰ ਥੋੜ੍ਹੀ ਜਿਹੀ ਯੋਜਨਾ ਨਾਲ ਨਾ ਕੀਤੀ ਜਾਵੇ ਤਾਂ ਸਿਰਦਰਦੀ ਹੋ ਸਕਦੀ ਹੈ। ਜਾਣਕਾਰ ਕਹਿੰਦੇ ਹਨ ਕਿ ਬਰਸਾਤਾਂ ਵਿਚ ਸਫ਼ਾਈ ਦਾ ਉਦੇਸ਼ ਸਿਰਫ਼ ਧੂੜ ਹਟਾਉਣਾ ਨਹੀਂ ਹੋਣਾ ਚਾਹੀਦਾ, ਸਗੋਂ ਨਮੀ ਨੂੰ ਕੰਟਰੋਲ ਕਰਨਾ ਵੀ ਹੋਣਾ ਚਾਹੀਦਾ। ਸੰਕ੍ਰਮਣ ਫੈਲਾਉਣ ਵਾਲੇ ਜੀਵਾਣੂਆਂ ਨੂੰ ਰੋਕਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਕ ਵਾਰ ਇਨ੍ਹਾਂ ਦਾ ਘਰ 'ਤੇ ਹਮਲਾ ਹੋ ਜਾਵੇ ਤਾਂ ਘਰ ਵਿਚ ਤਾਜ਼ਗੀ ਬਣਾਈ ਰੱਖਣਾ ਮੁਸ਼ਕਿਲ ਹੁੰਦਾ ਹੈ। ਇਹੀ ਸਭ ਕਾਰਨ ਹਨ ਕਿ ਬਰਸਾਤ ਦੇ ਦਿਨਾਂ ਵਿਚ ਘਰ ਦੀ ਸਫ਼ਾਈ ਸਿਰਫ਼ ਮਿਹਨਤ ਦਾ ਕੰਮ ਨਹੀਂ ਹੈ, ਸਗੋਂ ਸਮਾਰਟਨੈੱਸ ਦਾ ਵੀ ਕੰਮ ਹੈ।

ਸਭ ਤੋਂ ਪਹਿਲਾਂ ਘਰ ਦੇ ਮੁੱਖ ਦੁਆਰ 'ਤੇ ਧਿਆਨ ਦਿਓ। ਬਰਸਾਤ ਦੇ ਦਿਨਾਂ ਵਿਚ ਜ਼ਿਆਦਾਤਰ ਗੰਦਗੀ ਘਰ ਦੇ ਬਾਹਰ ਤੋਂ ਆਉਂਦੀ ਹੈ ਅਤੇ ਇਹ ਮੁੱਖ ਦੁਆਰ ਤੋਂ ਘਰ ਦੇ ਅੰਦਰ ਘੁੰਮਦੀ ਹੈ। ਇਸ ਲਈ ਉਸ ਨੂੰ ਉਥੇ ਰੋਕ ਦਿਓ। ਮਤਲਬ ਘਰ ਦੇ ਮੁੱਖ ਦੁਆਰ 'ਤੇ ਬਰਸਾਤ ਦੇ ਦਿਨਾਂ ਵਿਚ ਬਹੁਤ ਚੰਗੀ ਗੁਣਵੱਤਾ ਵਾਲੇ ਡੋਰ ਮੈਟ ਰੱਖਣੇ ਚਾਹੀਦੇ, ਜੋ ਬਾਹਰ ਤੋਂ ਆਉਣ ਵਾਲੀ ਸਾਰੀ ਗੰਦਗੀ ਨੂੰ ਉਥੇ ਰੋਕ ਲੈਣ। ਪਰ ਜ਼ਿਆਦਾਤਰ ਲੋਕ ਘਰ ਦੇ ਬਾਹਰੀ ਦਰਵਾਜ਼ੇ 'ਤੇ ਹਲਕਾ ਜਿਹਾ ਡੋਰ ਮੈਟ ਪਾ ਦਿੰਦੇ ਹਨ, ਜੋ ਗੰਦਗੀ ਸੋਕਣ ਦੀ ਬਜਾਏ ਖ਼ੁਦ ਹੀ ਤੁਰੰਤ ਗਿੱਲਾ ਹੋ ਜਾਂਦਾ ਹੈ। ਇਸ ਨਾਲ ਗੰਦਗੀ ਰੁਕਣ ਦੀ ਬਜਾਏ ਹੋਰ ਵਧ ਜਾਂਦੀ ਹੈ। ਬਰਸਾਤ ਦੇ ਦਿਨਾਂ ਵਿਚ ਫਰਸ਼ ਦੀ ਸਫ਼ਾਈ ਰੋਜ਼ ਕਰਨੀ ਚਾਹੀਦੀ ਅਤੇ ਇਨ੍ਹੀਂ ਦਿਨੀਂ ਸਿਰਫ਼ ਪਾਣੀ ਨਾਲ ਪੋਚਾ ਨਹੀਂ ਲਗਾਉਣਾ ਚਾਹੀਦਾ, ਕੀਟਾਣੂਨਾਸ਼ੀ ਜਾਂ ਕੁਦਰਤੀ ਕਲੀਨਰ ਦੀ ਵਰਤੋਂ ਕਰਨੀ ਚਾਹੀਦੀ ਹੈ। ਇਨ੍ਹੀਂ ਦਿਨੀਂ ਗਿੱਲਾ ਪੋਚਾ ਲਗਾਉਣ ਨਾਲ ਫਰਸ਼ ਨਮ ਰਹਿੰਦਾ ਹੈ, ਜਿਸ ਨਾਲ ਤਿਲਕਣ ਦਾ ਡਰ ਤਾਂ ਰਹਿੰਦਾ ਹੀ ਹੈ, ਕੀਟਾਣੂ ਵੀ ਬਣੇ ਰਹਿੰਦੇ ਹਨ। ਨਾਲ ਹੀ ਇਸ ਨਾਲ ਸਲ੍ਹਾਬ ਵੀ ਪੈਦਾ ਹੁੰਦੀ ਹੈ। ਇਸ ਲਈ ਮਾਈਕ੍ਰੋ ਫਾਈਬਰ ਪੋਚਾ ਇਸ ਮੌਸਮ ਵਿਚ ਜ਼ਿਆਦਾ ਬਿਹਤਰ ਹੁੰਦਾ ਹੈ।

ਇਨ੍ਹੀਂ ਦਿਨੀਂ ਇਲੈਕਟ ਕ੍ਰਾਨਿਕ ਉਪਕਰਨਾਂ ਦੀ ਸਫ਼ਾਈ ਵੀ ਜ਼ਰੂਰੀ ਹੈ-ਟੀ.ਵੀ., ਲੈਪਟਾਪ, ਰਿਮੋਟ, ਮੋਬਾਈਲ ਅਤੇ ਸਵਿੱਚ ਬੋਰਡ 'ਤੇ ਧੂੜ ਤੇ ਨਮੀ ਜਮ ਗ੍ਹਾਂ ਹੋ ਜਾਂਦੀ ਹੈ, ਇਨ੍ਹਾਂ ਨੂੰ ਸੁੱਕੇ ਮਾਈਕ੍ਰੋ ਫਾਈਬਰ ਕੱਪੜੇ ਨਾਲ ਲਗਾਤਾਰ ਸਾਫ਼ ਕਰੋ ਅਤੇ ਗਿੱਲੇ ਕੱਪੜੇ ਦੀ ਵਰਤੋਂ ਕਰਨ ਤੋਂ ਬਚੋ। ਇਹ ਪੂਰੇ ਪਰਿਵਾਰ ਦੀ ਸਿਹਤ ਨਾਲ ਵੀ ਜੁੜਿਆ ਮਾਮਲਾ ਹੈ। ਥੋੜ੍ਹੀ ਜਿਹੀ ਸਾਵਧਾਨੀ, ਲਗਾਤਾਰ ਸਫ਼ਾਈ ਅਤੇ ਨਮੀ 'ਤੇ ਕੰਟਰੋਲ ਤੁਹਾਨੂੰ ਸਲ੍ਹਾਬ, ਐਲਰਜੀ, ਡੇਂਗੂ, ਮਲੇਰੀਆ ਅਤੇ ਦੂਜੇ ਕਈ ਤਰ੍ਹਾਂ ਦੇ ਸੰਕ੍ਰਮਣਾਂ ਤੋਂ ਬਚਾ ਦੇਵੇਗਾ।



# ਦੀਪਿਕਾ ਪਾਦੂਕੋਨ

# ਹਰ ਚੁਣੌਤੀ ਸਵੀਕਾਰ

**ਸੁਖਜੀਤ ਕੌਰ**



ਇਕ ਵਾਰ ਫਿਰ ਦੀਪਿਕਾ ਪਾਦੂਕੋਨ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਆਪਣੇ ਕੰਮ ਤੇ ਕੰਮ ਪ੍ਰਤੀ ਸਮਰਪਣ ਲਈ ਵਚਨਬੱਧ ਸੀ, ਹੈ ਤੇ ਰਹੇਗੀ। ਦੀਪਿਕਾ ਪਾਦੂਕੋਨ ਕਿਸੇ ਵੀ ਚੈਲਿੰਜ ਨੂੰ ਸਵੀਕਾਰ ਕਰਨ ਲਈ ਹਮੇਸ਼ਾ ਤਿਆਰ ਰਹਿੰਦੀ ਹੈ। ਬੇਟੀ ਦੁਆ ਦੇ ਜਨਮ ਸਮੇਂ ਉਸ ਨੇ ਬੱਚੀ ਪੇਟ 'ਚ ਹੋਣ ਦੇ ਬਾਵਜੂਦ 'ਕਲਕੀ 2898 ਏ.ਡੀ.' ਦੀ ਸ਼ੂਟਿੰਗ ਪੂਰੀ ਕਰਵਾਈ ਸੀ ਤੇ ਹੁਣ ਵੀ ਦੀਪੀ ਕੁਝ ਅਜਿਹਾ ਹੀ ਕਰ ਰਹੀ ਹੈ, ਜਦ ਦੂਸਰੇ ਬੱਚੇ ਦੇ ਆਉਣ ਦੀਆਂ ਖ਼ਬਰਾਂ ਤੇਜ਼ੀ ਨਾਲ ਆ ਰਹੀਆਂ ਹਨ। ਉਹ ਆਪਣੀਆਂ ਫ਼ਿਲਮਾਂ 'ਕਿੰਗ' ਤੇ 'ਰਾਕਾ' ਦੀਆਂ ਸ਼ੂਟਿੰਗਾਂ ਕਰ ਰਹੀ ਹੈ। ਔਖੇ ਦ੍ਰਿਸ਼ ਵੀ ਬਿਨ ਡੁਪਲੀਕੇਟ ਦੇ ਆਪ ਦੇ ਰਹੀ ਹੈ ਤੇ ਰਾਤ ਦੀ ਸ਼ਿਫਟ 'ਚ ਕੰਮ ਕਰ ਰਹੀ ਹੈ। ਚਾਲੀ ਸਾਲ ਦੀ ਦੀਪੀ ਦੂਜੇ ਬੱਚੇ ਦੇ ਜਨਮ ਤੋਂ ਪਹਿਲਾਂ ਰਾਤਾਂ ਦੀ ਨੀਂਦ ਛੱਡ ਸ਼ੂਟਿੰਗ ਕਰ ਰਹੀ ਹੈ, ਤਾਂ ਕਿ ਸਾਇੰਸ ਤੇ ਆਧਾਰਿਤ ਫ਼ਿਲਮ 'ਰਾਕਾ' ਜਲਦੀ ਮੁਕੰਮਲ ਹੋਵੇ ਤੇ ਕੋਈ ਇਹ ਨਾ ਕਹੇ ਕਿ ਬੱਚੇ ਕਾਰਨ ਦੀਪੀ ਨੇ ਉਨ੍ਹਾਂ ਦਾ ਨੁਕਸਾਨ ਕਰ ਦਿੱਤਾ। 8 ਸਤੰਬਰ, 2024 ਨੂੰ ਦੀਪੀ ਨੇ ਦੁਆ ਬੇਟੀ ਨੂੰ ਜਨਮ ਦਿੱਤਾ ਸੀ ਤੇ 2026 'ਚ ਦੂਸਰੀ ਸੰਤਾਨ ਦੀਆਂ ਤਿਆਰੀਆਂ 'ਚ ਉਹ ਆਪਣੇ ਚਹੇਤਿਆਂ ਤੋਂ ਵਧਾਈਆਂ ਕਬੂਲ ਕਰ ਰਹੀ ਹੈ।

ਬਾਲੀਵੁੱਡ ਦੀ ਦਿੱਗਜ਼ ਐਕਟਰੈੱਸ ਤੇ ਰਾਜ ਨੇਤਾ ਹੇਮਾ ਮਾਲਿਨੀ ਵੀ ਦੀਪਿਕਾ ਤੋਂ ਬਹੁਤ ਪ੍ਰਭਾਵਿਤ ਹੈ। 'ਡਰੀਮ ਗਰਲ' ਰਹੀ ਹੇਮਾ ਨੇ ਪਿਛਲੇ ਦਿਨੀਂ 'ਡਰੀਮ ਗਰਲਜ਼ ਡਾਇਮੰਡ ਜੁਬਲੀ' ਸਮਾਰੋਹ ਵਿਚ ਕਿਹਾ ਕਿ ਜੇਕਰ ਉਸ 'ਤੇ ਫ਼ਿਲਮ ਬਣੇ ਤਾਂ ਦੀਪਿਕਾ ਪਾਦੂਕੋਨ ਬਿਲਕੁਲ ਫਿੱਟ ਰਹੇਗੀ। ਉਧਰ ਅਭਿਨੇਤਾ ਮੁਜਮਿਲ ਅਬਰਾਹਮ ਨੇ ਕਿਹਾ ਕਿ ਉਸ ਨੇ ਦੀਪਿਕਾ ਨਾਲ ਨੇੜਤਾ ਬਣਾਈ ਸੀ ਤੇ ਉਸ ਨੇ ਹੀ ਦੀਪੀ ਨੂੰ ਛੱਡਿਆ ਸੀ ਤੇ ਉਹ ਹਮੇਸ਼ਾ ਨਵੇਂ ਰਿਸ਼ਤੇ ਬਣਾਉਣ 'ਚ ਦਿਲਚਸਪੀ ਰੱਖਦਾ ਹੈ। ਇਸ 'ਤੇ ਦੀਪਿਕਾ ਚੁੱਪ ਹੈ ਪਰ ਗੁੱਸਾ ਬਹੁਤ ਹੈ ਕਿ ਜਦ ਉਹ ਦੂਸਰੇ ਬੱਚੇ ਨੂੰ ਜਨਮ ਦੇਣ ਜਾ ਰਹੀ ਹੈ, ਤਦ ਪੁਰਾਣੀਆਂ ਗੱਲਾਂ ਕਰਨ ਦਾ ਮਤਲਬ ਉਸ ਦੀ ਇੱਜ਼ਤ 'ਤੇ ਦਾਗ਼ ਲਾਉਣ ਵਾਲੀ ਗੱਲ ਹੈ ਪਰ ਉਹ ਇਸ ਦਾ ਤਗੜਾ ਜਵਾਬ ਦੂਸਰੇ ਬੱਚੇ ਦੇ ਜਨਮ ਤੋਂ ਬਾਅਦ ਜ਼ਰੂਰ ਦੇਵੇਗੀ। ਉਧਰ ਫਰਹਾ ਖ਼ਾਨ ਨੇ ਕਿਹਾ ਹੈ ਕਿ ਦੀਪਿਕਾ ਪਾਦੂਕੋਨ ਨੂੰ ਸਟਾਰ ਬਣਾਉਣ ਲਈ ਉਸ ਨੇ ਬਹੁਤ ਪਾਪੜ ਵੇਲੇ ਤੇ ਅਨੁਪਮ ਖੇਰ ਦੇ ਐਕਟਿੰਗ ਸਕੂਲ 'ਚ ਭੇਜਿਆ। ਚਾਰ ਮਹੀਨੇ 'ਓਮ ਸ਼ਾਂਤੀ ਓਮ' ਲਈ ਫਰਹਾ ਖ਼ਾਨ ਨੇ ਦੀਪਿਕਾ ਪਾਦੂਕੋਨ ਨੂੰ ਟਰੇਨਿੰਗ ਦਿਵਾਈ ਸੀ। ਇਨ੍ਹਾਂ ਗੱਲਾਂ 'ਤੇ ਦੀਪੀ ਨੇ ਜਵਾਬ ਦਿੱਤਾ ਹੈ ਕਿ ਬਿਲਕੁਲ ਸਹੀ, ਉਹ ਅੱਜ ਜੋ ਵੀ ਹੈ ਫਰਹਾ ਖ਼ਾਨ ਦੀ ਬਦੌਲਤ ਹੈ।









## ਸੰਗੀਤ ਦੇ ਅੰਬਰ ਦਾ ਅਮਰ ਸਿਤਾਰਾ

# ਜ਼ੁਬੈਦਾ ਖਾਨੁਮ

**ਅੰਗਰੇਜ ਸਿੰਘ ਵਿਰਦੀ**

ਜ਼ੁਬੈਦਾ ਖਾਨੁਮ ਪੰਜਾਬੀ ਗਾਇਕੀ ਦੇ ਅੰਬਰ ਦਾ ਇੱਕ ਅਜਿਹਾ ਸਿਤਾਰਾ ਹੈ ਜੋ ਸੰਗੀਤ ਦੀ ਦੁਨੀਆ ਵਿੱਚ ਰੋਸ਼ਨੀ ਬਿਖੇਰਦਾ ਰਿਹਾ। ਉਸ ਦੀ ਸੁਰੀਲੀ ਆਵਾਜ਼ ਅਤੇ ਠੇਠ ਪੰਜਾਬੀ ਲਹਿਜੇ ਨੇ ਫਿਲਮਾਂ ਵਿੱਚ ਪੰਜਾਬੀਅਤ ਦੇ ਰੰਗ ਨੂੰ ਹੋਰ ਵੀ ਗੂੜ੍ਹਾ ਕੀਤਾ।

ਜ਼ੁਬੈਦਾ ਖਾਨੁਮ ਦਾ ਜਨਮ 1935 ਵਿੱਚ ਪੰਜਾਬ ਦੇ ਮਸ਼ਹੂਰ ਸ਼ਹਿਰ ਅੰਮ੍ਰਿਤਸਰ ਵਿਖੇ ਰਹਿੰਦੇ ਇੱਕ ਮੁਸਲਿਮ ਪਰਿਵਾਰ ਵਿੱਚ ਹੋਇਆ। ਬੇਸ਼ੱਕ ਉਸ ਨੇ ਸੰਗੀਤ ਦੀ ਬਾਕਾਇਦਾ ਤਾਲੀਮ ਹਾਸਲ ਨਹੀਂ ਕੀਤੀ ਸੀ, ਪਰ ਉਸ ਦਾ ਵੱਡਾ ਭਰਾ ਸ਼ਹਿਰ ਦੇ ਕਿਸੇ ਨਾਮੀ ਸੰਗੀਤ ਉਸਤਾਦ ਕੋਲੋਂ ਸੰਗੀਤ ਦੀ ਵਿੱਦਿਆ ਹਾਸਲ ਕਰਦਾ ਸੀ ਜਿਸ ਕੋਲੋਂ ਅੱਗੇ ਘਰ ਵਿੱਚ ਰਹਿ ਕੇ ਜ਼ੁਬੈਦਾ ਨੇ ਵੀ ਸੰਗੀਤ ਦੀ ਸਿੱਖਿਆ ਹਾਸਲ ਕਰ ਲਈ। ਜ਼ੁਬੈਦਾ ਅਜੇ 12 ਸਾਲ ਦੀ ਹੀ ਸੀ ਜਦੋਂ ਦੇਸ਼ ਦੀ ਵੰਡ ਹੋ ਗਈ ਤੇ ਇਨ੍ਹਾਂ ਦਾ ਪਰਿਵਾਰ ਅੰਮ੍ਰਿਤਸਰ ਤੋਂ ਲਾਹੌਰ ਜਾ ਵੱਸਿਆ। ਸਾਲ 1950 ਦੇ ਆਸਪਾਸ 15 ਸਾਲ ਦੀ ਉਮਰ ਵਿੱਚ ਜ਼ੁਬੈਦਾ ਖਾਨੁਮ ਨੇ ਲਾਹੌਰ ਰੇਡੀਓ ਸਟੇਸ਼ਨ ਤੋਂ ਆਪਣੀ ਗਾਇਕੀ ਦੇ ਸਫ਼ਰ ਦੀ ਸ਼ੁਰੂਆਤ ਕੀਤੀ। ਲੋਕਾਂ ਨੂੰ ਉਸ ਦੇ ਗਾਏ ਗੀਤ ਬੇਹੱਦ ਪਸੰਦ ਆਉਣ ਲੱਗੇ। ਜਦੋਂ ਉਸ ਦੇ ਗਾਏ ਗੀਤ ਘਰ ਘਰ ਗੂੰਜਣ ਲੱਗੇ ਤਾਂ ਇੱਕ ਦਿਨ ਇਹ ਆਵਾਜ਼ ਰੇਡੀਓ 'ਤੇ ਮਸ਼ਹੂਰ ਫਿਲਮਸਾਜ਼ ਜੋੜੀ ਅਦਾਕਾਰ ਨਜ਼ੀਰ ਅਤੇ ਉਸ ਦੀ ਬੇਗ਼ਮ ਅਦਾਕਾਰਾ ਸਵਰਨ ਲਤਾ ਦੇ ਕੰਨਾਂ ਤੱਕ ਪਹੁੰਚੀ ਜੋ ਉਸ ਦੀ ਸੁਰੀਲੀ ਆਵਾਜ਼ ਸੁਣ ਕੇ ਬੇਹੱਦ ਪ੍ਰਭਾਵਿਤ ਹੋਏ। ਉਹ ਉਨ੍ਹਾਂ ਦਿਨਾਂ ਵਿੱਚ ਆਪਣੀ ਪੰਜਾਬੀ ਫਿਲਮ 'ਸ਼ਹਿਰੀ ਬਾਬੂ' ਦੇ ਨਿਰਮਾਣ ਵਿੱਚ ਰੁੱਝੇ ਹੋਏ ਸਨ। ਸਵਰਨ ਲਤਾ ਨੇ ਜ਼ੁਬੈਦਾ ਨੂੰ ਆਪਣੀ ਫਿਲਮ ਵਿੱਚ ਬਤੌਰ ਪਿੱਠਵਰਤੀ ਗਾਇਕਾ ਲੈਣ ਦਾ ਫ਼ੈਸਲਾ ਕੀਤਾ। ਛੇਤੀ ਹੀ ਉਨ੍ਹਾਂ ਨੇ ਉਸ ਦੇ ਘਰ ਦਾ ਪਤਾ ਲੱਭ ਕੇ ਉਸ ਨੂੰ ਆਪਣੀ ਫਿਲਮ ਵਿੱਚ ਗੀਤ ਗਾਉਣ ਦੀ ਪੇਸ਼ਕਸ਼ ਕਰ ਦਿੱਤੀ। ਇਸ ਤਰ੍ਹਾਂ ਜ਼ੁਬੈਦਾ ਨੇ ਲਾਹੌਰ ਫਿਲਮ ਇੰਡਸਟਰੀ ਵਿੱਚ ਆਪਣਾ ਪਹਿਲਾ ਕਦਮ ਰੱਖਿਆ।



ਉਸ ਦੇ ਸ਼ਾਨਦਾਰ ਫਿਲਮੀ ਕਰੀਅਰ ਦਾ ਆਗਾਜ਼ ਮਸ਼ਹੂਰ ਰੁਮਾਂਟਿਕ ਅਤੇ ਸੰਗੀਤਕ ਫਿਲਮ 'ਸ਼ਹਿਰੀ ਬਾਬੂ' ਨਾਲ ਹੋਇਆ। 13 ਜੂਨ 1953 ਨੂੰ ਰਿਲੀਜ਼ ਹੋਈ ਇਸ ਫਿਲਮ ਵਿੱਚ ਉਸ ਨੇ ਕੁੱਲ 10 ਗੀਤਾਂ ਵਿੱਚੋਂ 8 ਗੀਤ ਗਾਏ ਜਿਨ੍ਹਾਂ ਵਿੱਚ 3 ਦੋਗਾਣੇ ਤੇ 5 ਸੋਲੋ ਗੀਤ ਸਨ। ਇਸ ਫਿਲਮ ਵਿੱਚ ਉਸ ਵੱਲੋਂ ਗਾਏ ਗੀਤਾਂ ਨੇ ਸੰਗੀਤ ਦੀ ਦੁਨੀਆ ਵਿੱਚ ਤਹਿਲਕਾ ਮਚਾ ਦਿੱਤਾ ਸੀ। ਲੋਕਾਂ ਨੂੰ ਇਸ ਫਿਲਮ ਵਿੱਚ ਉਸ ਦੇ ਗਾਏ ਗੀਤ 'ਗੱਲਾਂ ਸੁਣ ਕੇ ਮਾਹੀ ਦੇ ਨਾਲ ਮੇਰੀਆਂ ਦੁਪੱਟਾ ਬੇਈਮਾਨ ਹੋ ਗਿਆ', 'ਰਾਤਾਂ ਮੇਰੀਆਂ ਬਣਾ ਕੇ ਰੱਬਾ ਨੇਰ੍ਹੀਆਂ ਨਸੀਬਾਂ ਵਾਲੇ ਤਾਰੇ ਡੁੱਬ ਗਏ', 'ਮੇਰਾ ਨਰਮ ਕਾਲਜਾ ਡੋਲ ਗਿਆ' ਅਤੇ 'ਇੱਕ ਕੁੜੀ ਦੀ ਚੀਜ਼ ਗਵਾਚੀ ਭਲਕੇ ਚੇਤੇ ਆਵੇਗੀ' ਬੇਹੱਦ ਪਸੰਦ ਆਏ। ਆਪਣੀ ਪਹਿਲੀ ਪੰਜਾਬੀ ਫਿਲਮ 'ਸ਼ਹਿਰੀ ਬਾਬੂ' ਦੇ ਗੀਤਾਂ ਦੀ ਕਾਮਯਾਬੀ ਤੋਂ ਬਾਅਦ ਸਾਲ 1954 ਵਿੱਚ ਜ਼ੁਬੈਦਾ ਖਾਨੁਮ ਦੀ ਆਵਾਜ਼ ਕਿਸੇ ਵੀ ਫਿਲਮ ਵਿੱਚ ਸੁਣਾਈ ਨਾ ਦਿੱਤੀ। ਜ਼ੁਬੈਦਾ ਖਾਨੁਮ ਉਸ ਦੌਰ ਵਿੱਚ ਫਿਲਮਾਂ ਵਿੱਚ ਗਾਇਕੀ ਲਈ ਆਈ ਜਦੋਂ ਪਾਕਿਸਤਾਨੀ ਫਿਲਮਾਂ ਦੀ ਪਹਿਲੀ ਗਾਇਕਾ ਮੁਨੱਵਰ ਸੁਲਤਾਨਾ ਇੱਕ ਪ੍ਰਸਿੱਧ ਅਤੇ ਰੁੱਝੀ ਹੋਈ ਪਿੱਠਵਰਤੀ ਗਾਇਕਾ ਸੀ। ਬੇਸ਼ੱਕ ਮੈਡਮ ਨੂਰ ਜਹਾਂ ਵੀ ਉਸੇ ਸਮੇਂ ਦੌਰਾਨ ਮੌਜੂਦ ਸਨ, ਪਰ ਉਨ੍ਹਾਂ ਨੇ ਸਿਰਫ਼ ਉਨ੍ਹਾਂ ਫਿਲਮਾਂ ਲਈ ਗਾਇਆ ਜਿਨ੍ਹਾਂ ਵਿੱਚ ਉਨ੍ਹਾਂ ਨੇ ਅਦਾਕਾਰੀ ਕੀਤੀ।

ਸਾਲ 1955 ਦੀ ਸ਼ੁਰੂਆਤ ਵਿੱਚ ਜ਼ੁਬੈਦਾ ਨੇ ਨਜ਼ੀਰ ਦੀ ਨਿਰਦੇਸ਼ਨਾ ਵਿੱਚ ਬਣੀ ਉਰਦੂ ਫਿਲਮ 'ਖਾਤੂਨ' ਵਿੱਚ ਇੱਕ ਵਾਰ ਫਿਰ ਸੰਗੀਤਕਾਰ ਰਾਸ਼ੀਦ ਅਤਰੇ ਦੀਆਂ ਬਣਾਈਆਂ ਦਿਲਕਸ਼ ਧੁਨਾਂ ਨੂੰ ਆਪਣੀ ਆਵਾਜ਼ ਦੇ ਜਾਦੂ ਨਾਲ ਗੀਤਾਂ ਵਿੱਚ ਪਰੋਇਆ। ਫਿਲਮ 'ਖਾਤੂਨ' ਤੋਂ ਬਾਅਦ 24 ਮਈ 1955 ਨੂੰ ਰਿਲੀਜ਼ ਹੋਈ ਪੰਜਾਬੀ ਫਿਲਮ 'ਪੱਤਣ' ਦੇ ਗੀਤਾਂ ਦੀ ਕਾਮਯਾਬੀ ਨਾਲ ਜ਼ੁਬੈਦਾ ਦਾ ਨਾਂ ਚੋਟੀ ਦੀਆਂ ਫਿਲਮੀ ਗਾਇਕਾਵਾਂ ਵਿੱਚ ਸ਼ੁਮਾਰ ਹੋਣ ਲੱਗਾ। ਇਸ ਫਿਲਮ ਦਾ ਸੰਗੀਤ ਤਿਆਰ ਕੀਤਾ ਸੀ ਸੰਗੀਤਕਾਰ ਜੀ.ਏ. ਚਿਸ਼ਤੀ ਨੇ। ਇਸ ਫਿਲਮ ਦਾ ਇੱਕ ਗੀਤ ਜਿਸ ਦੇ ਬੋਲ ਹਨ, 'ਛੱਡ ਜਾਵੀਂ ਨਾ ਚੰਨਾ ਬਾਂਹ ਫੜ ਕੇ, ਹਾਏ ਵੇ ਡੋਲੇ ਕਾਲਜਾ ਮੇਰਾ ਤੇ ਦਿਲ ਧੜਕੇ' ਬੇਹੱਦ ਮਕਬੂਲ ਗੀਤ ਹੈ ਜਿਸ ਨੂੰ ਅੱਜ ਵੀ ਸੰਗੀਤ ਪ੍ਰੇਮੀ ਬੇਹੱਦ ਸ਼ੌਕ ਨਾਲ ਸੁਣਨਾ ਪਸੰਦ ਕਰਦੇ ਹਨ। ਇਸੇ ਫਿਲਮ ਵਿੱਚ ਜ਼ੁਬੈਦਾ ਖਾਨੁਮ ਨੇ ਇਨਾਇਤ ਹੁਸੈਨ ਭੱਟੀ ਨਾਲ ਦੋ ਸਦਾਬਹਾਰ ਗੀਤ ਗਾਏ ਸਨ। ਸਾਲ 1955 ਵਿੱਚ ਰਿਲੀਜ਼ ਹੋਈਆਂ 19 ਫਿਲਮਾਂ ਵਿੱਚੋਂ 8 ਵਿੱਚ ਜ਼ੁਬੈਦਾ ਖਾਨੁਮ ਨੂੰ ਲਗਭਗ ਚਾਰ ਦਰਜਨ ਗੀਤ ਗਾਉਣ ਦਾ ਮੌਕਾ ਮਿਲਿਆ। ਉਸ ਸਾਲ ਪੰਜਾਬੀ ਅਤੇ ਉਰਦੂ ਫਿਲਮਾਂ ਵਿੱਚ ਹਰ ਚੌਥਾ ਗੀਤ ਜ਼ੁਬੈਦਾ ਖਾਨੁਮ ਦੁਆਰਾ ਗਾਇਆ ਗਿਆ ਸੀ। ਉਸ ਸਾਲ ਜ਼ੁਬੈਦਾ ਦੀਆਂ ਜਿਨ੍ਹਾਂ ਫਿਲਮਾਂ ਵਿੱਚ ਗਾਏ ਗੀਤ ਸੁਪਰ ਹਿੱਟ ਹੋਏ, ਉਹ ਸਨ ਪੰਜਾਬੀ ਫਿਲਮ 'ਹੀਰ' ਅਤੇ 'ਪਾਟੇ ਖਾਂ'। 28 ਅਕਤੂਬਰ 1955 ਨੂੰ ਰਿਲੀਜ਼ ਹੋਈ 'ਹੀਰ' ਪੰਜਾਬ ਦੀ ਪ੍ਰਸਿੱਧ ਲੋਕ ਦਾਸਤਾਨ ਹੀਰ ਰਾਂਝਾ 'ਤੇ ਆਧਾਰਿਤ ਸੀ ਜਿਸ ਵਿੱਚ ਅਦਾਕਾਰਾ ਸਵਰਨ ਲਤਾ ਨੇ ਹੀਰ ਦਾ ਕਿਰਦਾਰ ਅਦਾ ਕੀਤਾ ਸੀ ਜਿਸ 'ਤੇ ਫਿਲਮਾਇਆ ਇਹ ਗੀਤ 'ਅਸਾਂ ਜਾਣ ਕੇ ਮੀਟ ਲਈ ਅੱਖ ਵੇ ਝੂਠੀ ਮੂਠੀ ਦਾ ਪਾ ਲਿਆ ਈ ਕੱਖ ਵੇ ਕੇ ਸਾਡੇ ਵੱਲ ਤੱਕ ਸੱਜਣਾ' ਨੂੰ ਬੇਹੱਦ ਸ਼ੁਹਰਤ ਹਾਸਲ ਹੋਈ। ਇਸ ਫਿਲਮ ਦਾ ਇੱਕ ਹੋਰ ਗੀਤ 'ਬੱਦਲ ਨੂੰ ਹੱਥ ਲਾਵਾਂ ਤੇ ਉੱਡੀ ਉੱਡੀ ਜਾਵਾਂ ਹਵਾ ਦੇ ਨਾਲ' ਵੀ ਸੁਪਰਹਿੱਟ ਗੀਤ ਹੈ। ਇਸੇ ਸਾਲ 18 ਨਵੰਬਰ 1955 ਨੂੰ ਰਿਲੀਜ਼ ਹੋਈ ਫਿਲਮ 'ਪਾਟੇ ਖਾਨ' ਵਿੱਚ ਜ਼ੁਬੈਦਾ ਖਾਨੁਮ, ਨੂਰਜਹਾਂ ਲਈ ਇੱਕ ਲੋਰੀ ਗਾਉਂਦੀ ਹੋਈ ਸਿਲਵਰ ਸਕਰੀਨ 'ਤੇ ਨਜ਼ਰ ਆਈ। ਇਸ ਫਿਲਮ ਵਿੱਚ ਜ਼ੁਬੈਦਾ ਨੇ ਪਲੇਅ ਬੈਕ ਗੀਤ ਗਾਉਣ ਤੋਂ ਇਲਾਵਾ ਮੈਡਮ ਨੂਰਜਹਾਂ ਨਾਲ ਪਹਿਲੀ ਵਾਰ ਫਿਲਮੀ ਪਰਦੇ 'ਤੇ ਅਦਾਕਾਰੀ ਵੀ ਕੀਤੀ। ਮੈਡਮ ਨੂਰਜਹਾਂ ਨੇ ਇਸ ਫਿਲਮ ਵਿੱਚ ਮੁੱਖ ਕਿਰਦਾਰ ਅਦਾ ਕੀਤਾ ਸੀ ਤੇ ਜ਼ੁਬੈਦਾ ਖਾਨੁਮ ਨੇ ਇਸ ਫਿਲਮ ਵਿੱਚ ਕਾਮੇਡੀਅਨ ਜ਼ਰੀਫ ਦੀ ਨਾਇਕਾ ਦਾ ਕਿਰਦਾਰ ਅਦਾ ਕੀਤਾ ਸੀ। ਸਾਲ 1955 ਤੋਂ ਬਾਅਦ ਜ਼ੁਬੈਦਾ ਖਾਨੁਮ ਦਾ ਫਿਲਮੀ ਸੰਗੀਤ 'ਤੇ ਏਕਾਧਿਕਾਰ ਦਾ ਦੌਰ ਸ਼ੁਰੂ ਹੋ ਗਿਆ ਸੀ ਜੋ 1961 ਤੱਕ ਉਸ ਦੇ ਫਿਲਮੀ ਦੁਨੀਆ ਨੂੰ ਅਲਵਿਦਾ ਕਹਿਣ ਤੱਕ ਕਾਇਮ ਰਿਹਾ। ਆਪਣੇ ਗਾਇਕੀ ਦੇ ਸੱਤ ਸਾਲਾਂ ਵਿੱਚ ਜ਼ੁਬੈਦਾ ਨੇ ਆਪਣੀਆਂ ਸਮਕਾਲੀ ਗਾਇਕਾਵਾਂ ਨਾਲੋਂ ਕਈ ਗੁਣਾ ਵੱਧ ਗੀਤ ਗਾਏ ਜੋ ਫਿਲਮਾਂ ਵਿੱਚ ਉਸ ਦੇ ਗੀਤਾਂ ਦੀ ਮੰਗ ਅਤੇ ਮਕਬੂਲੀਅਤ ਦੀ ਮੂੰਹ ਬੋਲਦੀ ਤਸਵੀਰ ਸੀ। ਜ਼ੁਬੈਦਾ ਖਾਨੁਮ ਦਾ ਸਭ ਤੋਂ ਪਸੰਦੀਦਾ ਗੀਤ ਜਿਸ ਨੂੰ ਗੀਤਕਾਰ ਅਹਿਮਦ ਰਾਹੀ ਨੇ ਲਿਖਿਆ ਸੀ ਤੇ ਜਿਸ ਦੀ ਧੁਨ ਸੰਗੀਤਕਾਰ ਜੀ.ਏ. ਚਿਸ਼ਤੀ ਨੇ ਬਣਾਈ ਸੀ, ਉਹ ਪੰਜਾਬੀ ਫਿਲਮ 'ਜੱਟੀ' (1958) ਵਿੱਚ ਅਦਾਕਾਰਾ ਮੁਸੱਰਤ ਨਜ਼ੀਰ ਉੱਤੇ ਫਿਲਮਾਇਆ ਗਿਆ ਸੀ ਜਿਸ ਦੇ ਬੋਲ ਸਨ;

**ਮੇਰੀ ਚੁੰਨੀ ਦੀਆਂ ਰੇਸ਼ਮੀ ਤੰਦਾਂ, ਵੇ ਮੈਂ ਘੁੱਟ ਘੁੱਟ ਦੇਂਦੀ ਆਂ ਗੰਢਾਂ**
**ਕੇ ਚੰਨਾ ਤੇਰੀ ਯਾਦ ਨਾ ਭੁੱਲੇ।**

ਆਪਣੇ ਕਰੀਅਰ ਦੇ ਸਿਖਰ 'ਤੇ ਪਹੁੰਚ ਕੇ ਫਿਲਮੀ ਦੁਨੀਆ ਨੂੰ ਅਲਵਿਦਾ ਕਹਿਣ ਵਾਲੀ ਜ਼ੁਬੈਦਾ ਖਾਨੁਮ ਨੇ 152 ਫਿਲਮਾਂ ਵਿੱਚ ਲਗਭਗ 595 ਗੀਤ ਗਾਏ ਜਿਨ੍ਹਾਂ ਵਿੱਚ 44 ਪੰਜਾਬੀ ਫਿਲਮਾਂ ਲਈ 216 ਗੀਤ ਅਤੇ 108 ਉਰਦੂ ਫਿਲਮਾਂ ਲਈ 379 ਦੇ ਕਰੀਬ ਗੀਤ ਸਨ। ਉਸ ਨੂੰ ਇੱਕ ਕੈਲੰਡਰ ਸਾਲ ਵਿੱਚ ਸੌ ਤੋਂ ਵੱਧ ਗੀਤ ਗਾਉਣ ਵਾਲੀ ਪਹਿਲੀ ਗਾਇਕਾ ਹੋਣ ਦਾ ਵਿਲੱਖਣ ਮਾਣ ਵੀ ਹਾਸਲ ਸੀ।

ਜ਼ੁਬੈਦਾ ਖਾਨੁਮ ਨੇ 1960 ਦੇ ਕਰੀਬ ਫਿਲਮ ਕੈਮਰਾਮੈਨ ਰਿਆਜ਼ ਬੁਖਾਰੀ ਨਾਲ ਵਿਆਹ ਕਰਵਾ ਲਿਆ, ਜੋ ਪ੍ਰਸਿੱਧ ਨਿਰਦੇਸ਼ਕ ਜਾਫ਼ਰ ਬੁਖਾਰੀ ਦਾ ਭਰਾ ਸੀ। ਉਨ੍ਹਾਂ ਦੇ ਘਰ ਚਾਰ ਬੱਚਿਆਂ ਨੇ ਜਨਮ ਲਿਆ ਜਿਨ੍ਹਾਂ ਵਿੱਚੋਂ ਉਨ੍ਹਾਂ ਦਾ ਇੱਕ ਪੁੱਤਰ ਫੈਜ਼ਲ ਬੁਖਾਰੀ ਅੱਜ ਸਿਨੇ ਜਗਤ ਦਾ ਇੱਕ ਪ੍ਰਸਿੱਧ ਫੋਟੋਗ੍ਰਾਫਰ ਅਤੇ ਫਿਲਮ ਨਿਰਦੇਸ਼ਕ ਹੈ। ਘਰ ਪਰਿਵਾਰ ਲਈ ਆਪਣੇ ਗਾਇਕੀ ਦੇ ਸ਼ਾਨਦਾਰ ਕਰੀਅਰ ਨੂੰ ਅਲਵਿਦਾ ਕਹਿਣ ਵਾਲੀ ਜ਼ੁਬੈਦਾ ਖਾਨੁਮ ਨੇ ਮੁੜ ਕੇ ਕਦੀ ਫਿਲਮਾਂ ਵਿੱਚ ਵਾਪਸੀ ਨਾ ਕੀਤੀ ਅਤੇ ਉਹ ਸਾਰੀ ਉਮਰ ਆਪਣੀ ਘਰੇਲੂ ਜ਼ਿੰਦਗੀ ਵਿੱਚ ਹੀ ਰੁੱਝੀ ਰਹੀ।

ਉਸ ਨੇ ਲਾਹੌਰ ਵਿਖੇ ਆਪਣੇ ਘਰ ਪਰਿਵਾਰ ਵਿੱਚ ਖੁਸ਼ਹਾਲ ਜ਼ਿੰਦਗੀ ਬਤੀਤ ਕੀਤੀ ਤੇ ਅਖੀਰ 19 ਅਕਤੂਬਰ 2013 ਨੂੰ ਦਿਲ ਦੀ ਧੜਕਣ ਰੁਕ ਜਾਣ ਕਾਰਨ ਉਸ ਦਾ ਦੇਹਾਂਤ ਹੋ ਗਿਆ। ਸੰਗੀਤ ਦੀ ਦੁਨੀਆ ਵਿੱਚ ਉਸ ਦਾ ਨਾਂ ਸਦਾ ਗੂੰਜਦਾ ਰਹੇਗਾ।

# ਖੁਸ਼ੀ ਦਾ ਜ਼ਿੰਮਾ ਖੁਦ ਸੰਭਾਲੋ

ਯਸ਼ਪਾਲ



ਖੁਸ਼ੀ ਕੋਈ ਅਨੋਖੀ ਚੀਜ਼ ਨਹੀਂ ਹੈ ਜੋ ਮਿਲ ਨਾ ਸਕੇ ਜੇਕਰ ਅਸੀਂ ਖੁਸ਼ ਹੋਣਾ ਚਾਹੁੰਦੇ ਹਾਂ ਤਾਂ ਅਸੀਂ ਜ਼ਰੂਰ ਖੁਸ਼ ਰਹਿ ਸਕਦੇ ਹਾਂ, ਬਸ ਜ਼ਰੂਰਤ ਹੈ ਖੁਸ਼ੀ ਦੀ ਹਰ ਉਸ ਚੀਜ਼ ਨੂੰ ਅਪਣਾਉਣ ਦੀ, ਜੋ ਖੁਸ਼ੀ ਦਿੰਦੀ ਹੈ ਆਪਣੀਆਂ ਖੁਸ਼ੀਆਂ ਦੀ ਤੁਲਨਾ ਕਿਸੇ ਹੋਰ ਨਾਲ ਨਾ ਕਰੋ ਆਪਣੇ ਆਲੇ-ਦੁਆਲੇ ਸਕਾਰਾਤਮਕ ਅਤੇ ਖੁਸ਼ਨੁੰਮਾ ਲੋਕਾਂ ਨੂੰ ਰੱਖੋ ਖੁਸ਼ੀਆਂ ਲਈ ਸਾਨੂੰ ਸਾਰਿਆਂ ਨੂੰ ਤਿਆਰ ਰਹਿਣਾ ਚਾਹੀਦਾ ਹੈ

ਤੁਹਾਨੂੰ ਪਤਾ ਹੈ ਕਿ ਨ ਤੁਸੀਂ ਖੁਸ਼ ਕਿਵੇਂ ਰਹਿਣਾ ਹੈ ?

ਜਦੋਂ ਵੀ ਅਸੀਂ ਕਿਸੇ ਮੁਸ਼ਕਲ 'ਚ ਪਈਏ ਤਾਂ ਖੁਦ 'ਤੇ ਤਰਸ ਖਾਣ ਦੀ ਬਜਾਇ ਉਨ੍ਹਾਂ ਪ੍ਰੇਸ਼ਾਨੀਆਂ 'ਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰੋ ਸਾਡੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਅਸੀਂ ਹਾਲਾਤਾਂ ਨੂੰ ਆਪਣੀ ਸੋਚ ਅਤੇ ਇੱਛਾਵਾਂ ਅਨੁਸਾਰ ਢਾਲ ਲਈਏ ਹੱਸਣ-ਖੇਡਣ ਦੀ ਸਮਝ ਤੁਹਾਡੇ ਲਈ ਮੁਸ਼ਕਲ ਸਮੇਂ 'ਚ ਵੀ ਖੁਸ਼ੀ ਲਿਆ ਸਕਦੀ ਹੈ ਸਭ ਤੋਂ ਬਿਹਤਰ ਤਰੀਕਾ ਹੈ ਮੁਸ਼ਕਲਾਂ ਨੂੰ ਸਹਿਜਤਾ ਨਾਲ ਲੈਣਾ

ਆਪਣੇ ਕੱਪੜਿਆਂ ਨੂੰ ਠੀਕ ਕਰੋ ਅਤੇ ਜਦੋਂ ਮੁਸ਼ਕਲਾਂ ਤੁਹਾਨੂੰ ਘੂਰ ਰਹੀਆਂ ਹੋਣ ਤਾਂ ਵੀ ਬਿਲਕੁਲ ਨਾ ਘਬਰਾਓ ਖੁਸ਼ੀ ਦਾ ਕੋਈ ਯਕੀਨੀ ਸੂਤਰ ਨਹੀਂ ਹੈ ਪਰ ਯਕੀਨੀ ਤੌਰ 'ਤੇ ਤੁਹਾਨੂੰ ਖੁਦ ਨੂੰ ਪਤਾ ਹੈ ਕਿ ਤੁਸੀਂ ਕਿਵੇਂ ਅਤੇ ਕਦੋਂ ਖੁਸ਼ ਹੋ ਕਦੇ ਵੀ ਇਹ ਸੋਚ ਕੇ ਤੁਸੀਂ ਖੁਸ਼ੀਆਂ ਦੇ ਪਾਤਰ ਨਾ ਹੋਵੋ ਜਾਂ ਖੁਸ਼ੀਆਂ ਤੁਹਾਡੇ ਨਸੀਬ 'ਚ ਨਹੀਂ ਹਨ, ਆਪਣੀਆਂ ਖੁਸ਼ੀਆਂ ਦਾ ਗਲ ਨਾ ਦੱਬੋ



ਕਤਾਰ 'ਚ ਵੀ ਹੋ ਤਾਂ ਰੁੱਝੇ ਰਹੋ:

ਤੁਸੀਂ ਟੈਫ੍ਰਿਕ 'ਚ ਫਸ ਗਏ ਹੋ, ਲੰਮੀ ਕਤਾਰ 'ਚ ਖੜ੍ਹੇ ਹੋ, ਹਾਲਾਤ ਨੂੰ ਕੋਸਣ ਦੀ ਬਜਾਇ ਉਸ ਹਾਲਾਤ ਦਾ ਵੀ ਆਨੰਦ ਲਓ ਗੁੱਸਾ ਨਾ ਕਰਕੇ ਤੁਹਾਨੂੰ ਅਜਿਹੇ ਸਮੇਂ 'ਚ ਕੁਝ ਪੜ੍ਹਨਾ ਚਾਹੀਦਾ ਹੈ ਜਾਂ ਆਪਣੇ ਬਚੇ ਹੋਏ ਕੰਮਾਂ ਦੀ ਲਿਸਟ ਬਣਾ ਲੈਣੀ ਚਾਹੀਦੀ ਹੈ ਆਪਣੇ ਆਪ ਨਾਲ ਵਾਅਦਾ ਕਰੋ ਕਿ ਆਪਣੇ ਪ੍ਰਤੀ ਚੰਗਾ ਭਾਵ ਰੱਖੋਗੇ ਅਤੇ ਅਜਿਹੇ ਲੋਕਾਂ ਨਾਲ ਜ਼ਿਆਦਾ ਮੇਲ-ਜੋਲ ਰੱਖੋਗੇ ਜਿਨ੍ਹਾਂ ਦੀ ਸੰਗਤ 'ਚ ਤੁਸੀਂ ਖੁਸ਼ ਰਹਿੰਦੇ ਹੋ ਹਰ ਪਲ ਨੂੰ ਇੰਜ ਜੀਓ ਜਿਵੇਂ ਉਹ ਖਾਸ ਹੈ ਜੇਕਰ ਜੀਵਨ 'ਚ ਅੱਗੇ ਰਹਿਣਾ ਚਾਹੁੰਦੇ ਹੋ ਤਾਂ ਆਪਣੇ ਰੋਜ਼ਾਨਾ ਦੇ ਰੁਝੇਵਿਆਂ ਦਾ ਸਹੀ ਮੁਲਾਂਕਣ ਕਰਦੇ ਰਹਿਣਾ ਚਾਹੀਦਾ ਹੈ ਅਤੇ ਹਰ ਸੰਭਵ ਬਦਲਾਅ ਵੀ ਕਰਦੇ ਰਹੋ ਕੋਈ ਹੋਰ ਤੁਹਾਡੇ ਲਈ ਖੁਸ਼ੀ ਕਿਉਂ ਲੱਭੇ ?

ਆਪਣੇ ਆਪ ਨੂੰ ਸ਼ੁਰੂ ਕਰਨ ਲਈ ਸਾਨੂੰ ਕਿਸੇ ਉਤਸ਼ਾਹ ਦੀ ਉਡੀਕ ਨਹੀਂ ਕਰਨੀ ਚਾਹੀਦੀ ਇਹ ਕੰਮ ਹੀ ਹੈ ਜੋ ਉਤਸ਼ਾਹਿਤ ਕਰਦਾ ਹੈ ਜੀਵਨ ਦੇ ਹਰ ਪਲ ਨੂੰ ਖੁਸ਼ਨੁੰਮਾ ਜਿਉਣਾ ਆਪਣੀ ਆਦਤ ਬਣਾ ਲਓ, ਨਾ ਕਿ ਕਿਸੇ ਬਾਹਰੀ ਖੁਸ਼ੀ ਦੇ ਆਉਣ ਦੀ ਉਡੀਕ ਕਰੋ ਪਰ ਨਾਲ ਹੀ ਨਾਲ ਤੁਸੀਂ ਜੀਵਨ 'ਚ ਕੀ ਚਾਹੁੰਦੇ ਹੋ ਉਸ ਸਥਿਤੀ 'ਤੇ ਧਿਆਨ ਕੇਂਦਰਿਤ ਕਰੋ ਕਦੇ ਨਾ ਸੋਚੋ ਕਿ ਦੂਜਿਆਂ ਦੇ ਟੀਚੇ ਹੀ ਤੁਹਾਡੀ ਮੰਜਿਲ ਹਨ ਜੇਕਰ ਤੁਹਾਡਾ ਕੋਈ ਤੈਅ ਟੀਚਾ ਨਹੀਂ ਹੈ ਤਾਂ ਸਭ ਤੋਂ ਪਹਿਲਾਂ ਟੀਚਾ ਤੈਅ ਕਰੋ ਇਹ ਇੱਕ ਕੌੜੀ ਸੱਚਾਈ ਹੈ ਕਿ ਜਿਸ ਕੋਲ ਜਿੰਨਾ ਕੰਮ ਕਰਨ ਦਾ ਹੁੰਦਾ ਹੈ ਉਸ ਕੋਲ ਸਮਾਂ ਵੀ ਓਨਾ ਹੀ ਘੱਟ ਹੁੰਦਾ ਹੈ ਟਾਲ-ਮਟੋਲ ਕਰਕੇ ਅਸੀਂ ਮੌਕਿਆਂ ਦਾ ਗਲ ਦੱਬ ਦਿੰਦੇ ਹਾਂ ਕਿਸੇ ਵੀ ਅਸਾਨ ਕੰਮ ਨੂੰ ਟਾਲਣਾ ਉਸ ਨੂੰ ਮੁਸ਼ਕਲ ਬਣਾ ਦਿੰਦਾ ਹੈ ਅਤੇ ਯਾਦ ਰੱਖੋ ਕਿ ਮੁਸ਼ਕਲ ਕੰਮ ਨੂੰ ਟਾਲਣਾ ਉਸ ਨੂੰ ਅਸੰਭਵ ਬਣਾ ਦਿੰਦਾ ਹੈ

ਹੱਥ 'ਤੇ ਹੱਥ ਰੱਖਣ ਜਾਂ ਜੇਬ ਹ਼ਿ 'ਚ ਹੱਥ ਪਾਉਣ ਨਾਲ ਖੁਸ਼ੀ ਨਹੀਂ ਮਿਲਦੀ:

ਇੱਕ ਚੀਜ਼ ਹਮੇਸ਼ਾ ਯਾਦ ਰੱਖੋ ਕਿ ਤੁਹਾਡੇ ਲਈ ਕੀ ਚੰਗਾ ਹੈ ਕੀ ਬੁਰਾ, ਇਹ ਤੁਹਾਡੇ ਤੋਂ ਬਿਹਤਰ ਕੋਈ ਨਹੀਂ ਸਮਝ ਸਕਦਾ ਆਪਣੇ ਆਪ ਦੇ ਸਭ ਤੋਂ ਵੱਡੇ ਮਾਹਿਰ ਤੁਸੀਂ ਖੁਦ ਹੋ ਜਦੋਂ ਤੁਸੀਂ ਆਪਣੀ ਮੰਜਿਲ ਵੱਲ ਚੱਲ ਪੈਂਦੇ ਹੋ ਤਾਂ ਭੁੱਲ ਜਾਓ ਕਿ ਲੋਕ ਤੁਹਾਡੇ ਬਾਰੇ ਕੀ ਸੋਚ ਰਹੇ ਹਨ ਆਪਣੀ ਯਾਤਰਾ ਦੌਰਾਨ ਵੀ ਖੁਸ਼ੀ ਦਾ ਆਨੰਦ ਲਓ ਉਦੋਂ ਤੱਕ ਆਰਾਮ ਨਾ ਕਰੋ ਜਦੋਂ ਤੱਕ ਤੁਸੀਂ ਉਸ ਨੂੰ ਪਾ ਨਾ ਲਓ ਕਿਸੇ ਵੀ ਚੀਜ਼ 'ਚ ਸਾਡੀ ਸਫਲਤਾ ਉਸ 'ਚ ਸਾਡੇ ਠੀਕ ਰਹਿਣ ਦੀ ਸਮਰੱਥਾ 'ਤੇ ਨਿਰਭਰ ਕਰਦੀ ਹੈ ਆਪਣੀ ਜੇਬ ਹ਼ਿ 'ਚ ਹੱਥ ਪਾ ਕੇ ਤੁਸੀਂ ਸਫਲ ਨਹੀਂ ਹੋ ਸਕਦੇ ਜੇਕਰ ਸਫਲਤਾ ਤੁਹਾਡੀ ਮੰਜਿਲ ਹੈ ਅਤੇ ਇਹੀ ਤੁਹਾਡੀ ਖੁਸ਼ੀ ਵੀ, ਤਾਂ ਇਸ ਲਈ ਉਸ ਵੱਲ ਵਧਣਾ ਵੀ ਜ਼ਰੂਰੀ ਹੈ

ਅਤੇ ਇਸ ਲਈ ਹੱਥ ਜੇਬ ਹ਼ਿ 'ਚ ਨਹੀਂ ਰੱਖ ਸਕਦੇ ਯਾਦ ਰੱਖੋ ਜੋ ਵੀ ਤੁਸੀਂ ਜੀਵਨ 'ਚ ਸਿੱਖਦੇ ਹੋ, ਕਰਕੇ ਹੀ ਸਿੱਖਦੇ ਹੋ ਇਹ ਉਹ ਚੀਜ਼ ਹੈ ਜੋ ਤੁਹਾਨੂੰ ਸਰਗਰਮ ਅਤੇ ਊਰਜਾਵਾਨ ਬਣਾਈ ਰੱਖਦੀ ਹੈ ਹਮੇਸ਼ਾ ਯਾਦ ਰੱਖੋ ਕਿ ਸਵਰਗ ਵੇਖਣ ਲਈ ਖੁਦ ਨੂੰ ਮਰਨਾ ਪੈਂਦਾ ਹੈ ਜੇਕਰ ਸਵਰਗ ਵੇਖਣਾ ਹੈ ਤਾਂ ਖੁਦ ਮਰਾਂਗੇ ਤਾਂ ਵੇਖਾਂਗੇ ਦੂਜਾ ਠੋਕਰ ਖਾਧੇ ਬਿਨਾ ਕੋਈ ਠਾਕੁਰ ਨਹੀਂ ਬਣਦਾ ਕੁਝ ਬਣਨਾ ਹੈ ਤਾਂ ਖੁਦ ਠੋਕਰਾਂ ਵੀ ਖਾਣੀਆਂ ਪੈਣਗੀਆਂ ਸੰਘਰਸ਼ ਵੀ ਕਰਨਾ ਹੋਵੇਗਾ ਉਦੋਂ ਉਹ ਖੁਸ਼ੀ ਮਿਲ ਸਕੇਗੀ ਅਜਿਹਾ ਨਹੀਂ ਹੋ ਸਕਦਾ ਕਿ ਠੋਕਰ ਕੋਈ ਹੋਰ ਖਾਵੇ ਅਤੇ ਠਾਕੁਰ ਤੁਸੀਂ ਬਣ ਜਾਓ







# ਪਿਕਨਿਕ ਦਾ ਲਓ ਪੂਰਾ ਮਜ਼ਾ

ਨੀਤੂ ਗੁਪਤਾ



ਜੇਕਰ ਤੁਸੀਂ ਇਕੱਲੇ ਪਿਕਨਿਕ 'ਤੇ ਜਾ ਰਹੇ ਹੋ ਤਾਂ ਸੂਚੀ ਬਣਾਓ ਕਿ ਕਿਥੇ ਜਾਣਾ ਹੈ, ਕਿੰਨੇ ਸਮੇਂ ਲਈ ਅਤੇ ਕਿਸ ਤਰ੍ਹਾਂ ਜਾਣਾ ਹੈ। ਜੇਕਰ ਤੁਸੀਂ ਕੁਝ ਮਿੱਤਰਾਂ ਜਾਂ ਮਿੱਤਰ ਪਰਿਵਾਰਾਂ ਨਾਲ ਜਾ ਰਹੇ ਹੋ ਤਾਂ ਕਿੰਨੇ ਲੋਕ ਹਨ, ਇਸ ਗੱਲ ਦੀ ਰੂਪ-ਰੇਖਾ ਮਿਲ ਕੇ ਤਿਆਰ ਕਰ ਲਓ। ਪਿਕਨਿਕ 'ਤੇ ਜਾਣ ਤੋਂ ਪਹਿਲਾਂ ਹੀ ਤੈਅ ਕਰ ਲਓ ਕਿ ਕੀ-ਕੀ ਖਾਣਾ ਬਣਾ ਕੇ ਲੈ ਜਾਣਾ ਹੈ, ਬਾਜ਼ਾਰ ਤੋਂ ਕੀ ਰੈਡੀਮੇਡ ਸਾਮਾਨ ਲੈਣਾ ਹੈ ਆਦਿ। ਗਰੁੱਪ ਵਿਚ ਹੋ ਤਾਂ ਖਾਣ-ਪੀਣ ਦੀ ਜ਼ਿੰਮੇਵਾਰੀ ਸਭ ਪਰਿਵਾਰਾਂ ਨੂੰ ਉਨ੍ਹਾਂ ਦੀ ਸਮਰੱਥਾ ਅਨੁਸਾਰ ਵੰਡ ਦਿਓ। ਗਰਮ ਚੀਜ਼ਾਂ ਨੂੰ ਵੱਖਰੀਆਂ ਪੈਕ ਕਰੋ। ਕੋਲਡ ਡ੍ਰਿੰਕਸ ਤੇ ਪੀਣ ਵਾਲੇ ਪਦਾਰਥ ਵੱਖਰੇ ਰੱਖੋ। ਫਲ ਅਤੇ ਪੈਕੇਟ ਬੰਦ ਸਾਮਾਨ ਵੱਖਰਾ ਰੱਖ ਲਿਆ ਜਾਵੇ। ਪਿਕਨਿਕ ਵਾਲੀ ਥਾਂ 'ਤੇ ਕੰਮ ਆਉਣ ਵਾਲੀਆਂ ਦਰੀਆਂ, ਚਾਦਰਾਂ, ਖੇਡਾਂ ਦਾ ਸਾਮਾਨ, ਖਾਣ-ਪੀਣ ਦਾ ਸਾਮਾਨ, ਟਾਰਚ, ਮਾਚਿਸ ਆਦਿ ਜ਼ਰੂਰ ਨਾਲ ਰੱਖ ਲਓ।

ਪਿਕਨਿਕ 'ਤੇ ਜਾਂਦੇ ਸਮੇਂ ਗਾਰਬੇਜ ਬੈਗ ਰੱਖਣਾ ਨਾ ਭੁੱਲੋ ਤਾਂ ਕਿ ਬਚਿਆ ਹੋਇਆ ਖਾਣਾ, ਛਿਲਕੇ ਆਦਿ ਉਸ ਵਿਚ ਪਾ ਸਕੋ। ਬੱਚਿਆਂ ਨੂੰ ਪਿਕਨਿਕ 'ਤੇ ਜਾਣ ਤੋਂ ਪਹਿਲਾਂ ਹਿਦਾਇਤ ਦੇ ਦਿਓ ਕਿ ਕਿਤੇ ਤੁਹਾਡੇ ਤੋਂ ਵੱਖ ਹੋ ਕੇ ਦੂਰ ਨਾ ਜਾਣ। ਬੱਚਿਆਂ ਨੂੰ ਇਸ ਤਰ੍ਹਾਂ ਦੀਆਂ ਥਾਵਾਂ 'ਤੇ ਆਪਣੇ ਨਾਲ ਰੱਖੋ। ਤੁਹਾਡੇ ਗਰੁੱਪ ਦੇ ਬੱਚੇ ਮਿਲ ਕੇ ਕੋਲ ਹੀ ਖੇਡਣ ਜਿਸ ਨਾਲ ਤੁਸੀਂ ਉਨ੍ਹਾਂ 'ਤੇ ਨਜ਼ਰ ਰੱਖ ਸਕੋ।

ਪਿਕਨਿਕ ਥਾਂ ਦੀਆਂ ਖ਼ਾਸ ਵਿਸ਼ੇਸ਼ਤਾਵਾਂ ਬੱਚਿਆਂ ਨੂੰ ਦੱਸੋ। ਜੇਕਰ ਬੋਟਿੰਗ ਦੀ ਵਿਵਸਥਾ ਹੋਵੇ ਤਾਂ ਉਸ ਦਾ ਅਨੰਦ ਲੈਣਾ ਨਾ ਭੁੱਲੋ। ਜੇਕਰ ਤੁਹਾਡੇ ਕੋਲ ਕੈਮਰਾ ਹੈ ਤਾਂ ਉਨ੍ਹਾਂ ਹਸੀਨ ਪਲਾਂ ਨੂੰ ਕੈਮਰੇ ਵਿਚ ਕੈਦ ਕਰਨਾ ਨਾ ਭੁੱਲੋ। ਗਰੁੱਪ ਵਿਚ ਹੋ ਤਾਂ ਸਾਰੇ ਗਰੁੱਪ ਨੂੰ ਧਿਆਨ ਵਿਚ ਰੱਖਦੇ ਹੋਏ ਤਸਵੀਰਾਂ ਲਓ। ਤੁਸੀਂ ਮੌਜ-ਮਸਤੀ ਲਈ ਘਰ ਤੋਂ ਨਿਕਲੇ ਹੋ ਤਾਂ ਪਰਿਵਾਰਕ ਤਣਾਅ ਘਰ 'ਚ ਹੀ ਛੱਡ ਕੇ ਚਲੋ। ਨਾ ਖ਼ੁਦ ਆਪਣਾ ਮਜ਼ਾ ਕਿਰਕਿਰਾ ਕਰੋ ਤੇ ਨਾ ਹੀ ਦੂਜਿਆਂ ਦੀ ਨਿੰਦਾ ਚੁਗਲੀ ਕਰ ਕੇ ਸਾਰਿਆਂ ਦਾ ਮਜ਼ਾ ਖ਼ਰਾਬ ਕਰੋ। ਪਿਕਨਿਕ ਸਾਨੂੰ ਨਵੀਂ ਊਰਜਾ ਦਿੰਦੀ ਹੈ, ਇਸ ਦਾ ਪੂਰੀ ਤਰ੍ਹਾਂ ਅਨੰਦ ਲਓ।

# ਨਵੀਂ ਵਿਆਹੀ ਨੂੰ ਕੁਝ ਸਮਾਂ ਦਿਓ ਵਿਚਰਨ ਦਾ



**ਹਰਦੀਪ ਕੌਰ ਜੋਸਨ**

ਜਿਵੇਂ ਆਮ ਹੀ ਆਖਿਆ ਜਾਂਦਾ ਹੈ ਕਿ ਧੀ ਦਾ ਵਿਆਹ ਕਰਕੇ ਦੂਸਰੇ ਘਰ ਤੋਰਨਾ ਬੂਟਾ ਪੁੱਟ ਕੇ ਦੂਸਰੀ ਥਾਂ ਲਾਉਣ ਦੇ ਬਰਾਬਰ ਹੈ। ਬੂਟਾ ਪੁੱਟ ਕੇ ਦੂਸਰੀ ਥਾਂ ’ਤੇ ਲਾਇਆ ਵੀ ਵਿਗਸਣ ਲਈ ਸਮਾਂ ਲੈਂਦਾ ਹੈ। ਇਸ ਤਰ੍ਹਾਂ ਇਕ ਧੀ ਜਿਸ ਨੇ ਘੱਟ ਤੋਂ ਘੱਟ ਵੀਹ ਤੋਂ ਪੱਚੀ ਵਰ੍ਹੇ ਪੇਕੇ ਘਰ ਗੁਜ਼ਾਰੇ ਹੁੰਦੇ ਹਨ ਤੇ ਵਿਆਹ ਮਗਰੋਂ ਉਸ ਨੇ ਇਕ ਅਨਜਾਣੇ ਪਰਿਵਾਰ ਵਿਚ ਜਾਣਾ ਹੁੰਦਾ ਹੈ। ਉਹ ਪਰਿਵਾਰ ਜਿੱਥੇ ਉਸ ਨੂੰ ਪੇਕੇ ਪਰਿਵਾਰ ਤੋਂ ਵੱਖਰਾ ਮਾਹੌਲ ਮਿਲਦਾ ਹੈ, ਉਸ ਮਾਹੌਲ ਵਿਚ ਉਸ ਨੇ ਹੌਲੀ-ਹੌਲੀ ਰਚਣਾ ਹੁੰਦਾ ਹੈ।

ਸਾਡੇ ਸਮਾਜ ਵਿਚ ਮੁਸ਼ਕਿਲ ਉਸ ਸਮੇਂ ਆਉਂਦੀ ਹੈ ਜਦੋਂ ਨਵਾਂ ਪਰਿਵਾਰ ਨਵੀਂ ਵਿਆਹੀ ਲੜਕੀ ਦੀਆਂ ਵੀਹ-ਪੱਚੀ ਸਾਲ ਦੀਆਂ ਆਦਤਾਂ ਨੂੰ ਕੁਝ ਹੀ ਦਿਨਾਂ ਵਿਚ ਬਦਲਣਾ ਚਾਹੁੰਦਾ ਹੈ। ਹਰ ਪਰਿਵਾਰ ਦਾ ਆਪਣਾ ਰਹਿਣ-ਸਹਿਣ, ਖਾਣ-ਪੀਣ ਭਿੰਨ-ਭਿੰਨ ਵੀ ਹੁੰਦਾ ਹੈ। ਸਹਿਜ ਭਾਵੀ ਜਿਵੇਂ ਸਬਜ਼ੀ-ਭਾਜੀ ਤਾਂ ਹਰ ਘਰ ਵਿਚ ਬਣਦੀ ਹੈ, ਪਰ ਸਵਾਦ ਵੱਖਰਾ-ਵੱਖਰਾ ਹੁੰਦਾ ਹੈ। ਕਈ ਘਰਾਂ ਵਿਚ ਤਾਂ ਇਥੋਂ ਤੱਕ ਕਿਹਾ ਜਾਂਦਾ ਹੈ ਕਿ ਸਬਜ਼ੀ ਸਵਾਦ ਨਹੀਂ ਬਣਾਉਂਦੀ।

ਲੜਕੀ ਲਈ ਸਹੁਰੇ ਪਰਿਵਾਰ ਵਿਚ ਸਭ ਤੋਂ ਵੱਧ ਮਦਦਗਾਰ ਹੁੰਦੀਆਂ ਹਨ ਉਸ ਦੇ ਪਰਿਵਾਰ ਦੀਆਂ ਔਰਤਾਂ ਭਾਵੇਂ ਉਹ ਸੱਸ ਹੋਵੇ, ਨਨਾਣ ਹੋਵੇ ਤੇ ਭਾਵੇਂ ਦਰਾਣੀ, ਜਠਾਣੀ ਹੋਣ। ਲੜਕੀ ਆਪਣਾ ਪੇਕਾ ਪਰਿਵਾਰ ਛੱਡ ਕੇ ਆਉਂਦੀ ਹੈ, ਉਸ ਨੇ ਸੱਸ-ਸਹੁਰੇ ਵਿਚੋਂ ਮਾਂ-ਬਾਪ ਦਾ ਲਾਡ ਮਾਨਣਾ ਹੁੰਦਾ ਹੈ ਤੇ ਦਰਾਣੀ, ਜਠਾਣੀ ’ਚੋਂ ਭੈਣਾਂ ਵਾਲਾ ਪਿਆਰ ਭਾਲਦੀ ਹੈ।

ਇਕ ਲੜਕੀ ਜੋ ਲੰਮੇਰਾ ਸਮਾਂ ਇਕ ਵੱਖਰੇ ਮਾਹੌਲ ਵਿਚ ਰਹੀ ਅਚਾਨਕ ਵਿਆਹ ਮਗਰੋਂ ਉਸ ਦਾ ਤੌਰ-ਤਰੀਕਾ ਦੂਜੇ ਥਾਂ ਜਲਦੀ ਬਦਲਣਾ ਸੰਭਵ ਨਹੀਂ ਹੁੰਦਾ। ਉਸ ਨੂੰ ਨਵੇਂ ਮਾਹੌਲ, ਨਵੇਂ ਪਰਿਵਾਰ ਵਿਚ ਵਿਚਰਨ ਲਈ ਸਮਾਂ ਦਿਉ। ਸਹੁਰੇ ਪਰਿਵਾਰ ਨੂੰ ਉਸ ਦੇ ਮਦਦਗਾਰ ਬਣ ਕੇ ਪਿਆਰ ਵਾਲਾ ਮਾਹੌਲ ਦੇਣਾ ਚਾਹੀਦਾ ਹੈ ਤਾਂ ਜੋ ਉਸ ਨੂੰ ਸਹੁਰਾ ਘਰ ਪਰਾਇਆ ਜਾਂ ਓਪਰਾ ਨਾ ਲੱਗੇ। ਸਹੁਰਾ ਪਰਿਵਾਰ ਉਸ ਪ੍ਰਤੀ ਅਪਣੱਤ ਦੀ ਭਾਵਨਾ ਰੱਖੇ ਤੇ ਅਪਣੱਤ ਦੀ ਭਾਵਨਾ ਪਰਾਏ ਨੂੰ ਵੀ ਆਪਣਾ ਬਣਾ ਦਿੰਦੀ ਹੈ। ਸਹੁਰਾ ਪਰਿਵਾਰ ਤਾਂ ਫੇਰ ਉਸ ਦਾ ਆਪਣਾ ਪਰਿਵਾਰ ਹੈ। ਇਸ ਦੇ ਨਾਲ ਇਹ ਵੀ ਅਤਿ ਜ਼ਰੂਰੀ ਹੈ ਕਿ ਹਰੇਕ ਲੜਕੀ ਨੂੰ ਆਪਣੇ ਸਹੁਰੇ ਪਰਿਵਾਰ ਪ੍ਰਤੀ ਫਰਜ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।









# ਘਰ ਵਿਚ ਬਣਾਓ ਆਲੂ ਟਿੱਕੀ ਬਰਗਰ



ਬੱਚਿਆਂ ਨੂੰ ਫਾਸਟਫੂਡ ਖਾਣਾ ਬਹੁਤ ਪਸੰਦ ਹੁੰਦਾ ਹੈ, ਪਰ ਬਾਹਰ ਮਿਲਣ ਵਾਲਾ ਫਾਸਟਫੂਡ ਸਿਹਤ ਲਈ ਠੀਕ ਨਹੀਂ ਹੁੰਦਾ। ਇਹ ਬਹੁਤ ਹੀ ਤੇਲ ਵਾਲਾ ਤੇ ਮਿਰਚਾਂ ਵਾਲਾ ਹੁੰਦਾ ਹੈ। ਜੋ ਬੱਚੇ ਨਹੀਂ ਖਾ ਸਕਦੇ। ਇਸ ਦੇ ਨਾਲ ਹੀ ਬਾਹਰ ਮਿਲਣ ਵਾਲੇ ਫਾਸਟਫੂਡ ਨੂੰ ਚੰਗੀ ਤਰ੍ਹਾਂ ਸਾਫ਼ ਸੁਥਰਾ ਵੀ ਨਹੀਂ ਬਣਾਇਆ ਜਾਂਦਾ। ਅਜਿਹੇ ਵਿਚ ਅਸੀਂ ਤੁਹਾਡੇ ਲਈ ਬਰਗਰ ਦੀ ਰਿਸਪੀ ਲੈ ਕੇ ਆਏ ਹਾਂ, ਤੁਸੀਂ ਘਰ ਵਿਚ ਬੜੀ ਆਸਾਨੀ ਨਾਲ ਬੱਚਿਆਂ ਨੂੰ ਬਰਗਰ ਬਣਾ ਕੇ ਖਵਾ ਸਕਦੇ ਹੋ। ਇਸ ਨਾਲ ਬੱਚੇ ਵੀ ਖੁਸ਼ ਹੋ ਜਾਣਗੇ ਤਾਂ, ਆਓ ਜਾਣਦੇ ਹਾਂ ਬਰਗਰ ਨੂੰ ਬਣਾਉਣ ਦੀ ਰਿਸਪੀ......

**ਸਮੱਗਰੀ**

ਤੇਲ- 3 ਚਮਚ
ਜੀਰਾ- 1 ਚਮਚ
ਹਰੀ ਮਿਰਚ - 1 ਚਮਚ
ਧਨੀਆ ਪਾਊਡਰ - 1 ਚਮਚ
ਲਾਲ ਮਿਰਚ ਪਾਊਡਰ-1 ਚਮਚ
ਹਲਦੀ ਪਾਊਡਰ-1 ਚਮਚ
ਚਾਟ ਮਸਾਲਾ-1 ਚਮਚ
ਉਬਾਲੇ ਹੋਏ ਆਲੂ- 500 ਗ੍ਰਾਮ
**ਸੁਆਦ ਅਨੁਸਾਰ ਨਮਕ**

ਬਣਾਉਣ ਦੀ ਵਿਧੀ: ਸੱਭ ਤੋਂ ਪਹਿਲਾਂ ਇਕ ਕੜਾਹੀ ਲਵੋ। ਇਸ ਵਿਚ ਤੇਲ, ਜੀਰਾ, ਹਰੀ ਮਿਰਚ, ਧਨੀਆ ਪਾਊਡਰ, ਲਾਲ ਮਿਰਚ ਪਾਊਡਰ, ਹਲਦੀ ਪਾਊਡਰ ਅਤੇ ਚਾਟ ਮਸਾਲਾ ਪਾਉ। ਸਾਰੀਆਂ ਚੀਜ਼ਾਂ ਨੂੰ ਚੰਗੀ ਤਰ੍ਹਾਂ ਮਿਲਾਉ ਅਤੇ ਫਿਰ ਉਬਾਲੇ ਹੋਏ ਆਲੂ ਪਾਉ। ਪੱਕ ਜਾਣ ਤੋਂ ਬਾਅਦ ਫ਼ਰਾਈਪੈਨ ਨੂੰ ਗੈਸ ਤੋਂ ਉਤਾਰ ਦਿਉ। ਹੁਣ ਮਿਸ਼ਰਣ ਨੂੰ ਠੰਢਾ ਹੋਣ ਦਿਉ ਅਤੇ ਇਸ ਨੂੰ ਛੋਟੇ ਹਿੱਸਿਆਂ ਵਿਚ ਵੰਡੋ।

ਹੁਣ ਇਸ ਮਿਸ਼ਰਣ ਨੂੰ ਟਿੱਕੀਆਂ ਦਾ ਆਕਾਰ ਦਿਉ। ਇਕ ਫ਼ਰਾਈਪੈਨ ਲਵੋ ਅਤੇ ਇਸ ਵਿਚ ਤੇਲ ਪਾਉ। ਇਸ ਵਿਚ ਟਿੱਕੀ ਨੂੰ ਚੰਗੀ ਤਰ੍ਹਾਂ ਦੋਵੇਂ ਪਾਸਿਉ ਤਲ ਲਵੋ। ਹੁਣ ਇਕ ਬਰਗਰ ਲਵੋ ਅਤੇ ਇਸ ’ਤੇ ਮਿਉਨੀਜ਼ ਸਾਸ ਫੈਲਾਉ। ਇਸ ਤੋਂ ਬਾਅਦ ਇਸ ਵਿਚ ਆਲੂ ਟਿੱਕੀ, ਕੱਟਿਆ ਹੋਇਆ ਪਿਆਜ਼, ਟਮਾਟਰ ਅਤੇ ਖੀਰੇ ਪਾਉ। ਇਸ ਤੋਂ ਬਾਅਦ ਇਕ ਵਾਰ ਫਿਰ ਮਿਉਨੀਜ਼ ਸਾਸ ਲਗਾਉ ਅਤੇ ਸਬਜ਼ੀਆਂ ਰੱਖੋ। ਇਸ ਨੂੰ ਇਕ ਹੋਰ ਬਰਗਰ ਨਾਲ ਢੱਕ ਦਿਉ। ਤੁਹਾਡਾ ਆਲੂ ਟਿੱਕੀ ਬਰਗਰ ਬਣ ਕੇ ਤਿਆਰ ਹੈ। ਹੁਣ ਇਸ ਨੂੰ ਅਪਣੇ ਬੱਚਿਆਂ ਨੂੰ ਸਾਸ ਨਾਲ ਦੇਵੋ।

# ਮੀਂਹ ਦੇ ਮੌਸਮ ਵਿਚ ਘਰ ਬਣਾ ਕੇ ਖਾਉ ਪਨੀਰ ਦੇ ਪਕੌੜੇ

ਪੰਜਾਬ ਵਿਚ ਅੱਜ ਮੀਂਹ ਪੈ ਰਿਹਾ ਹੈ। ਮੀਂਹ ਪੈਣ ਨਾਲ ਮੌਸਮ ਠੰਢਾ ਹੋ ਗਿਆ। ਜਿਸ ਕਰਕੇ ਲੋਕ ਆਪਣੇ ਘਰਾਂ ਵਿਚ ਹੀ ਹਨ। ਠੰਢੇ ਮੌਸਮ ਵਿਚ ਪੰਜਾਬੀਆਂ ਦਾ ਆਮ ਤੌਰ ’ਤੇ ਪਕੌੜੇ ਖਾਣ ਨੂੰ ਮਨ ਕਰਦਾ ਹੁੰਦਾ, ਪਰ ਬਾਹਰ ਮੀਂਹ ਪੈਣ ਕਾਰਨ ਲੋਕ ਇਸ ਨੂੰ ਲੈ ਕੇ ਨਹੀਂ ਆ ਸਕਦੇ। ਇਸ ਲਈ ਅੱਜ ਤੁਹਾਡੇ ਲ਼ਈ ਘਰ ਵਿਚ ਪਨੀਰ ਦੇ ਪਕੌੜੇ ਬਣਾਉਣ ਦੀ ਰਿਸਪੀ ਲੈ ਕੇ ਆਏ ਹਾਂ, ਜੋ ਬੇਹੱਦ ਆਸਾਨ ਹੈ।



ਸਮੱਗਰੀ: ਵੇਸਣ-1 ਕੱਪ
ਪਨੀਰ-250 ਗ੍ਰਾਮ
ਚੌਲਾਂ ਦਾ ਆਟਾ-2 ਚਮਚ
ਲਾਲ ਮਿਰਚ ਪਾਊਡਰ-1 ਚਮਚ
ਹਲਦੀ-1/2 ਚਮਚ
ਚਾਟ ਮਸਾਲਾ-1 ਚਮਚ
ਹਿੰਗ-1 ਚੁਟਕੀ
ਕਸੂਰੀ ਮੇਥੀ-1 ਚਮਚ
ਅਦਰਕ-ਲੱਸਣ ਦਾ ਪੇਸਟ-1 ਚਮਚ
ਬੇਕਿੰਗ ਸੋਡਾ-1 ਚੁਟਕੀ
ਤੇਲ-ਤਲਣ ਲਈ

**ਬਣਾਉਣ ਦਾ ਤਰੀਕਾ:** ਪਨੀਰ ਪਕੌੜਾ ਬਣਾਉਣ ਲਈ ਸੱਭ ਤੋਂ ਪਹਿਲਾਂ ਪਨੀਰ ਲਉ ਅਤੇ ਇਸ ਦੇ 2-2 ਇੰਚ ਲੰਬੇ ਟੁਕੜੇ ਕੱਟ ਲਉ। ਇਸ ਤੋਂ ਬਾਅਦ ਇਨ੍ਹਾਂ ਨੂੰ ਇਕ ਕਟੋਰੀ ਵਿਚ ਰੱਖ ਲਉ। ਹੁਣ ਇੱਕ ਮਿਕਸਿੰਗ ਬਾਊਲ ਲਉ, ਇਸ ਵਿਚ ਅਦਰਕ-ਲੱਸਣ ਦਾ ਪੇਸਟ, ਕਸੂਰੀ ਮੇਥੀ, ਲਾਲ ਮਿਰਚ ਪਾਊਡਰ, ਚਾਟ ਮਸਾਲਾ ਅਤੇ ਥੋੜ੍ਹਾ ਜਿਹਾ ਨਮਕ ਪਾ ਕੇ ਚੰਗੀ ਤਰ੍ਹਾਂ ਮਿਲਾਉ। ਹੁਣ ਇਸ ਮਿਸ਼ਰਣ ’ਚ ਪਨੀਰ ਦੇ ਟੁਕੜਿਆਂ ਨੂੰ ਮਿਲਾ ਕੇ ਚੰਗੀ ਤਰ੍ਹਾਂ ਮੈਰੀਨੇਟ ਕਰ ਲਉ ਅਤੇ ਕੁੱਝ ਸਮੇਂ ਲਈ ਇਕ ਪਾਸੇ ਰੱਖ ਦਿਉ।

ਹੁਣ ਇਕ ਹੋਰ ਵੱਡਾ ਮਿਕਸਿੰਗ ਬਾਊਲ ਲਉ ਅਤੇ ਇਸ ਵਿਚ ਵੇਸਣ ਅਤੇ ਚੌਲਾਂ ਦਾ ਆਟਾ ਪਾ ਕੇ ਮਿਕਸ ਕਰ ਲਉ। ਲੋੜ ਅਨੁਸਾਰ ਪਾਣੀ ਪਾ ਕੇ ਆਟੇ ਨੂੰ ਤਿਆਰ ਕਰੋ। ਹਲਦੀ, ਮਿਰਚ ਪਾਊਡਰ, ਹਿੰਗ, ਚਾਟ ਮਸਾਲਾ ਪਾ ਕੇ ਚੰਗੀ ਤਰ੍ਹਾਂ ਮਿਲਾਉ। ਇਸ ਤੋਂ ਬਾਅਦ ਇਸ ਨੂੰ ਚੰਗੀ ਤਰ੍ਹਾਂ ਮਿਲਾ ਲਉ ਤਾਕਿ ਬੈਟਰ ਵਿਚ ਕੋਈ ਗੰਢ ਨਾ ਰਹਿ ਜਾਵੇ ਅਤੇ ਪੂਰੀ ਤਰ੍ਹਾਂ ਮੁਲਾਇਮ ਕਰੋ। ਹੁਣ ਬੈਟਰ ਵਿਚ ਬੇਕਿੰਗ ਸੋਡਾ ਪਾਉ ਅਤੇ ਹੌਲੀ-ਹੌਲੀ ਹਿਲਾਉ। ਬੈਟਰ ਦੇ ਪੂਰੀ ਤਰ੍ਹਾਂ ਤਿਆਰ ਹੋਣ ਤੋਂ ਬਾਅਦ, ਹੁਣ ਇਕ ਫ਼ਰਾਈਪੈਨ ਵਿਚ ਤੇਲ ਪਾਉ ਅਤੇ ਇਸ ਨੂੰ ਘੱਟ ਸੇਕ ’ਤੇ ਗਰਮ ਕਰੋ।

ਜਦੋਂ ਤੇਲ ਗਰਮ ਹੋ ਰਿਹਾ ਹੋਵੇ, ਮੈਰੀਨੇਟ ਕੀਤੇ ਪਨੀਰ ਦੇ ਟੁਕੜਿਆਂ ਨੂੰ ਲਉ ਅਤੇ ਉਨ੍ਹਾਂ ਨੂੰ ਬੈਟਰ ਵਿਚ ਡੁਬੋ ਕੇ ਚੰਗੀ ਤਰ੍ਹਾਂ ਹਿਲਾਉ। ਇਸ ਤੋਂ ਬਾਅਦ ਗਰਮ ਤੇਲ ਵਿਚ ਇਕ-ਇਕ ਕਰ ਕੇ ਫ਼ਰਾਈ ਕਰੋ। ਇਸ ਨੂੰ ਉਦੋਂ ਤਕ ਤਲਦੇ ਰਹੋ ਜਦੋਂ ਤਕ ਇਹ ਗੋਲਡਨ ਬਰਾਊਨ ਨਾ ਹੋ ਜਾਵੇ। ਇਸ ਤੋਂ ਬਾਅਦ ਇਸ ਨੂੰ ਪਲੇਟ ’ਚ ਕੱਢ ਲਉ। ਤੁਹਾਡੇ ਪਨੀਰ ਦਾ ਪਕੌੜੇ ਬਣ ਕੇ ਤਿਆਰ ਹਨ। ਹੁਣ ਇਸ ਨੂੰ ਚਾਹ ਨਾਲ ਖਾਉ।

# ਕੈਨੇਡਾ ਵਿੱਚ ਮਾਪਿਆਂ ਅਤੇ ਦਾਦਾ-ਦਾਦੀ ਦੀ ਪੀ.ਆਰ. ਸਪਾਂਸਰਸ਼ਿਪ 'ਤੇ ਰੋਕ

## ਪਰਵਾਸੀ ਪਰਿਵਾਰਾਂ ਦੇ ਸੁਪਨਿਆਂ ਨੂੰ ਵੱਡਾ ਝਟਕਾ ਜਾਂ ਇਮੀਗ੍ਰੇਸ਼ਨ ਨੀਤੀ ਦਾ ਨਵਾਂ ਦੌਰ?




**ਵਿੰਕਲਜੀਤ ਸਿੰਘ ਸਰਾ, ਪਟਿਆਲਾ**

ਦੁਨੀਆ ਦੇ ਸਭ ਤੋਂ ਵੱਧ ਪਰਵਾਸੀਆਂ ਨੂੰ ਸਵੀਕਾਰ ਕਰਨ ਵਾਲੇ ਦੇਸ਼ਾਂ ਵਿੱਚ ਕੈਨੇਡਾ ਦਾ ਨਾਮ ਹਮੇਸ਼ਾ ਸਿਰੇ 'ਤੇ ਰਿਹਾ ਹੈ। ਪਿਛਲੇ ਦੋ ਦਹਾਕਿਆਂ ਦੌਰਾਨ ਲੱਖਾਂ ਭਾਰਤੀਆਂ, ਖ਼ਾਸ ਕਰਕੇ ਪੰਜਾਬੀ ਨੌਜਵਾਨਾਂ ਨੇ ਕੈਨੇਡਾ ਨੂੰ ਆਪਣੇ ਭਵਿੱਖ ਦੀ ਧਰਤੀ ਵਜੋਂ ਚੁਣਿਆ। ਇੱਥੇ ਪੜ੍ਹਾਈ, ਰੁਜ਼ਗਾਰ ਅਤੇ ਪੱਕੀ ਰਿਹਾਇਸ਼ (Permanent Residence) ਹਾਸਲ ਕਰਨ ਤੋਂ ਬਾਅਦ ਉਨ੍ਹਾਂ ਦੀ ਸਭ ਤੋਂ ਵੱਡੀ ਇੱਛਾ ਆਪਣੇ ਮਾਪਿਆਂ ਅਤੇ ਦਾਦਾ-ਦਾਦੀ ਨੂੰ ਵੀ ਆਪਣੇ ਕੋਲ ਸਥਾਈ ਤੌਰ 'ਤੇ ਵਸਾਉਣ ਦੀ ਹੁੰਦੀ ਹੈ। ਇਹੀ ਕਾਰਨ ਹੈ ਕਿ Parents and Grandparents Program (PGP) ਭਾਰਤੀ ਭਾਈਚਾਰੇ ਲਈ ਸਿਰਫ਼ ਇੱਕ ਇਮੀਗ੍ਰੇਸ਼ਨ ਸਕੀਮ ਨਹੀਂ, ਸਗੋਂ ਪਰਿਵਾਰਕ ਮਿਲਾਪ ਦਾ ਸਭ ਤੋਂ ਮਹੱਤਵਪੂਰਨ ਸਾਧਨ ਬਣ ਚੁੱਕੀ ਸੀ। ਪਰ ਹੁਣ ਕੈਨੇਡਾ ਸਰਕਾਰ ਵੱਲੋਂ PGP ਅਧੀਨ ਨਵੀਆਂ ਸਪਾਂਸਰਸ਼ਿਪ ਅਰਜ਼ੀਆਂ ਨੂੰ ਫਿਲਹਾਲ ਸਵੀਕਾਰ ਨਾ ਕਰਨ ਦੇ ਫ਼ੈਸਲੇ ਨੇ ਹਜ਼ਾਰਾਂ ਪਰਿਵਾਰਾਂ ਦੀਆਂ ਉਮੀਦਾਂ ਨੂੰ ਵੱਡਾ ਝਟਕਾ ਦਿੱਤਾ ਹੈ। ਹਾਲਾਂਕਿ ਪਹਿਲਾਂ ਤੋਂ ਜਮ੍ਹਾਂ ਹੋਈਆਂ ਅਰਜ਼ੀਆਂ ਦੀ ਪ੍ਰੋਸੈਸਿੰਗ ਜਾਰੀ ਰਹੇਗੀ, ਪਰ ਨਵੇਂ ਬਿਨੈਕਾਰਾਂ ਲਈ ਇਹ ਦਰਵਾਜ਼ਾ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ। ਇਸ ਫ਼ੈਸਲੇ ਨੇ ਸਿਰਫ਼ ਇਮੀਗ੍ਰੇਸ਼ਨ ਮਾਹਿਰਾਂ ਨੂੰ ਹੀ ਨਹੀਂ, ਸਗੋਂ ਕੈਨੇਡਾ ਵਿੱਚ ਰਹਿ ਰਹੇ ਲੱਖਾਂ ਪਰਵਾਸੀਆਂ ਨੂੰ ਵੀ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਕੀ ਕੈਨੇਡਾ ਦੀ ਇਮੀਗ੍ਰੇਸ਼ਨ ਨੀਤੀ ਇੱਕ ਨਵੇਂ ਦੌਰ ਵਿੱਚ ਦਾਖ਼ਲ ਹੋ ਰਹੀ ਹੈ?

**ਪਰਿਵਾਰਕ ਮਿਲਾਪ ਕੈਨੇਡਾ ਦੀ ਨੀਤੀ ਦਾ ਅਹਿਮ ਹਿੱਸਾ ਰਿਹਾ ਹੈ :** ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਤਿੰਨ ਮੁੱਖ ਥੰਮ੍ਹਾਂ 'ਤੇ ਖੜ੍ਹੀ ਮੰਨੀ ਜਾਂਦੀ ਹੈ ਆਰਥਿਕ ਇਮੀਗ੍ਰੇਸ਼ਨ, ਮਨੁੱਖੀ ਅਧਿਕਾਰਾਂ ਦੇ ਆਧਾਰ 'ਤੇ ਸ਼ਰਨਾਰਥੀਆਂ ਦੀ ਸਵੀਕਾਰਤਾ ਅਤੇ ਪਰਿਵਾਰਕ ਮਿਲਾਪ। ਇਨ੍ਹਾਂ ਵਿੱਚੋਂ ਪਰਿਵਾਰਕ ਮਿਲਾਪ ਵਾਲੀ ਨੀਤੀ ਨੇ ਕੈਨੇਡਾ ਨੂੰ ਦੁਨੀਆ ਵਿੱਚ ਇੱਕ ਮਨੁੱਖੀ ਮੁੱਲਾਂ ਵਾਲੇ ਦੇਸ਼ ਦੀ ਪਛਾਣ ਦਿੱਤੀ ਹੈ। ਇਸੇ ਨੀਤੀ ਦੇ ਤਹਿਤ ਕੈਨੇਡਾ ਵਿੱਚ ਰਹਿੰਦੇ ਸਥਾਈ ਨਿਵਾਸੀ ਜਾਂ ਨਾਗਰਿਕ ਆਪਣੇ ਮਾਪਿਆਂ ਅਤੇ ਦਾਦਾ-ਦਾਦੀ ਨੂੰ ਸਥਾਈ ਨਿਵਾਸ ਲਈ ਸਪਾਂਸਰ ਕਰ ਸਕਦੇ ਸਨ। ਪੰਜਾਬ ਸਮੇਤ ਭਾਰਤ ਦੇ ਹਜ਼ਾਰਾਂ ਪਰਿਵਾਰਾਂ ਨੇ ਇਸ ਯੋਜਨਾ ਰਾਹੀਂ ਆਪਣੇ ਬਜ਼ੁਰਗ ਮਾਪਿਆਂ ਨੂੰ ਕੈਨੇਡਾ ਬੁਲਾਇਆ ਅਤੇ ਉਨ੍ਹਾਂ ਨੂੰ ਪਰਿਵਾਰ ਦੇ ਨਾਲ ਬੁਢਾਪਾ ਬਿਤਾਉਣ ਦਾ ਮੌਕਾ ਮਿਲਿਆ। ਪਰ ਹੁਣ ਨਵੀਆਂ ਅਰਜ਼ੀਆਂ 'ਤੇ ਰੋਕ ਨੇ ਇਹ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਕੀ ਕੈਨੇਡਾ ਹੌਲੀ-ਹੌਲੀ ਆਪਣੀ ਇਮੀਗ੍ਰੇਸ਼ਨ ਫ਼ਲਸਫ਼ੇ ਨੂੰ ਬਦਲ ਰਿਹਾ ਹੈ ਜਾਂ ਇਹ ਸਿਰਫ਼ ਮੌਜੂਦਾ ਹਾਲਾਤਾਂ ਕਾਰਨ ਲਿਆ ਗਿਆ ਇੱਕ ਅਸਥਾਈ ਕਦਮ ਹੈ।

**ਅਸਲ ਫ਼ੈਸਲਾ ਕੀ ਹੈ? ਅਫ਼ਵਾਹਾਂ ਅਤੇ ਹਕੀਕਤ ਵਿੱਚ ਫ਼ਰਕ :** ਸੋਸ਼ਲ ਮੀਡੀਆ 'ਤੇ ਕਈ ਥਾਵਾਂ ਇਹ ਦਾਅਵਾ ਕੀਤਾ ਗਿਆ ਕਿ ਕੈਨੇਡਾ ਨੇ ਹੁਣ ਮਾਪਿਆਂ ਅਤੇ ਦਾਦਾ-ਦਾਦੀ ਨੂੰ ਸਪਾਂਸਰ ਕਰਨ ਦੀ ਸਹੂਲਤ ਹਮੇਸ਼ਾ ਲਈ ਬੰਦ ਕਰ ਦਿੱਤੀ ਹੈ। ਪਰ ਇਹ ਦਾਅਵਾ ਸਹੀ ਨਹੀਂ ਹੈ। ਹਕੀਕਤ ਇਹ ਹੈ ਕਿ ਇਮੀਗ੍ਰੇਸ਼ਨ ਵਿਭਾਗ ਨੇ ਫਿਲਹਾਲ ਨਵੀਆਂ PGP ਅਰਜ਼ੀਆਂ ਸਵੀਕਾਰ ਨਾ ਕਰਨ ਦਾ ਫ਼ੈਸਲਾ ਕੀਤਾ ਹੈ। ਜਿਹੜੀਆਂ ਅਰਜ਼ੀਆਂ ਪਹਿਲਾਂ ਹੀ ਵਿਭਾਗ ਕੋਲ ਪਹੁੰਚ ਚੁੱਕੀਆਂ ਹਨ, ਉਨ੍ਹਾਂ ਦੀ ਜਾਂਚ ਅਤੇ ਪ੍ਰੋਸੈਸਿੰਗ ਜਾਰੀ ਰਹੇਗੀ। ਇਸ ਦੇ ਨਾਲ ਹੀ Super Visa ਪ੍ਰੋਗਰਾਮ ਵੀ ਪਹਿਲਾਂ ਵਾਂਗ ਉਪਲਬਧ ਹੈ, ਜਿਸ ਰਾਹੀਂ ਮਾਪੇ ਅਤੇ ਦਾਦਾ-ਦਾਦੀ ਲੰਬੇ ਸਮੇਂ ਲਈ ਕੈਨੇਡਾ ਆ ਸਕਦੇ ਹਨ, ਹਾਲਾਂਕਿ ਉਹਨਾਂ ਨੂੰ ਇਸ ਨਾਲ ਸਥਾਈ ਨਿਵਾਸ ਦਾ ਦਰਜਾ ਨਹੀਂ ਮਿਲਦਾ। ਇਸ ਲਈ ਇਹ ਕਹਿਣਾ ਕਿ 'ਹੁਣ ਕਦੇ ਵੀ ਮਾਪਿਆਂ ਨੂੰ ਕੈਨੇਡਾ ਨਹੀਂ ਬੁਲਾਇਆ ਜਾ ਸਕੇਗਾ', ਹਕੀਕਤ ਨਾਲ ਮੇਲ ਨਹੀਂ ਖਾਂਦਾ।

SRI GURU HARKRISHAN PUBLIC SCHOOL (CBSE AFFILIATED)
Contact us: 98770-13204, 90412-75457
Website :- www.sghps.com | Email: sghkps11@gmail.com
50% OFF in Admission Fee (Nursery to 5th)





**ਸਰਕਾਰ ਨੇ ਇਹ ਕਦਮ ਕਿਉਂ ਚੁੱਕਿਆ :** ਇਸ ਫ਼ੈਸਲੇ ਦੇ ਪਿੱਛੇ ਸਿਰਫ਼ ਇੱਕ ਕਾਰਨ ਨਹੀਂ, ਸਗੋਂ ਕਈ ਆਰਥਿਕ ਅਤੇ ਸਮਾਜਿਕ ਕਾਰਕ ਹਨ। ਕੈਨੇਡਾ ਨੇ ਪਿਛਲੇ ਕੁਝ ਸਾਲਾਂ ਦੌਰਾਨ ਇਤਿਹਾਸਕ ਪੱਧਰ 'ਤੇ ਨਵੇਂ ਪਰਵਾਸੀਆਂ ਦਾ ਸਵਾਗਤ ਕੀਤਾ। ਇਸ ਨਾਲ ਆਬਾਦੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ। ਆਬਾਦੀ ਵਧਣ ਦੇ ਨਾਲ ਹੀ ਰਿਹਾਇਸ਼ ਦੀ ਮੰਗ ਵਿੱਚ ਵੀ ਭਾਰੀ ਵਾਧਾ ਹੋਇਆ, ਪਰ ਘਰਾਂ ਦੀ ਉਸ ਰਫ਼ਤਾਰ ਨਾਲ ਉਸਾਰੀ ਨਹੀਂ ਹੋ ਸਕੀ। ਨਤੀਜੇ ਵਜੋਂ ਕਿਰਾਏ ਅਤੇ ਮਕਾਨਾਂ ਦੀਆਂ ਕੀਮਤਾਂ ਵਿੱਚ ਰਿਕਾਰਡ ਵਾਧਾ ਹੋਇਆ। ਟੋਰਾਂਟੋ, ਵੈਨਕੂਵਰ, ਬ੍ਰੈਂਪਟਨ, ਮਿਸੀਸਾਗਾ, ਕੈਲਗਰੀ ਅਤੇ ਹੋਰ ਵੱਡੇ ਸ਼ਹਿਰਾਂ ਵਿੱਚ ਰਿਹਾਇਸ਼ ਦਾ ਸੰਕਟ ਇਸ ਹੱਦ ਤੱਕ ਵਧ ਗਿਆ ਕਿ ਸਥਾਨਕ ਲੋਕਾਂ ਨੇ ਵੀ ਸਰਕਾਰ 'ਤੇ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ। ਇਸ ਦੇ ਨਾਲ ਹੀ ਹਸਪਤਾਲਾਂ ਵਿੱਚ ਇਲਾਜ ਲਈ ਉਡੀਕ ਸਮਾਂ ਵਧਿਆ, ਸਕੂਲਾਂ ਅਤੇ ਹੋਰ ਜਨਤਕ ਸੇਵਾਵਾਂ 'ਤੇ ਵੀ ਦਬਾਅ ਮਹਿਸੂਸ ਕੀਤਾ ਜਾਣ ਲੱਗਾ। ਇਸੇ ਪ੍ਰਸੰਗ ਵਿੱਚ ਸਰਕਾਰ ਨੇ ਇਮੀਗ੍ਰੇਸ਼ਨ ਦੀ ਰਫ਼ਤਾਰ ਨੂੰ ਕੁਝ ਹੱਦ ਤੱਕ ਸੰਤੁਲਿਤ ਕਰਨ ਲਈ ਕਈ ਤਬਦੀਲੀਆਂ ਕਰਨੀਆਂ ਸ਼ੁਰੂ ਕੀਤੀਆਂ।

**ਵਿਦਿਆਰਥੀ ਵੀਜ਼ਿਆਂ ਤੋਂ ਲੈ ਕੇ PGP ਤੱਕ — ਇੱਕ ਵੱਡੀ ਨੀਤੀ ਦਾ ਹਿੱਸਾ :** ਜੇ ਪਿਛਲੇ ਦੋ ਸਾਲਾਂ ਦੇ ਫ਼ੈਸਲਿਆਂ ਨੂੰ ਇਕੱਠੇ ਵੇਖਿਆ ਜਾਵੇ ਤਾਂ ਇਹ ਸਪੱਸ਼ਟ ਹੁੰਦਾ ਹੈ ਕਿ PGP 'ਤੇ ਰੋਕ ਕੋਈ ਇਕੱਲਾ ਫ਼ੈਸਲਾ ਨਹੀਂ। ਸਭ ਤੋਂ ਪਹਿਲਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਸੀਮਿਤ ਕਰਨ ਲਈ ਕਈ ਕਦਮ ਚੁੱਕੇ ਗਏ। ਉਸ ਤੋਂ ਬਾਅਦ ਕੁਝ ਵਰਕ ਪਰਮਿਟ ਨਿਯਮਾਂ ਵਿੱਚ ਤਬਦੀਲੀਆਂ ਕੀਤੀਆਂ ਗਈਆਂ। Permanent Residence ਦੇ ਸਾਲਾਨਾ ਟੀਚਿਆਂ ਵਿੱਚ ਵੀ ਸੋਧ ਕੀਤੀ ਗਈ। ਹੁਣ ਪਰਿਵਾਰਕ ਸਪਾਂਸਰਸ਼ਿਪ ਵਿੱਚ ਵੀ ਅਸਥਾਈ ਰੋਕ ਉਸੇ ਵੱਡੀ ਰਣਨੀਤੀ ਦਾ ਹਿੱਸਾ ਮੰਨੀ ਜਾ ਰਹੀ ਹੈ, ਜਿਸਦਾ ਮਕਸਦ ਦੇਸ਼ ਦੀ ਸਮਰੱਥਾ ਦੇ ਅਨੁਸਾਰ ਇਮੀਗ੍ਰੇਸ਼ਨ ਨੂੰ ਸੰਤੁਲਿਤ ਕਰਨਾ ਹੈ। ਸਰਕਾਰ ਦਾ ਮੰਨਣਾ ਹੈ ਕਿ ਜੇ ਰਿਹਾਇਸ਼, ਸਿਹਤ ਅਤੇ ਜਨਤਕ ਢਾਂਚੇ ਦੀ ਸਮਰੱਥਾ ਨਾਲੋਂ ਜ਼ਿਆਦਾ ਲੋਕ ਆਉਣਗੇ ਤਾਂ ਇਸ ਦਾ ਨੁਕਸਾਨ ਨਵੇਂ ਪਰਵਾਸੀਆਂ ਅਤੇ ਸਥਾਨਕ ਨਾਗਰਿਕਾਂ ਦੋਵਾਂ ਨੂੰ ਝੱਲਣਾ ਪਵੇਗਾ।

**ਭਾਰਤੀ ਅਤੇ ਪੰਜਾਬੀ ਭਾਈਚਾਰੇ 'ਤੇ ਸਭ ਤੋਂ ਵੱਧ ਪ੍ਰਭਾਵ :** ਭਾਵੇਂ ਇਹ ਨੀਤੀ ਕਿਸੇ ਇੱਕ ਦੇਸ਼ ਨੂੰ ਨਿਸ਼ਾਨਾ ਬਣਾ ਕੇ ਨਹੀਂ ਬਣਾਈ ਗਈ, ਪਰ ਇਸਦਾ ਸਭ ਤੋਂ ਵੱਡਾ ਅਸਰ ਭਾਰਤੀ ਭਾਈਚਾਰੇ, ਖ਼ਾਸ ਕਰਕੇ ਪੰਜਾਬੀਆਂ 'ਤੇ ਪੈਣਾ ਲਾਜ਼ਮੀ ਹੈ। ਪਿਛਲੇ ਕੁਝ ਸਾਲਾਂ ਦੌਰਾਨ ਕੈਨੇਡਾ ਵਿੱਚ ਵੱਸਣ ਵਾਲੇ ਨਵੇਂ ਪਰਵਾਸੀਆਂ ਵਿੱਚ ਭਾਰਤੀਆਂ ਦੀ ਗਿਣਤੀ ਸਭ ਤੋਂ ਵੱਧ ਰਹੀ ਹੈ। ਇਨ੍ਹਾਂ ਵਿੱਚ ਵੀ ਵੱਡਾ ਹਿੱਸਾ ਪੰਜਾਬ ਨਾਲ ਸਬੰਧਤ ਨੌਜਵਾਨਾਂ ਦਾ ਹੈ, ਜੋ ਪਹਿਲਾਂ ਵਿਦਿਆਰਥੀ ਵੀਜ਼ੇ 'ਤੇ ਗਏ, ਫਿਰ ਵਰਕ ਪਰਮਿਟ ਅਤੇ ਉਸ ਤੋਂ ਬਾਅਦ ਸਥਾਈ ਨਿਵਾਸ ਹਾਸਲ ਕਰਕੇ ਆਪਣੇ ਮਾਪਿਆਂ ਨੂੰ ਆਪਣੇ ਕੋਲ ਲਿਆਉਣ ਦੀ ਉਡੀਕ ਕਰ ਰਹੇ ਸਨ। ਪੰਜਾਬੀ ਸਮਾਜ ਵਿੱਚ ਪਰਿਵਾਰ ਸਿਰਫ਼ ਮਾਪੇ, ਪਤੀ-ਪਤਨੀ ਅਤੇ ਬੱਚਿਆਂ ਤੱਕ ਸੀਮਿਤ ਨਹੀਂ ਹੁੰਦਾ, ਸਗੋਂ ਦਾਦਾ-ਦਾਦੀ ਅਤੇ ਨਾਨਾ-ਨਾਨੀ ਵੀ ਉਸਦਾ ਅਟੁੱਟ ਹਿੱਸਾ ਹੁੰਦੇ ਹਨ। ਇਸ ਲਈ PGP 'ਤੇ ਅਸਥਾਈ ਰੋਕ ਸਿਰਫ਼ ਇੱਕ ਪ੍ਰਸ਼ਾਸਕੀ ਫ਼ੈਸਲਾ ਨਹੀਂ, ਸਗੋਂ ਹਜ਼ਾਰਾਂ ਪਰਿਵਾਰਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਮਸਲਾ ਬਣ ਗਿਆ ਹੈ।

**ਬਜ਼ੁਰਗਾਂ ਦੀ ਦੇਖਭਾਲ ਦਾ ਸਵਾਲ :** ਭਾਰਤ ਵਿੱਚ ਰਹਿੰਦੇ ਬਹੁਤ ਸਾਰੇ ਬਜ਼ੁਰਗਾਂ ਦੇ ਬੱਚੇ ਕੈਨੇਡਾ ਵਿੱਚ ਹਨ। ਉਮਰ ਵਧਣ ਦੇ ਨਾਲ-ਨਾਲ ਉਨ੍ਹਾਂ ਨੂੰ ਸਿਹਤ ਸੰਬੰਧੀ ਸਮੱਸਿਆਵਾਂ, ਇਕੱਲੇਪਣ ਅਤੇ ਰੋਜ਼ਾਨਾ ਦੀਆਂ ਲੋੜਾਂ ਲਈ ਆਪਣੇ ਬੱਚਿਆਂ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਦੂਜੇ ਪਾਸੇ, ਕੈਨੇਡਾ ਵਿੱਚ ਰਹਿੰਦੇ ਉਨ੍ਹਾਂ ਦੇ ਬੱਚੇ ਵੀ ਆਪਣੇ ਮਾਪਿਆਂ ਦੀ ਸੇਵਾ ਆਪਣੇ ਹੱਥਾਂ ਨਾਲ ਕਰਨਾ ਚਾਹੁੰਦੇ ਹਨ। PGP ਨੇ ਇਹ ਦੂਰੀ ਘਟਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਹੁਣ ਨਵੀਆਂ ਅਰਜ਼ੀਆਂ 'ਤੇ ਰੋਕ ਕਾਰਨ ਕਈ ਪਰਿਵਾਰਾਂ ਨੂੰ ਇਹ ਨਹੀਂ ਪਤਾ ਕਿ ਉਹ ਆਪਣੇ ਮਾਪਿਆਂ ਨੂੰ ਕਦੋਂ ਅਤੇ ਕਿਵੇਂ ਆਪਣੇ ਕੋਲ ਸਥਾਈ ਤੌਰ 'ਤੇ ਲਿਆ ਸਕਣਗੇ। ਇਹ ਸਿਰਫ਼ ਕਾਨੂੰਨੀ ਜਾਂ ਪ੍ਰਸ਼ਾਸਕੀ ਨਹੀਂ, ਸਗੋਂ ਇੱਕ ਮਨੁੱਖੀ ਅਤੇ ਸਮਾਜਿਕ ਚੁਣੌਤੀ ਵੀ ਹੈ।

**ਕੀ Super Visa ਇਸਦਾ ਪੂਰਾ ਬਦਲ ਹੈ ?:** ਕੈਨੇਡਾ ਸਰਕਾਰ ਦਾ ਕਹਿਣਾ ਹੈ ਕਿ ਜਿਨ੍ਹਾਂ ਪਰਿਵਾਰਾਂ ਨੂੰ ਤੁਰੰਤ PGP ਦਾ ਲਾਭ ਨਹੀਂ ਮਿਲ ਸਕਦਾ, ਉਹ Super Visa ਦਾ ਵਿਕਲਪ ਵਰਤ ਸਕਦੇ ਹਨ। Super Visa ਰਾਹੀਂ ਮਾਪੇ ਅਤੇ ਦਾਦਾ-ਦਾਦੀ ਲੰਬੇ ਸਮੇਂ ਲਈ ਕੈਨੇਡਾ ਵਿੱਚ ਰਹਿ ਸਕਦੇ ਹਨ। ਪਰ ਬਹੁਤ ਸਾਰੇ ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ Super Visa, PGP ਦਾ ਪੂਰਾ ਬਦਲ ਨਹੀਂ ਹੈ। ਇਸ ਨਾਲ ਸਥਾਈ ਨਿਵਾਸ ਨਹੀਂ ਮਿਲਦਾ, ਸਗੋਂ ਇਹ ਇੱਕ ਲੰਬੇ ਸਮੇਂ ਦਾ ਅਸਥਾਈ ਵੀਜ਼ਾ ਹੈ। ਇਸ ਵਿੱਚ ਮੈਡੀਕਲ ਇੰਸ਼ੋਰੈਂਸ, ਵਿੱਤੀ ਯੋਗਤਾ ਅਤੇ ਹੋਰ ਸ਼ਰਤਾਂ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਹਰ ਪਰਿਵਾਰ ਪੂਰਾ ਨਹੀਂ ਕਰ ਸਕਦਾ। ਇਸ ਲਈ ਬਹੁਤ ਸਾਰੇ ਪਰਵਾਸੀਆਂ ਲਈ PGP ਹੀ ਪਹਿਲੀ ਪਸੰਦ ਰਹੇਗੀ।

**ਕੀ ਇਹ ਸਿਰਫ਼ ਅਸਥਾਈ ਕਦਮ ਹੈ ?:** ਕੈਨੇਡਾ ਦੀਆਂ ਇਮੀਗ੍ਰੇਸ਼ਨ ਨੀਤੀਆਂ ਸਮੇਂ-ਸਮੇਂ 'ਤੇ ਬਦਲਦੀਆਂ ਰਹਿੰਦੀਆਂ ਹਨ। ਪਿਛਲੇ ਸਾਲਾਂ ਵਿੱਚ ਵੀ ਕਈ ਵਾਰ PGP ਲਈ ਸੀਮਤ ਗਿਣਤੀ ਵਿੱਚ ਅਰਜ਼ੀਆਂ ਮੰਗੀਆਂ ਗਈਆਂ ਅਤੇ ਕਈ ਵਾਰ ਲਾਟਰੀ ਪ੍ਰਣਾਲੀ ਰਾਹੀਂ ਸਪਾਂਸਰ ਚੁਣੇ ਗਏ। ਇਸ ਲਈ ਮੌਜੂਦਾ ਫ਼ੈਸਲੇ ਨੂੰ ਸਥਾਈ ਪਾਬੰਦੀ ਨਹੀਂ ਮੰਨਿਆ ਜਾ ਸਕਦਾ। ਜੇ ਆਉਣ ਵਾਲੇ ਸਾਲਾਂ ਵਿੱਚ ਰਿਹਾਇਸ਼ ਦੀ ਘਾਟ, ਸਿਹਤ ਸੇਵਾਵਾਂ 'ਤੇ ਦਬਾਅ ਅਤੇ ਆਰਥਿਕ ਹਾਲਾਤਾਂ ਵਿੱਚ ਸੁਧਾਰ ਹੁੰਦਾ ਹੈ, ਤਾਂ ਸੰਭਾਵਨਾ ਹੈ ਕਿ ਸਰਕਾਰ ਮੁੜ PGP ਲਈ ਨਵੀਆਂ ਅਰਜ਼ੀਆਂ ਸਵੀਕਾਰ ਕਰੇ। ਇਸ ਕਰਕੇ ਅਫ਼ਵਾਹਾਂ ਤੋਂ ਦੂਰ ਰਹਿ ਕੇ ਸਿਰਫ਼ ਸਰਕਾਰੀ ਐਲਾਨਾਂ 'ਤੇ ਭਰੋਸਾ ਕਰਨਾ ਹੀ ਸਹੀ ਰਾਹ ਹੈ।

**ਦੁਨੀਆ ਲਈ ਵੀ ਇੱਕ ਸਬਕ :** ਕੈਨੇਡਾ ਦਾ ਇਹ ਫ਼ੈਸਲਾ ਸਿਰਫ਼ ਉਸ ਦੇਸ਼ ਦੀ ਅੰਦਰੂਨੀ ਨੀਤੀ ਨਹੀਂ, ਸਗੋਂ ਦੁਨੀਆ ਦੇ ਹੋਰ ਦੇਸ਼ਾਂ ਲਈ ਵੀ ਇੱਕ ਸੰਦੇਸ਼ ਹੈ ਕਿ ਵੱਡੇ ਪੱਧਰ 'ਤੇ ਇਮੀਗ੍ਰੇਸ਼ਨ ਨੂੰ ਸਫਲ ਬਣਾਉਣ ਲਈ ਸਿਰਫ਼ ਲੋਕਾਂ ਨੂੰ ਸਵੀਕਾਰ ਕਰਨਾ ਹੀ ਕਾਫ਼ੀ ਨਹੀਂ ਹੁੰਦਾ। ਰਿਹਾਇਸ਼, ਸਿਹਤ ਸੇਵਾਵਾਂ, ਸਿੱਖਿਆ, ਆਵਾਜਾਈ ਅਤੇ ਰੁਜ਼ਗਾਰ ਵਰਗੇ ਖੇਤਰਾਂ ਵਿੱਚ ਵੀ ਉਸੇ ਅਨੁਪਾਤ ਵਿੱਚ ਨਿਵੇਸ਼ ਕਰਨਾ ਲਾਜ਼ਮੀ ਹੁੰਦਾ ਹੈ। ਜੇ ਬੁਨਿਆਦੀ ਢਾਂਚਾ ਆਬਾਦੀ ਦੇ ਵਾਧੇ ਨਾਲ ਕਦਮ ਮਿਲਾ ਕੇ ਨਾ ਚੱਲੇ ਤਾਂ ਸਰਕਾਰਾਂ ਨੂੰ ਅਜਿਹੇ ਔਖੇ ਅਤੇ ਕਈ ਵਾਰ ਅਲੋਕਪ੍ਰਿਯ ਫ਼ੈਸਲੇ ਲੈਣੇ ਪੈਂਦੇ ਹਨ।

ਕੈਨੇਡਾ ਵੱਲੋਂ Parents and Grandparents Program ਅਧੀਨ ਨਵੀਆਂ ਅਰਜ਼ੀਆਂ ਨੂੰ ਫਿਲਹਾਲ ਰੋਕਣਾ ਲੱਖਾਂ ਪਰਵਾਸੀ ਪਰਿਵਾਰਾਂ ਲਈ ਨਿਰਾਸ਼ਾਜਨਕ ਹੈ, ਪਰ ਇਸਨੂੰ ਪਰਿਵਾਰਕ ਸਪਾਂਸਰਸ਼ਿਪ ਦੇ ਅੰਤ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ। ਇਹ ਮੌਜੂਦਾ ਆਰਥਿਕ, ਸਮਾਜਿਕ ਅਤੇ ਰਿਹਾਇਸ਼ੀ ਚੁਣੌਤੀਆਂ ਦੇ ਮੱਦੇਨਜ਼ਰ ਲਿਆ ਗਿਆ ਇੱਕ ਨੀਤਿਗਤ ਕਦਮ ਹੈ, ਜਿਸਦਾ ਮੁੱਖ ਉਦੇਸ਼ ਦੇਸ਼ ਦੀ ਸਮਰੱਥਾ ਅਨੁਸਾਰ ਇਮੀਗ੍ਰੇਸ਼ਨ ਨੂੰ ਸੰਤੁਲਿਤ ਕਰਨਾ ਹੈ। ਪਰ ਇਸ ਫ਼ੈਸਲੇ ਨੇ ਇੱਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਹੈ ਕਿ ਦੁਨੀਆ ਦਾ ਕੋਈ ਵੀ ਦੇਸ਼, ਭਾਵੇਂ ਉਹ ਕਿੰਨਾ ਵੀ ਵਿਕਸਿਤ ਕਿਉਂ ਨਾ ਹੋਵੇ, ਆਪਣੀਆਂ ਨੀਤੀਆਂ ਨੂੰ ਬਦਲਦੇ ਹਾਲਾਤਾਂ ਦੇ ਅਨੁਸਾਰ ਢਾਲਣ ਲਈ ਮਜਬੂਰ ਹੋ ਸਕਦਾ ਹੈ। ਪਰਵਾਸੀਆਂ ਲਈ ਇਹ ਸਮਾਂ ਧੀਰਜ ਰੱਖਣ, ਅਧਿਕਾਰਤ ਜਾਣਕਾਰੀ 'ਤੇ ਭਰੋਸਾ ਕਰਨ ਅਤੇ ਭਵਿੱਖ ਵਿੱਚ ਆਉਣ ਵਾਲੀਆਂ ਨੀਤੀਗਤ ਤਬਦੀਲੀਆਂ 'ਤੇ ਨਜ਼ਰ ਬਣਾਈ ਰੱਖਣ ਦਾ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਜਿਵੇਂ ਹੀ ਹਾਲਾਤ ਸੁਧਰਣਗੇ, ਕੈਨੇਡਾ ਪਰਿਵਾਰਕ ਮਿਲਾਪ ਦੀ ਆਪਣੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਪ੍ਰੰਪਰਾ ਨੂੰ ਮੁੜ ਮਜ਼ਬੂਤ ਕਰਨ ਵੱਲ ਕਦਮ ਚੁੱਕੇਗਾ।



ਮਾਸਿਕ ਚੜ੍ਹਦੀਕਲਾ ਪਟਿਆਲਾ

# ਦੇਸ਼ ਦੇ ਨੌਜਵਾਨਾਂ ਦੀ ਵੱਡੀ ਜਿੱਤ

ਸਤਨਾਮ ਸਿੰਘ ਮਾਣਕ

*ਦੇਸ਼ ਦੇ ਆਮ ਲੋਕਾਂ ਦੀਆਂ ਭਾਵਨਾਵਾਂ ਇਹ ਸਨ ਕਿ ਕੇਂਦਰ ਸਰਕਾਰ ਵਲੋਂ ਅੰਦੋਲਨਕਾਰੀ ਵਿਦਿਆਰਥੀਆਂ ਨਾਲ ਦੁਸ਼ਮਣਾਂ ਵਾਂਗ ਨਹੀਂ ਸਗੋਂ ਆਪਣੇ ਦੇਸ਼ ਦੇ ਨਾਗਰਿਕ ਸਮਝ ਕੇ ਮਾਨਵੀ ਢੰਗ ਨਾਲ ਵਿਵਹਾਰ ਕਰਨਾ ਚਾਹੀਦਾ ਸੀ ਅਤੇ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਦੇ ਹੱਲ ਕੱਢਣੇ ਚਾਹੀਦੇ ਹਨ।*

ਕਾਕਰੋਚ ਜਨਤਾ ਪਾਰਟੀ ਦੀ ਅਗਵਾਈ ਵਿਚ ਦਿੱਲੀ ਜੰਤਰ-ਮੰਤਰ 'ਤੇ ਚੱਲ ਰਹੇ ਵਿਦਿਆਰਥੀ ਅੰਦੋਲਨ ਨੂੰ ਵੱਡੀ ਸਫ਼ਲਤਾ ਮਿਲੀ ਹੈ। ਦੇਸ਼ ਦੇ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਆਖ਼ਰ ਅਸਤੀਫ਼ਾ ਦੇ ਦਿੱਤਾ ਹੈ। ਵਿਦਿਆਰਥੀਆਂ ਦੀਆਂ ਹੋਰ ਮੰਗਾਂ ਜਿਨ੍ਹਾਂ ਵਿਚ ਨੀਟ ਪੇਪਰ ਲੀਕ ਤੋਂ ਬਾਅਦ ਖ਼ੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਨੂੰ ਇਕ ਇਕ ਕਰੋੜ ਦਾ ਮੁਆਵਜ਼ਾ ਦੇਣ, ਅੰਦੋਲਨਕਾਰੀ ਵਿਦਿਆਰਥੀਆਂ ਵਿਰੁੱਧ ਦਰਜ ਕੇਸ ਵਾਪਿਸ ਲੈਣ, ਭਵਿੱਖ ਵਿਚ ਪੇਪਰ ਲੀਕ ਹੋਣ ਤੋਂ ਰੋਕਣ ਲਈ ਸਖ਼ਤ ਵਿਵਸਥਾ ਕਰਨ ਅਤੇ ਸਮੁੱਚੇ ਤੌਰ 'ਤੇ ਸਿੱਖਿਆ ਪ੍ਰਣਾਲੀ ਵਿਚ ਸੁਧਾਰ ਕਰਨ ਲਈ ਵੀ ਸਰਕਾਰ ਨਾਲ ਅੰਦੋਲਨਕਾਰੀਆਂ ਦੀ ਸਹਿਮਤੀ ਬਣ ਗਈ ਹੈ। ਇਸ ਤਰ੍ਹਾਂ ਇਸ ਤਰ੍ਹਾਂ ਇਹ ਵੱਡਾ ਅੰਦੋਲਨ ਦਾ ਸੁਖਾਂਤਮਈ ਢੰਗ ਨਾਲ ਸੰਪੰਨ ਹੋ ਗਿਆ ਹੈ। ਕੇਂਦਰੀ ਮੰਤਰੀਆਂ ਡਾ. ਰਾਜੇਂਦਰ ਸਿੰਘ, ਜੇ.ਪੀ. ਨੱਢਾ ਅਤੇ ਕਾਕਰੋਚ ਜਨਤਾ ਪਾਰਟੀਆਂ ਦੇ ਆਗੂਆਂ ਸੌਰਵ ਦਾਸ ਤੇ ਆਸ਼ੂਤੋਸ਼ ਰਾਂਕਾ ਨੇ ਦਿੱਲੀ ਵਿਚ ਇਕ ਸਾਂਝੀ ਕਾਨਫ਼ਰੰਸ ਵਿਚ ਇਸ ਸਮਝੌਤੇ ਦਾ ਐਲਾਨ ਕਰ ਦਿੱਤਾ ਹੈ। ਇਸੇ ਪ੍ਰੈੱਸ ਕਾਨਫ਼ਰੰਸ ਵਿਚ ਕਾਕਰੋਚ ਜਨਤਾ ਪਾਰਟੀ ਦੇ ਉਕਤ ਆਗੂਆਂ ਨੇ ਅੰਦੋਲਨ ਨੂੰ ਸਮਾਪਤ ਕਰਨ ਦੀ ਵੀ ਘੋਸ਼ਣਾ ਵੀ ਕਰ ਦਿੱਤੀ ਹੈ। ਬਿਨਾਂ ਸ਼ੱਕ ਇਸ ਸਫ਼ਲਤਾ ਵਿਚ ਕਾਕਰੋਚ ਜਨਤਾ ਪਾਰਟੀ ਦੇ ਆਗੂਆਂ ਅਭਿਜੀਤ ਦੀਪਕੇ, ਸੌਰਵ ਦਾਸ ਤੇ ਆਸ਼ੂਤੋਸ਼ ਰਾਂਕਾ ਦੇ ਨਾਲ-ਨਾਲ ਦੇਸ਼ ਦੀਆਂ ਕਾਂਗਰਸ ਸਮੇਤ ਹੋਰ ਵਿਰੋਧੀ ਪਾਰਟੀਆਂ ਦਾ ਵੀ ਵੱਡਾ ਰੋਲ ਰਿਹਾ ਹੈ।

ਇਥੇ ਵਰਣਨਯੋਗ ਹੈ ਕਿ ਕਾਕਰੋਚ ਜਨਤਾ ਪਾਰਟੀ ਦੀ ਅਗਵਾਈ ਵਿਚ 20 ਜੂਨ ਨੂੰ ਦਿੱਲੀ ਦੇ ਜੰਤਰ-ਮੰਤਰ ਵਿਖੇ ਨੀਟ ਪੇਪਰ ਲੀਕ ਵਿਰੁੱਧ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ ਲੈਣ ਅਤੇ ਕੁਝ ਹੋਰ ਮੰਗਾਂ ਲਈ ਅੰਦੋਲਨ ਸ਼ੁਰੂ ਕੀਤਾ ਗਿਆ ਸੀ। ਇਸ ਅੰਦੋਲਨ ਦੀ ਰਣਨੀਤੀ ਵਜੋਂ ਦੇਸ਼ ਦੇ ਉੱਘੇ ਵਾਤਵਰਨ ਪ੍ਰੇਮੀ ਅਤੇ ਸਿੱਖਿਆ ਸ਼ਾਸਤਰੀ ਸੋਨਮ ਵਾਂਗਚੁਕ ਅਤੇ ਕਈ ਹੋਰ ਵਿਦਿਆਰਥੀਆਂ ਨੇ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਵੀ ਸ਼ੁਰੂ ਕੀਤੀ ਸੀ। ਆਰੰਭ ਵਿਚ ਕੇਂਦਰ ਸਰਕਾਰ ਨੇ ਇਸ ਅੰਦੋਲਨ ਨੂੰ ਨਜ਼ਰ-ਅੰਦਾਜ਼ ਕਰਨ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਸੋਨਮ ਵਾਂਗਚੁਕ ਦੀ ਭੁੱਖ ਹੜਤਾਲ ਕਾਰਨ ਸਿਹਤ ਵਿਗੜਨ ਲੱਗੀ ਤਾਂ ਕੇਂਦਰ ਸਰਕਾਰ ਨੇ ਸੁਰੱਖਿਆ ਏਜੰਸੀਆਂ ਰਾਹੀਂ ਉਥੋਂ ਜਬਰੀ ਉਠਾ ਕੇ ਉਸ ਨੂੰ ਸਫ਼ਦਰਜੰਗ ਸਰਕਾਰੀ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ ਸੀ। ਇਸ ਨਾਲ ਇਹ ਅੰਦੋਲਨ ਹੋਰ ਭਖ ਗਿਆ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚੋਂ ਵਿਦਿਆਰਥੀ ਤੇ ਆਮ ਲੋਕ ਜੰਤਰ-ਮੰਤਰ 'ਤੇ ਇਕੱਠੇ ਹੋਣ ਲੱਗ ਪਏ ਸਨ।

20 ਜੁਲਾਈ ਨੂੰ ਜੰਤਰ-ਮੰਤਰ ਤੋਂ ਕਾਕਰੋਚ ਜਨਤਾ ਪਾਰਟੀ ਵਲੋਂ ਵਿਦਿਆਰਥੀਆਂ ਨੂੰ ਸੰਸਦ ਵੱਲ ਮਾਰਚ ਕਰਨ ਦਾ ਸੱਦਾ ਦਿੱਤਾ ਗਿਆ ਸੀ। ਉਸ ਨੂੰ ਕੇਂਦਰੀ ਸਰਕਾਰ ਦੀਆਂ ਏਜੰਸੀਆਂ ਦੇ ਅਨੁਮਾਨਾਂ ਤੋਂ ਉਲਟ ਕਿਤੇ ਵੱਧ ਵੱਡਾ ਹੁੰਗਾਰਾ ਮਿਲਿਆ ਸੀ। ਮੈਟਰੋ ਸਟੇਸ਼ਨ ਬੰਦ ਕਰਨ ਅਤੇ ਲੋਕਾਂ ਨੂੰ ਇਕੱਠੇ ਹੋਣ ਤੋਂ ਰੋਕਣ ਲਈ ਹੋਰ ਬਹੁਤ ਸਾਰੇ ਕਦਮ ਉਠਾਉਣ ਤੋਂ ਬਾਅਦ ਵੀ ਵੱਖ-ਵੱਖ ਮਾਰਗਾਂ ਰਾਹੀਂ 1 ਲੱਖ ਤੋਂ ਵੱਧ ਲੋਕ ਜਦੋਂ ਸੰਸਦ ਵੱਲ ਵਧਣ ਲੱਗੇ ਤਾਂ ਸਰਕਾਰ ਤੇ ਸੁਰੱਖਿਆ ਏਜੰਸੀਆਂ ਨੂੰ ਹੱਥਾਂ-ਪੈਰਾਂ ਦੀ ਪੈ ਗਈ ਸੀ। ਸੰਸਦ ਵਿਚ ਤਾਇਨਾਤ ਸੁਰੱਖਿਆ ਦਲਾਂ ਦੇ ਜਵਾਨ ਤੇਜ਼ੀ ਨਾਲ ਭੱਜ ਭੱਜ ਕੇ ਗੇਟ ਬੰਦ ਕਰਦੇ ਨਜ਼ਰ ਆਏ। ਇਸ ਤੋਂ ਇਲਾਵਾ ਜੰਤਰ-ਮੰਤਰ ਤੋਂ ਲੈ ਕੇ ਸੰਸਦ ਤੱਕ ਅੰਦੋਲਨਕਾਰੀ ਵਿਦਿਆਰਥੀਆਂ ਅਤੇ ਸੁਰੱਖਿਆ ਦਲਾਂ ਦਰਮਿਆਨ ਤਿੱਖਾ ਟਕਰਾਅ ਅਤੇ ਝੜਪਾਂ ਵੀ ਦੇਖਣ ਨੂੰ ਮਿਲੀਆਂ। ਸੁਰੱਖਿਆ ਦਲਾਂ ਵਲੋਂ ਪਾਰਲੀਮੈਂਟ ਦੇ ਆਲ਼ੇ-ਦੁਆਲ਼ੇ ਕਈ ਥਾਵਾਂ 'ਤੇ ਬੈਰੀਕੇਡਿੰਗ ਕੀਤੀ ਗਈ ਸੀ। ਅੰਦੋਲਨਕਾਰੀ ਵਿਦਿਆਰਥੀਆਂ ਵਲੋਂ ਇਹ ਰੋਕਾਂ ਤੋੜ ਕੇ ਵਾਰ-ਵਾਰ ਅੱਗੇ ਵਧਣ ਦੇ ਯਤਨ ਹੋਏ। ਵਿਦਿਆਰਥੀਆਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਸੁਰੱਖਿਆ ਦਲਾਂ ਵਲੋਂ ਭਾਰੀ ਲਾਠੀਚਾਰਜ ਕੀਤਾ ਗਿਆ। ਅੰਦੋਲਨਕਾਰੀਆਂ ਦੇ ਖਿਲਾਫ਼ ਅੱਥਰੂ ਗੈਸ ਤੋਂ ਇਲਾਵਾ ਪੈਲੇਟ ਗੰਨਾਂ ਵੀ ਵਰਤੀਆਂ ਗਈਆਂ। ਇਸ ਤੋਂ ਪਹਿਲਾਂ ਇਹ ਗੰਨਾਂ ਲੰਮੇ ਸਮੇਂ ਤੱਕ ਜੰਮੂ-ਕਸ਼ਮੀਰ ਵਿਚ ਵਰਤੀਆਂ ਜਾਂਦੀਆਂ ਰਹੀਆਂ ਸਨ, ਜਿਸ ਕਾਰਨ ਬਹੁਤ ਸਾਰੇ ਵਿਦਿਆਰਥੀਆਂ ਦੀਆਂ ਅੱਖਾਂ ਵੀ ਜਾਂਦੀਆਂ ਰਹੀਆਂ ਸਨ। ਇਸ ਅੰਦੋਲਨ ਵਿਚ ਵਰਤੀਆਂ ਗਈਆਂ ਪੈਲੇਟ ਗੰਨਾਂ ਨਾਲ ਵੀ ਇਕ ਵਿਦਿਆਰਥੀ ਦੀ ਅੱਖ ਜਾਂਦੀ ਰਹੀ ਹੈ ਅਤੇ ਕਈ ਵਿਦਿਆਰਥੀਆਂ ਦੇ ਸਰੀਰਾਂ 'ਤੇ ਪੈਲੇਟ ਗੰਨਾਂ ਨਾਲ ਹੋਏ ਜ਼ਖ਼ਮਾਂ ਦੀਆਂ ਵੀਡੀਓ ਵਾਇਰਲ ਹੋਈਆਂ ਹਨ। ਇਕ ਵਿਦਿਆਰਥੀ ਨੂੰ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਮੀਡੀਆ ਦੇ ਸਾਹਮਣੇ ਵੀ ਪੇਸ਼ ਕੀਤਾ ਸੀ। ਇਸ ਤੋਂ ਇਲਾਵਾ ਅਜਿਹੀਆਂ ਵੀਡੀਓਜ਼ ਵੀ ਵਾਇਰਲ ਹੋਈਆਂ ਸਨ, ਜਿਨ੍ਹਾਂ ਵਿਚ ਪੁਲਿਸ ਅੰਦੋਲਨਕਾਰੀਆਂ ਵਿਰੁੱਧ ਮੇਖਾਂ ਲੱਗੀਆਂ ਲਾਠੀਆਂ ਅਤੇ ਕਰੰਟ ਵਾਲੀਆਂ ਰਾਡਾਂ ਨਾਲ ਹਮਲੇ ਕਰਦੀ ਨਜ਼ਰ ਆ ਰਹੀ ਸੀ। ਇਸ ਸੰਬੰਧੀ ਸੁਰੱਖਿਆ ਦਲਾਂ ਦਾ ਇਹ ਪੱਖ ਹੋ ਸਕਦਾ ਹੈ ਕਿ ਉਨ੍ਹਾਂ ਨੇ ਰਾਜਧਾਨੀ ਵਿਚ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਅਤੇ ਖ਼ਾਸ ਕਰਕੇ ਪਾਰਲੀਮੈਂਟ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਹ ਕਾਰਵਾਈ ਕੀਤੀ ਸੀ, ਪਰ ਜਿਸ ਬੇਰਹਿਮੀ ਨਾਲ ਇਹ ਕਾਰਵਾਈ ਕੀਤੀ ਗਈ ਸੀ, ਉਸ ਨਾਲ ਕੌਮੀ ਪੱਧਰ 'ਤੇ ਨੌਜਵਾਨ ਵਿਦਿਆਰਥੀਆਂ ਦੇ ਨਾਲ-ਨਾਲ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਵੀ ਗਹਿਰੀ ਠੇਸ ਪਹੁੰਚੀ ਸੀ।

ਇਸੇ ਦੌਰਾਨ ਕੇਂਦਰ ਸਰਕਾਰ ਨੇ ਵਾਰ-ਵਾਰ ਪੇਪਰ ਲੀਕ ਹੋਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਇਕ ਸਖ਼ਤ ਕਾਨੂੰਨ ਬਣਾਉਣ ਦਾ ਫ਼ੈਸਲਾ ਕੀਤਾ ਹੈ, ਜਿਸ ਵਿਚ ਅਜਿਹਾ ਜੁਰਮ ਕਰਨ ਵਾਲੇ ਲੋਕਾਂ ਨੂੰ 10 ਸਾਲ ਤੱਕ ਦੀ ਕੈਦ ਅਤੇ ਇਕ ਕਰੋੜ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਇਸ ਤੋਂ ਇਲਾਵਾ ਕੇਂਦਰ ਸਰਕਾਰ ਨੇ ਨੀਟ ਪੇਪਰ ਲੀਕ ਹੋਣ ਦੇ ਘਟਨਾਕ੍ਰਮ ਨਾਲ ਸੰਬੰਧਿਤ ਫੜੇ ਗਏ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਦੇਸ਼ ਵਿਚ ਚਾਰ 'ਫਾਸਟ ਟਰੈਕ ਕੋਰਟ' ਬਣਾਉਣ ਦਾ ਵੀ ਐਲਾਨ ਕੀਤਾ ਗਿਆ ਹੈ।

ਦੇਸ਼ ਦੇ ਆਮ ਲੋਕਾਂ ਦੀਆਂ ਭਾਵਨਾਵਾਂ ਇਹ ਸਨ ਕਿ ਕੇਂਦਰ ਸਰਕਾਰ ਵਲੋਂ ਅੰਦੋਲਨਕਾਰੀ ਵਿਦਿਆਰਥੀਆਂ ਨਾਲ ਦੁਸ਼ਮਣਾਂ ਵਾਂਗ ਨਹੀਂ ਸਗੋਂ ਆਪਣੇ ਦੇਸ਼ ਦੇ ਨਾਗਰਿਕ ਸਮਝ ਕੇ ਮਾਨਵੀ ਢੰਗ ਨਾਲ ਵਿਵਹਾਰ ਕਰਨਾ ਚਾਹੀਦਾ ਸੀ ਅਤੇ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਦੇ ਹੱਲ ਕੱਢਣੇ ਚਾਹੀਦੇ ਹਨ।

ਇਸ ਸਾਰੇ ਘਟਨਾਕ੍ਰਮ ਦੇ ਸੰਦਰਭ ਵਿਚ ਇਹ ਗੱਲ ਵੀ ਉੱਭਰ ਕੇ ਸਾਹਮਣੇ ਆਈ ਹੈ ਕਿ ਭਾਰਤ ਦੀ ਸਿੱਖਿਆ ਪ੍ਰਣਾਲੀ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੀ ਜਾ ਰਹੀ ਹੈ। ਸਿੱਖਿਆ ਦੇ ਨਿੱਜੀਕਰਨ, ਵਪਾਰੀਕਰਨ ਅਤੇ ਕੇਂਦਰੀਕਰਨ ਨੇ ਹੇਠਲੇ ਵਰਗਾਂ ਨੂੰ ਤਾਂ ਛੱਡੋ, ਮੱਧ ਵਰਗ ਦੇ ਨੌਜਵਾਨਾਂ ਲਈ ਵੀ ਉੱਚੇਰੀ ਕਿੱਤਾਮੁਖੀ ਸਿੱਖਿਆ ਹਾਸਿਲ ਕਰਨਾ ਤੇ ਚੰਗੀਆਂ ਨੌਕਰੀਆਂ ਪ੍ਰਾਪਤ ਕਰਨਾ ਮੁਸ਼ਕਿਲ ਬਣਾ ਦਿੱਤਾ ਹੈ। ਪਹਿਲਾਂ ਦੇਸ਼ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਵਲੋਂ ਆਪੋ-ਆਪਣੀ ਪੱਧਰ 'ਤੇ ਪੇਸ਼ੇਵਰ ਕੋਰਸਾਂ ਲਈ ਦਾਖ਼ਲਾ ਟੈਸਟ ਲਏ ਜਾਂਦੇ ਸਨ, ਇਨ੍ਹਾਂ ਟੈਸਟਾਂ ਦੇ ਵੀ ਕਈ ਵਾਰ ਪੇਪਰ ਲੀਕ ਹੋ ਜਾਂਦੇ ਸਨ, ਪਰ ਫਿਰ ਵੀ ਵਿਦਿਆਰਥੀਆਂ ਨੂੰ ਦਾਖ਼ਲੇ ਲੈਣ ਵਿਚ ਏਨੀ ਜ਼ਿਆਦਾ ਸਮੱਸਿਆ ਨਹੀਂ ਆਉਂਦੀ ਸੀ। ਪਰ ਕੇਂਦਰ ਸਰਕਾਰ ਨੇ ਬਹੁਤੇ ਕਿੱਤਾਮੁਖੀ ਕੋਰਸਾਂ ਵਿਚ ਦਾਖ਼ਲਿਆਂ ਲਈ ਕੌਮੀ ਪੱਧਰ ਦੇ ਇਮਤਿਹਾਨ ਲੈਣੇ ਸ਼ੁਰੂ ਕਰ ਦਿੱਤੇ ਸਨ। ਇਸ ਨਾਲ ਨਾ ਤਾਂ ਪੇਪਰ ਲੀਕ ਹੋਣ ਦੀਆਂ ਸਮੱਸਿਆਵਾਂ ਖ਼ਤਮ ਹੋਈਆਂ ਤੇ ਨਾ ਹੀ ਵਿਦਿਆਰਥੀਆਂ ਦੀਆਂ ਦਾਖ਼ਲਿਆਂ ਸੰਬੰਧੀ ਮੁਸ਼ਕਿਲਾਂ ਘਟੀਆਂ। ਕੌਮੀ ਪੱਧਰ 'ਤੇ ਇਸ ਸਮੇਂ ਬਹੁਤੇ ਕਿੱਤਾਮੁਖੀ ਕੋਰਸਾਂ ਦੇ ਦਾਖ਼ਲਾ ਟੈਸਟ ਹੁੰਦੇ ਹਨ, ਜਿਨ੍ਹਾਂ ਵਿਚੋਂ ਮੁੱਖ ਤੌਰ 'ਤੇ ਜੇ.ਈ.ਈ. ਮੇਨ ਜੋ ਕਿ ਇੰਜੀਨੀਅਰਿੰਗ ਦੇ ਖੇਤਰ ਵਿਚ ਦਾਖ਼ਲੇ ਵਿਚ ਲਿਆ ਜਾਂਦਾ ਹੈ, ਨੀਟ (ਯੂ.ਜੀ.) ਜਿਹੜਾ ਕਿ ਮੈਡੀਕਲ ਖੇਤਰ ਵਿਚ ਦਾਖ਼ਲੇ ਲਈ ਲਿਆ ਜਾਂਦਾ ਹੈ, ਸੀ.ਯੂ.ਈ.ਟੀ. ਯੂ. ਜੀ. ਜਿਹੜਾ ਯੂਨੀਵਰਸਿਟੀਆਂ ਵਿਚ ਆਮ ਦਾਖਲਿਆਂ ਲਈ ਜਾਂਦਾ ਹੈ। ਇਸ ਤੋਂ ਇਲਾਵਾ ਜੇ.ਈ.ਈ. ਅਡਵਾਂਸਡ, ਆਈ.ਆਈ.ਟੀਜ਼ ਵਿਚ ਦਾਖਲਿਆਂ ਲਈ ਅਤੇ 'ਗੇਟ' ਪ੍ਰੋਸਟ ਗ੍ਰੈਜੂਏਟ ਇੰਜੀਨੀਅਰਿੰਗ ਕੋਰਸਾਂ ਵਿਚ ਦਾਖ਼ਲੇ ਲਈ ਲਿਆ ਜਾਂਦਾ ਹੈ। ਕਾਨੂੰਨ ਖੇਤਰ ਦੀਆਂ ਯੂਨੀਵਰਸਿਟੀਆਂ ਵਿਚ ਦਾਖਲਾ ਲੈਣ ਲਈ 'ਕਲਾਟ' ਨਾਂਅ ਦਾ ਟੈਸਟ ਲਿਆ ਜਾਂਦਾ ਹੈ ਤੇ ਐਮ.ਬੀ.ਏ. ਦੇ ਦਾਖਲਿਆਂ ਲਈ 'ਕੈਟ' ਨਾਂਅ ਦਾ ਟੈਸਟ ਲਿਆ ਜਾਂਦਾ ਹੈ। ਹੋਰ ਵੀ ਕਈ ਅਜਿਹੇ ਟੈਸਟ ਹਨ ਜੋ ਕਿੱਤਾਮੁਖੀ ਦਾਖ਼ਲਿਆਂ ਲਈ ਕੌਮੀ ਪੱਧਰ 'ਤੇ ਲਏ ਜਾਂਦੇ ਹਨ। ਇਸ ਤੋਂ ਇਲਾਵਾ ਰਾਜਾਂ ਦੀ ਪੱਧਰ 'ਤੇ ਵੀ ਦਾਖ਼ਲਿਆਂ ਲਈ ਕਈ ਟੈਸਟ ਲਏ ਜਾਂਦੇ ਹਨ। ਇਸੇ ਤਰ੍ਹਾਂ ਨੌਕਰੀਆਂ ਹਾਸਿਲ ਕਰਨ



ਲਈ ਰਾਜਾਂ ਦੀ ਪੱਧਰ ’ਤੇ ਪਬਲਿਕ ਸਰਵਿਸ ਕਮਿਸ਼ਨਾਂ ਵਲੋਂ ਅਤੇ ਕੌਮੀ ਪੱਧਰ ’ਤੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਵਲੋਂ ਟੈਸਟ ਲਏ ਜਾਂਦੇ ਹਨ।

ਇਕ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਦੇਸ਼ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਕਿੱਤਾਮੁਖੀ ਕੋਰਸਾਂ ਅਤੇ ਨੌਕਰੀਆਂ ਹਾਸਿਲ ਕਰਨ ਲਈ ਇਕ ਤਰ੍ਹਾਂ ਨਾਲ ਅਗਨੀ ਪ੍ਰੀਖਿਆਵਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਉਹ ਚੰਗੇ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਦਾਖ਼ਲੇ ਲੈਣ ਲਈ ਅਤੇ ਚੰਗੀਆਂ ਨੌਕਰੀਆਂ ਹਾਸਿਲ ਕਰਨ ਲਈ ਸਾਲਾਂ ਤੱਕ ਤਿਆਰੀਆਂ ਕਰਦੇ ਹਨ। ਦਿਹਾਤੀ ਖੇਤਰਾਂ ਦੇ ਵਿਦਿਆਰਥੀਆਂ ਨੂੰ ਆਪਣੇ ਘਰਾਂ ਤੋਂ ਦੂਰ ਸ਼ਹਿਰਾਂ ਵਿਚ ਆ ਕੇ ਕੋਚਿੰਗ ਸੈਂਟਰਾਂ ਦੇ ਨੇੜੇ ਕਿਰਾਏ ’ਤੇ ਕਮਰੇ ਲੈ ਕੇ ਲੰਮੇ ਸਮੇਂ ਤੱਕ ਰਹਿਣਾ ਪੈਂਦਾ ਹੈ ਅਤੇ ਚੋਖਾ ਖ਼ਰਚਾ ਕਰਨਾ ਪੈਂਦਾ ਹੈ। ਕੌਮੀ ਪੱਧਰ ’ਤੇ ਪੇਸ਼ੇਵਰ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਸੀਟਾਂ ਦੀ ਘਾਟ



ਕਾਰਨ ਲੱਖਾਂ ਵਿਦਿਆਰਥੀਆਂ ਨੂੰ ਸਖ਼ਤ ਮੁਕਾਬਲੇ ਵਿਚੋਂ ਗੁਜ਼ਰਨਾ ਪੈਂਦਾ ਹੈ। ਜੇ ਮੈਡੀਕਲ ਖੇਤਰ ਦੀ ਗੱਲ ਕਰੀਏ ਤਾਂ ਐਮ.ਬੀ.ਬੀ.ਐਸ. ਵਿਚ ਦਾਖ਼ਲੇ ਲੈਣ ਲਈ ਨੀਟ ਦੇ ਇਮਤਿਹਾਨ ਵਿਚ ਇਸ ਵਾਰ 24 ਲੱਖ ਦੇ ਲਗਭਗ ਵਿਦਿਆਰਥੀ ਸ਼ਾਮਿਲ ਹੋਏ ਸਨ। ਪੇਪਰ ਲੀਕ ਹੋਣ ਤੋਂ ਬਾਅਦ ਦੂਜੀ ਵਾਰ 22 ਲੱਖ ਦੇ ਲਗਭਗ ਵਿਦਿਆਰਥੀ ਦੁਬਾਰਾ ਸ਼ਾਮਿਲ ਹੋਏ ਸਨ, ਜਦੋਂ ਕਿ ਦੇਸ਼ ਵਿਚ ਐਮ.ਬੀ.ਬੀ.ਐਸ. ਦੀਆਂ ਸਾਰੀਆਂ ਸੀਟਾਂ ਸਿਰਫ਼ 1,36,939 ਹੀ ਹਨ। ਘੱਟ ਸੀਟਾਂ ਹੋਣ ਕਾਰਨ ਬਹੁਤੇ ਵਿਦਿਆਰਥੀਆਂ ਨੂੰ ਦਾਖ਼ਲਾ ਕੋਰਸਾਂ ਦੇ ਇਮਤਿਹਾਨ ਪਾਸ ਕਰਨ ਲਈ ਕੋਚਿੰਗ ਸੈਂਟਰਾਂ ’ਤੇ ਹੀ ਨਿਰਭਰ ਕਰਨਾ ਪੈਂਦਾ ਹੈ। ਇਕ ਅੰਦਾਜ਼ੇ ਅਨੁਸਾਰ 2025 ਵਿਚ ਦੇਸ਼ ਦੇ 37.8 ਫ਼ੀਸਦੀ ਵਿਦਿਆਰਥੀ ਦਾਖ਼ਲਿਆਂ ਲਈ ਕੋਚਿੰਗ ਸੈਂਟਰਾਂ ’ਤੇ ਨਿਰਭਰ ਸਨ।

ਦੂਜੇ ਪਾਸੇ ਕੌਮੀ ਪੱਧਰ ’ਤੇ ਦਾਖ਼ਲਾ ਟੈਸਟ ਲੈਣ ਵਾਲੀਆਂ ਸਰਕਾਰੀ ਸੰਸਥਾਵਾਂ ਵਿਚ ਨਿਪੁੰਨ ਅਤੇ ਪੇਸ਼ਾਵਰ ਢੰਗ ਨਾਲ ਕੰਮ ਕਰਨ ਵਾਲੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੀ ਭਾਰੀ ਘਾਟ ਪਾਈ ਜਾਂਦੀ ਹੈ। ਇਹ ਵੀ ਦੋਸ਼ ਲਗਦੇ ਹਨ ਕਿ ਇਨ੍ਹਾਂ ਸੰਸਥਾਵਾਂ ਵਿਚ ਵਧੇਰੇ ਕਰਕੇ ਸੱਤਾਧਾਰੀ ਪਾਰਟੀ ਵਲੋਂ ਆਪਣੀ ਵਿਚਾਰਧਾਰਾ ਵਾਲੇ ਲੋਕਾਂ ਨੂੰ ਹੀ ਨਿਯੁਕਤ ਕੀਤਾ ਜਾਂਦਾ ਹੈ। ਉਨ੍ਹਾਂ ਦੀ ਮੁਹਾਰਤ ਅਤੇ ਪ੍ਰਬੀਨਤਾ ਨੂੰ ਮੁੱਖ ਨਹੀਂ ਰੱਖਿਆ ਜਾਂਦਾ। ਇਸ ਤੋਂ ਇਲਾਵਾ ਦਾਖ਼ਲਾ ਇਮਤਿਹਾਨਾਂ ਦਾ ਕੰਮ ਕਰਨ ਵਾਲੀਆਂ ਬਹੁਤੀਆਂ ਸੰਸਥਾਵਾਂ ਕੋਲ ਆਪਣੇ ਪੂਰੇ ਮੁਲਾਜ਼ਮ ਵੀ ਨਹੀਂ ਹੁੰਦੇ। ਉਹ ਬਹੁਤ ਸਾਰੇ ਕੰਮ ‘ਆਊਟ ਸੋਰਸਿੰਗ’ ਪ੍ਰਣਾਲੀ ਰਾਹੀਂ ਠੇਕੇ ’ਤੇ ਕਰਵਾਉਂਦੇ ਹਨ। ਮਿਸਾਲ ਦੇ ਤੌਰ ’ਤੇ ਕੁਝ ਸਾਲ ਪਹਿਲਾਂ ਬਣਾਈ ਗਈ ਨੈਸ਼ਨਲ ਟੈਸਟਿੰਗ ਏਜੰਸੀ ਕੋਲ ਆਪਣੇ ਮੁਲਾਜ਼ਮ 2500 ਤੋਂ ਵੀ ਘੱਟ ਹਨ, ਜਦੋਂ ਕਿ ਕੌਮੀ ਪੱਧਰ ’ਤੇ ਇਨ੍ਹਾਂ ਨੂੰ ਸਾਰੇ ਦੇਸ਼ ਵਿਚ ਲੱਖਾਂ ਵਿਦਿਆਰਥੀਆਂ ਦੇ ਕਈ ਟੈਸਟ ਲੈਣੇ ਪੈਂਦੇ ਹਨ। ਇਸ ਤੋਂ ਇਲਾਵਾ ਇਨ੍ਹਾਂ ਦਾਖ਼ਲਿਆਂ ਦੇ ਇਮਤਿਹਾਨ ਕਰਵਾਉਣ ਵਾਲੀਆਂ ਇਨ੍ਹਾਂ ਸੰਸਥਾਵਾਂ ਵਿਚ ਵੱਡੀ ਪੱਧਰ ’ਤੇ ਭ੍ਰਿਸ਼ਟਾਚਾਰ ਵੀ ਪਾਇਆ ਜਾਂਦਾ ਹੈ। ਇਹ ਵੀ ਦੋਸ਼ ਲਗਦੇ ਹਨ ਕਿ ਕੋਚਿੰਗ ਸੈਂਟਰਾਂ ਦੇ ਮਾਲਕਾਂ ਅਤੇ ਦਾਖ਼ਲਿਆਂ ਦੇ ਇਮਤਿਹਾਨ ਕਰਵਾਉਣ ਵਾਲੀਆਂ ਸੰਸਥਾਵਾਂ ਦੇ ਭ੍ਰਿਸ਼ਟ ਅਧਿਕਾਰੀਆਂ ਦੀ ਮਿਲੀ-ਭੁਗਤ ਨਾਲ ਵੀ ਪੇਪਰ ਲੀਕ ਹੁੰਦੇ ਹਨ। ਦੇਸ਼ ਵਿਚ ਵਿਦਿਆਰਥੀਆਂ ਲਈ ਕਿੱਤਾਮੁਖੀ ਕੋਰਸਾਂ ਵਿਚ ਦਾਖ਼ਲੇ ਲੈਣੇ ਅਤੇ ਚੰਗੀਆਂ ਨੌਕਰੀਆਂ ਹਾਸਿਲ ਕਰਨ ਵਿਚ ਦਰਪੇਸ਼ ਮੁਸ਼ਕਿਲਾਂ ਕਾਰਨ ਹੀ ਵੱਡੀ ਗਿਣਤੀ ਵਿਚ ਵਿਦਿਆਰਥੀ ਸਿੱਖਿਆ ਹਾਸਿਲ ਕਰਨ ਅਤੇ ਆਪਣਾ ਭਵਿੱਖ ਬਣਾਉਣ ਲਈ ਵਿਦੇਸ਼ਾਂ ਵੱਲ ਰੁਖ਼ ਕਰਨ ਲਈ ਮਜਬੂਰ ਹੋ ਜਾਂਦੇ ਹਨ। ਵਿਦੇਸ਼ਾਂ ਵਿਚ ਵੀ ਉਥੇ ਹੁਣ ਉਨ੍ਹਾਂ ਨੂੰ ਪਹਿਲਾਂ ਨਾਲੋਂ ਵਧੇਰੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਪਰੋਕਤ ਸਾਰਾ ਵੇਰਵਾ ਇਹ ਦੱਸਦਾ ਹੈ ਕਿ ਦੇਸ਼ ਵਿਚ ਸਿੱਖਿਆ ਬੇਹੱਦ ਮਹਿੰਗੀ ਵੀ ਹੋ ਗਈ ਹੈ ਤੇ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਵੀ ਹੁੰਦੀ ਜਾ ਰਹੀ ਹੈ। ਇਸ ਕਾਰਨ ਵਿਦਿਆਰਥੀ ਬੇਹੱਦ ਤਣਾਅ ਵਾਲੀ ਸਥਿਤੀ ਵਿਚੋਂ ਗੁਜ਼ਰਦੇ ਹਨ। ਰਾਜਸਥਾਨ ਦਾ ਸ਼ਹਿਰ ਕੋਟਾ ਜੋ ਕੋਚਿੰਗ ਸੈਂਟਰਾਂ ਦਾ ਗੜ੍ਹ ਹੈ, ਤੋਂ ਹਰ ਸਾਲ ਦਰਜਨਾਂ ਵਿਦਿਆਰਥੀਆਂ ਦੇ ਖੁਦਕੁਸ਼ੀ ਕਰਨ ਦੀਆਂ ਖ਼ਬਰਾਂ ਆਉਂਦੀਆਂ ਹਨ। ਸਿੱਖਿਆ ਦੀ ਇਸ ਗੁੰਝਲਦਾਰ ਵਿਵਸਥਾ ਕਾਰਨ ਗ਼ਰੀਬ ਪਰਿਵਾਰਾਂ ਦੇ ਬੱਚੇ ਸਿੱਖਿਆ ਤੋਂ ਵਾਂਝੇ ਰਹਿ ਜਾਂਦੇ ਹਨ ਅਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਉਹ ਜੁਰਮ ਦੀ ਦੁਨੀਆ ਵਿਚ ਪ੍ਰਵੇਸ਼ ਕਰਕੇ ਚੋਰ, ਲੁਟੇਰੇ ਤੇ ਗੈਂਗਸਟਰ ਬਣ ਜਾਂਦੇ ਹਨ, ਜਿਸ ਕਾਰਨ ਦੇਸ਼ ਵਿਚ ਅਮਨ ਤੇ ਕਾਨੂੰਨ ਦੀ ਗੰਭੀਰ ਸਮੱਸਿਆ ਵੀ ਪੈਦਾ ਹੁੰਦੀ ਜਾ ਰਹੀ ਹੈ।

ਇਹ ਸਾਰੀ ਚਰਚਾ ਇਸ ਗੱਲ ਦੀ ਮੰਗ ਕਰਦੀ ਹੈ ਕਿ ਕੇਂਦਰ ਸਰਕਾਰ ਅਤੇ ਵੱਖ-ਵੱਖ ਰਾਜ ਸਰਕਾਰਾਂ ਸਿੱਖਿਆ ਦੇ ਖੇਤਰ ਵਿਚ ਪੂੰਜੀ ਨਿਵੇਸ਼ ਵਧਾ ਕੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਨੂੰ ਬਿਹਤਰ ਬਣਾਉਣ, ਉਨ੍ਹਾਂ ਦੀ ਗਿਣਤੀ ਵਿਚ ਹੋਰ ਵਾਧਾ ਕਰਨ, ਦੇਸ਼ ਦੇ ਆਮ ਲੋਕਾਂ ਦੇ ਬੱਚਿਆਂ ਲਈ ਸਸਤੀ ਤੇ ਮਿਆਰੀ ਸਿੱਖਿਆ ਦਾ ਪ੍ਰਬੰਧ ਕੀਤਾ ਜਾਵੇ। ਦਾਖ਼ਲਿਆਂ ਦੀ ਪ੍ਰਣਾਲੀ ਨੂੰ ਪੇਪਰ ਲੀਕ ਹੋਣ ਤੇ ਹੋਰ ਬੇਨਿਯਮੀਆਂ ਤੋਂ ਮੁਕਤ ਕਰਨਾ ਵੀ ਬੇਹੱਦ ਜ਼ਰੂਰੀ ਹੈ। ਸਮੁੱਚੀ ਸਿੱਖਿਆ ਵਿਵਸਥਾ ਦੀ ਪੜਚੋਲ ਕਰਕੇ ਬਦਲ ਰਹੇ ਸੰਸਾਰ ਦੇ ਮੁਤਾਬਿਕ ਉਨ੍ਹਾਂ ਨੂੰ ਵਧੇਰੇ ਕਿੱਤਾਮੁਖੀ ਬਣਾਉਣ ਦੀ ਜ਼ਰੂਰਤ ਹੈ।

ਇਸ ਦੇ ਨਾਲ ਹੀ ਦੇਸ਼ ਦੀ ਰਾਜਨੀਤਕ, ਆਰਥਿਕ, ਸੱਭਿਆਚਾਰਕ ਤੇ ਭਾਸ਼ਾਈ ਵੰਨ-ਸੁਵੰਨਤਾ ਨੂੰ ਮੁੱਖ ਰੱਖਦਿਆਂ ਸਿਲੇਬਸ ਨਿਰਧਾਰਿਤ ਕਰਨ ਸਮੇਂ ਸਿੱਖਿਆ ਦੇ ਖੇਤਰੀ ਸੰਦਰਭਾਂ ਨੂੰ ਵੀ ਅਹਿਮੀਅਤ ਦਿੱਤੀ ਜਾਣੀ ਚਾਹੀਦੀ ਹੈ। ਕੇਂਦਰ ਸਰਕਾਰ ਵਲੋਂ ਸਿੱਖਿਆ ਦੇ ਕੀਤੇ ਜਾ ਰਹੇ ਭਗਵੇਂਕਰਨ ਨਾਲ ਵੀ ਦੇਸ਼ ਵਿਚ ਵੱਡੀਆਂ ਚੁਣੌਤੀਆਂ ਖੜ੍ਹੀਆਂ ਹੋ ਰਹੀਆਂ ਹਨ।

ਦੇਸ਼ ਦਾ ਖ਼ਾਸਾ ਇਹ ਮੰਗ ਕਰਦਾ ਹੈ ਕਿ ਵਿਦਿਆਰਥੀਆਂ ਵਿਚ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਮਜ਼ਬੂਤ ਕਰਨ ’ਤੇ ਜ਼ੋਰ ਦਿੱਤਾ ਜਾਏ। ਇਸ ਦੇ ਨਾਲ ਹੀ ਸਿੱਖਿਆ ਸਮੱਗਰੀ ਰਾਹੀਂ ਦੇਸ਼ ਵਿਚ ਆਪਸੀ ਸਦਭਾਵਨਾ ਵਧਾਉਣ ਨੂੰ ਵੀ ਤਰਜੀਹ ਦਿੱਤੀ ਜਾਵੇ। ਅਜਿਹੀ ਬਹੁਪੱਖੀ ਪਹੁੰਚ ਨਾਲ ਹੀ ਦੇਸ਼ ਵਿਚ ਪੈਦਾ ਹੋਏ ਸਿੱਖਿਆ ਪ੍ਰਣਾਲੀ ਦੇ ਸੰਕਟ ਨੂੰ ਹੱਲ ਕੀਤਾ ਜਾ ਸਕਦਾ ਹੈ ਅਤੇ ਨੌਜਵਾਨਾਂ ਨੂੰ ਦੇਸ਼ ਦੇ ਵਿਕਾਸ ਅਤੇ ਹੋਰ ਸਾਰਥਿਕ ਕੰਮਾਂ ਵਾਲੇ ਪਾਸੇ ਲਗਾਇਆ ਜਾ ਸਕਦਾ ਹੈ।






# ਭੂਤਾਂ ਵਾਲਾ ਤੂਤ

ਬਹਾਦਰ ਸਿੰਘ ਗੋਸਲ



ਸਰਦਾਰ ਭਾਨ ਸਿਹੁੰ ਦਾ ਇਕ ਮਕਾਨ ਪਿੰਡ ਦੇ ਵਿਚਕਾਰ ਸੀ ਪਰ ਉਨ੍ਹਾਂ ਦਾ ਟੱਬਰ ਥੋੜ੍ਹਾ ਵੱਡਾ ਹੋਣ ਕਾਰਨ ਉਨ੍ਹਾਂ ਨੇ ਇਕ ਨਵਾਂ ਮਕਾਨ ਪਿੰਡ ਦੇ ਬਾਹਰ ਵੱਲ ਖੁਲ੍ਹੀ ਥਾਂ ਵਿਚ ਬਣਾ ਲਿਆ ਸੀ। ਇਹ ਨਵਾਂ ਮਕਾਨ ਬੜਾ ਖੁੱਲ੍ਹਾ ਅਤੇ ਹਵਾਦਾਰ ਸੀ ਅਤੇ ਇਸ ਦਾ ਵਿਹੜਾ ਵੀ ਬੜੀ ਦੂਰ ਤੱਕ ਪਿੰਡ ਦੇ ਟੋਭੇ ਨੂੰ ਜਾ ਲੱਗਦਾ ਸੀ। ਉਨ੍ਹਾਂ ਨੇ ਬਹੁਤ ਸਾਰਾ ਘਰ ਦਾ ਸਾਮਾਨ ਬਾਹਰਲੇ ਘਰ ਵਿਚ ਰੱਖਿਆ ਹੋਇਆ ਸੀ, ਪਰ ਰਿਹਾਇਸ਼ ਅਜੇ ਅੰਦਰਲੇ ਪੁਰਾਣੇ ਘਰ ਵਿਚ ਹੀ ਸੀ।

ਭਾਨ ਸਿਹੁੰ ਦੀ ਮਾਤਾ ਪਰਤਾਪੀ ਭਾਵੇਂ ਕਾਫ਼ੀ ਸਿਆਣੀ ਬਿਰਧ ਔਰਤ ਸੀ ਪਰ ਪੁਰਾਣੇ ਵਹਿਮਾਂ ਭਰਮਾਂ ਦੀ ਬੁਰੀ ਤਰ੍ਹਾਂ ਸ਼ਿਕਾਰ ਸੀ। ਉਹ ਪੂਰੇ ਪਰਿਵਾਰ ਦਾ ਬਹੁਤ ਧਿਆਨ ਰੱਖਦੀ ਸੀ, ਘਰ ਵਿਚ ਕੌਣ ਕੀ ਕਰਦਾ ਹੈ, ਉਸ ਦੀ ਸਭ ਖ਼ਬਰ ਰੱਖਦੀ ਸੀ, ਬੱਚਿਆਂ ਸਮੇਤ ਘਰ ਦੇ ਸਾਰੇ ਮੈਂਬਰ ਮਾਤਾ ਪਰਤਾਪੀ ਦਾ ਬਹੁਤ ਸਤਿਕਾਰ ਕਰਦੇ ਸਨ। ਭਾਨ ਸਿਹੁੰ ਦਾ ਇਕ ਲੜਕਾ ਦੀਪਾ ਅਤੇ ਦੋ ਲੜਕੀਆਂ ਜੱਸੀ ਅਤੇ ਦੀਪੀ ਲੜਕੇ ਤੋਂ ਵੱਡੀਆਂ ਸਨ। ਭਾਨ ਸਿਹੁੰ ਦੇ ਛੋਟੇ ਭਰਾ ਮਾਨ ਸਿੰਘ ਦਾ ਪਰਿਵਾਰ ਵੀ ਇਸੇ ਘਰ ਵਿਚ ਇਕੱਠੇ ਰਹਿੰਦੇ ਸਨ। ਚੰਗੇ ਮੇਲ ਮਿਲਾਪ ਵਾਲਾ ਅਤੇ ਸੁਖੀ ਪਰਿਵਾਰ ਸੀ। ਭਾਨ ਸਿਹੁੰ ਅਤੇ ਮਾਨ ਸਿਹੁੰ ਰਲ ਕੇ ਇਕੱਠੇ ਹੀ ਖੇਤੀ ਕਰਦੇ ਸਨ।

ਉਨ੍ਹਾਂ ਦੇ ਬਾਹਰਲੇ ਘਰ ਦੇ ਵਿਹੜੇ ਦੇ ਨਾਲ ਜੋ ਟੋਭਾ ਲੱਗਦਾ ਸੀ ਉਸ ਦੇ ਕੰਢੇ ਇਕ ਬਹੁਤ ਵੱਡਾ ਤੂਤ ਦਾ ਰੁੱਖ ਸੀ, ਜੋ ਖ਼ੂਬ ਫੈਲਿਆ ਅਤੇ ਹਰਾ ਭਰਾ ਰਹਿੰਦਾ ਸੀ। ਗਰਮੀਆਂ ਦੇ ਦਿਨਾਂ ਵਿਚ ਪਿੰਡ ਦੇ ਬਹੁਤ ਸਾਰੇ ਬੱਚੇ ਉਸ ਤੂਤ ਦੇ ਰੁੱਖ ਹੇਠ ਅਕਸਰ ਖੇਡਦੇ ਰਹਿੰਦੇ ਸਨ। ਪਰ ਇਕ ਦਿਨ ਪਿੰਡ ਦੀ ਇਕ ਬੁੱਢੀ ਔਰਤ ਬੇਬੇ ਠਾਕਰੀ ਨੇ ਅਫ਼ਵਾਹ ਫੈਲਾ ਦਿੱਤੀ ਕਿ ਟੋਭੇ ਵਾਲੇ ਤੂਤ ’ਤੇ ਭੂਤ ਰਹਿੰਦੇ ਹਨ। ਬਸ ਫਿਰ ਕੀ ਸੀ ਕਿ ਮਾਤਾ ਪਰਤਾਪੀ ਨੂੰ ਤਾਂ ਵਹਿਮਾਂ ਨੇ ਘੇਰ ਲਿਆ। ਉਸ ਨੇ ਦੀਪੂ ਨੂੰ ਕਿਹਾ, ’ਦੀਪੂ ’ ਤੂੰ ਧਿਆਨ ਨਾਲ ਸੁਣ ਲੈ, ਉਸ ਤੂਤ ਹੇਠ ਖੇਡਣ ਨਾ ਜਾਇਆ ਕਰ, ਉਸ ਤੂਤ ’ਤੇ ਭੂਤ ਰਹਿੰਦੇ ਹਨ।’ ਦਾਦੀ ਜੀ ਦੀ ਗੱਲ ਸੁਣ ਦੀਪੀ ਨੇ ਕਿਹਾ, ’ਦਾਦੀ ਤੂੰ ਐਵੇਂ ਨਾ ਦੀਪੂ ਨੂੰ ਡਰਾ, ਕੋਈ ਭੂਤ ਨਹੀਂ ਹੁੰਦੇ, ਉਥੇ ਤਾਂ ਬੱਚੇ ਵਧੀਆ ਠੰਢੀ ਥਾਂ ਵਿਚ ਖੇਡਦੇ ਹਨ।’ ਪਰ ਬੱਚਿਆਂ ਨੂੰ ਕੌਣ ਹਟਾਵੇ, ਦੀਪੂ ਤਾਂ ਹਰ ਰੋਜ਼ ਬੱਚਿਆਂ ਨਾਲ ਖੇਡਣ ਜਾਂਦਾ ਰਿਹਾ, ਗਰਮੀ ਵੱਧ ਹੋਣ ਕਾਰਨ,ਬੱਚਿਆਂ ਨੂੰ ਤੂਤ ਦੀ ਛਾਂ ਤੋਂ ਬਿਨਾਂ ਹੋਰ ਕੋਈ ਥਾਂ ਵੀ ਨਹੀਂ ਸੀ ਮਿਲਦੀ, ਪਰ ਗਰਮੀ ਕਾਰਨ ਇਕ ਦਿਨ ਦੀਪੂ ਨੂੰ ਤੂਤ ਹੇਠ ਖੇਡਦੇ-ਖੇਡਦੇ ਬੁਖਾਰ ਹੋ ਗਿਆ, ਤਬੀਅਤ ਖ਼ਰਾਬ ਹੋਣ ’ਤੇ ਉਹ ਘਰ ਆ ਗਿਆ, ਉਸ ਨੂੰ ਦੇਖ ਦਾਦੀ ਨੇ ਉਸ ਦੇ ਮੱਥੇ ’ਤੇ ਹੱਥ ਲਗਾ ਕੇ ਕਿਹਾ,’ਹਾਏ ਮੈਂ ਮਰਜਾਂ, ਦੀਪੂ ਤੈਨੂੰ ਤਾਂ ਤੇਜ਼ ਬੁਖਾਰ ਏ, ਆਖਰ ਭੂਤਾਂ ਨੇ ਕਾਰਾ ਕਰ ਹੀ ਦਿੱਤਾ।’

ਦੀਪੂ ਦਾਦੀ ਦੀ ਗੱਲ ਸੁਣ ਕੇ ਸਮਝ ਗਿਆ ਕਿ ਦਾਦੀ ਵਹਿਮ ਕਰਦੀ ਏ, ਬੁਖਾਰ ਤਾਂ ਵੈਸੇ ਹੀ ਹੋ ਗਿਆ। ਉਸਨੇ ਦਾਦੀ ਨੂੰ ਕਿਹਾ, ’ਦਾਦੀ ਜੀ, ਭੂਤ ਕੋਈ ਨਹੀਂ ਹੁੰਦੇ, ਸਾਡੇ ਸਕੂਲ ਦੀ ਮੈਡਮ ਜੀ ਵੀ ਕਹਿੰਦੇ ਸਨ ਕਿ ਭੂਤ ਮਨ ਦਾ ਵਹਿਮ ਹੈ, ਸਾਨੂੰ ਇਹ ਡਰ ਮਨ ’ਚੋਂ ਕੱਢਣਾ ਚਾਹੀਦਾ ਹੈ। ਪਰ ਦਾਦੀ ਤਾਂ ਪੁਰਾਣੇ ਖਿਆਲਾਂ ਦੀ ਔਰਤ ਸੀ। ਉਸ ਨੇ ਕਿਹਾ, ’ਨਹੀਂ ਪੁੱਤਰ ਭੂਤ ਹੁੰਦੇ ਹਨ ਉਹ ਤੂਤ ’ਤੇ ਰਹਿੰਦੇ ਹਨ, ਪਰ ਦਿੱਸਦੇ ਨਹੀਂ, ਉਹ ਤਾਂ ਚੁੱਪ-ਚੁਪੀਤੇ ਵਾਰ ਕਰ ਦੇਂਦੇ ਹਨ।’

ਪਾਸ ਬੈਠੀ ਦੀਪੂ ਦੀ ਮੰਮੀ ਵੀ ਬੋਲ ਪਈ, ਮਾਂ ਜੀ ਤੁਸੀਂ ਗੱਲ ਨੂੰ ਭੂਤਾਂ ਨਾਲ ਐਵੇਂ ਨਾ ਜੋੜ ਦਿਆ ਕਰੋ, ਬੱਚਾ ਡਰ ਜਾਂਦਾ ਹੈ, ਬੁਖਾਰ ਹੋਇਆ ਏ, ਮੈਂ ਡਾਕਟਰ ਤੋਂ ਹੁਣੇ ਦਵਾਈ ਦਿਵਾ ਕੇ ਲੈ ਆਉਂਦੀ ਹਾਂ। ਦੀਪੂ ਦੀ ਮੰਮੀ ਨੇ ਪਿੰਡ ਦੇ ਹੀ ਡਾਕਟਰ ਤੋਂ ਦਵਾਈ ਦਿਵਾ ਦਿੱਤੀ ਅਤੇ ਉਹ ਸ਼ਾਮ ਤੱਕ ਠੀਕ ਹੋ ਗਿਆ। ਜਦੋਂ ਬੁਖਾਰ ਉਤਰ ਗਿਆ ਤਾਂ ਦੀਪੂ ਨੇ ਦਾਦੀ ਜੀ ਨੂੰ ਕਿਹਾ, ’ਦਾਦੀ ਜੀ, ਭੂਤ ਤਾਂ ਇਕ ਗੋਲੀ ਨਾਲ ਹੀ ਭੱਜ ਗਿਆ।’

ਕੁਝ ਦਿਨ ਬੀਤਣ ਤੋਂ ਬਾਅਦ, ਇਕ ਦਿਨ ਦੀਪੂ ਦੀ ਮੰਮੀ ਨੇ ਦੀਪੂ ਤੋਂ ਬਾਹਰਲੇ ਘਰ ਤੋਂ ਲੋਹੇ ਦਾ ਇਕ ਕਿੱਲਾ ਮੰਗਵਾਇਆ। ਦੀਪੂ ਬਾਹਰਲੇ ਘਰ ਗਿਆ ਅਤੇ ਲੋਹੇ ਦਾ ਕਿੱਲਾ ਲੈ ਕੇ ਜਦੋਂ ਤੂਤ ਪਾਸੋਂ ਲੰਘਣ ਲੱਗਿਆ, ਉਸ ਦੇ ਹੱਥ ’ਚੋਂ ਅਚਾਨਕ ਉਹ ਲੋਹੇ ਦਾ ਕਿੱਲਾ ਡਿਗ ਉਸ ਦੇ ਪੈਰ ’ਤੇ ਥੋੜ੍ਹਾ ਲੱਗ ਗਿਆ, ਕਾਫ਼ੀ ਖ਼ੂਨ ਵੀ ਨਿਕਲਿਆ, ਜਦੋਂ ਉਹ ਘਰ ਪਹੁੰਚਿਆ ਤਾਂ ਦਾਦੀ ਦਾ ਵਹਿਮੀ ਪਾਰਾ ਪੂਰਾ ਚੜ੍ਹ ਗਿਆ, ਦੇਖਿਆ, ਭੂਤ ਦਾ ਦੂਜਾ ਕਾਰਾ, ਕਰਤਾ ਮੁੰਡਾ ਲਹੂ ਲੁਹਾਨ, ਮੇਰੀ ਗੱਲ ਨੂੰ ਤਾਂ ਟਿੱਚ ਜਾਣਦੇ ਨੇ, ਦੀਪੂ ਦੀ ਭੈਣ ਜੱਸੀ ਵੀ ਹੁਣ ਬੋਲ ਪਈ, ਦਾਦੀ ਜੀ, ਭੂਤ ਤਾਂ ਪਹਿਲਾਂ ਹੁੰਦੇ ਹੋਣਗੇ, ਹੁਣ ਤਾਂ ਜਦ ਤੋਂ ਗੁਰਦੁਆਰਿਆਂ ਵਿਚ ਸਪੀਕਰਾਂ ਤੋਂ ਬਾਣੀ ਦੂਰ ਦੂਰ ਤੱਕ ਸੁਣਦੀ ਹੈ ਸਭ ਭੂਤ ਭੱਜ ਗਏ ਹਨ, ਨਵਾਂ ਜ਼ਮਾਨਾ ਆ ਗਿਆ ਏ, ਹੁਣ ਤੁਸੀਂ ਵੀ ਵਹਿਮਾਂ ਅਤੇ ਭਰਮਾਂ ਨੂੰ ਭਜਾ ਦਿਓ। ਦੀਪੂ ਵੀ ਬੋਲ ਪਿਆ, ’ਹਾਂ , ਦਾਦੀ ਜੀ, ਤੁਸੀਂ ਥੋੜ੍ਹੀ ਜਿਹੀ ਪੰਜਾਬੀ ਪੜ੍ਹਨੀ ਸਿੱਖ ਲਓ ਅਤੇ ਹਰ ਰੋਜ਼ ਫਿਰ ਪਾਠ ਕਰਨਾ, ਤੁਹਾਡੇ ਵਹਿਮਾਂ ਭਰਮਾਂ ਵਾਲੇ ਭੂਤ ਵੀ ਭੱਜ ਜਾਣਗੇ, ਦੀਪੀ ਦੀਦੀ ਨੂੰ ਤੁਸੀਂ ਆਪਣੀ ਮੈਡਮ ਬਣਾ ਲਓ, ਇਹ ਤੁਹਾਨੂੰ ਪੰਜਾਬੀ ਸਿਖਾ ਦੇਵੇਗੀ, ’ ਫਿਰ ਸਾਰੇ ਬੱਚੇ ਹੱਸਣ ਲੱਗ ਪਏ।

ਹੁਣ ਦਾਦੀ ਜੀ ਨੂੰ ਬੱਚਿਆਂ ਦੀ ਗੱਲ ਕੁਝ ਚੰਗੀ ਲੱਗਣ ਲੱਗੀ ਅਤੇ ਉਸਨੇ ਕਿਹਾ, ਹਾਂ ਭਾਈ, ਪੰਜਾਬੀ ਤਾਂ ਮੈਂ ਪਹਿਲਾਂ ਹੀ ਪੜ੍ਹਨਾ ਚਾਹੁੰਦੀ ਸੀ, ਥੋੜ੍ਹੀ ਗੁਰਮੁਖੀ ਸਿੱਖ ਕੇ ਪਾਠ ਕਰਨ ਜੋਗੀ ਹੋ ਜਾਊਂਗੀ, ਪਰ ਮੈਂ ਤੂਤ ਵੱਲ ਨਹੀਂ ਜਾਣਾ।’ਦੀਪੀ ਵੀ ਹੱਸਦੀ ਹੋਈ ਬੋਲੀ, ’ਹਾਂ ਦਾਦੀ ਜੀ, ਮੈਂ ਤੁਹਾਡੀ ਟੀਚਰ ਬਣ ਕੇ ਤੁਹਾਨੂੰ ਰੁੱਖਾਂ ਦੇ ਸਾਰੇ ਗੁਣ ਦੱਸ ਦੇਵਾਂਗੀ, ਰੁੱਖਾਂ ’ਤੇ ਭੂਤ ਨਹੀਂ ਮਨੁੱਖਾਂ ਲਈ ਸੁੱਖ ਰਹਿੰਦੇ ਹਨ, ਠੰਢੀ ਛਾਂ, ਮਿੱਠੇ ਮੇਵੇ, ਵਧੀਆ ਲੱਕੜ ਅਤੇ ਤੁਹਾਡੇ ਚੁੱਲ੍ਹੇ ਲਈ ਬਾਲਣ ਭੂਤ ਨਹੀਂ ਤੂਤ ਹੀ ਦੇਂਦਾ ਏ, ਦੀਪੀ ਦੀਆਂ ਸਿੱਖਿਆਦਾਇਕ ਗੱਲਾਂ ਸੁਣ ਹੁਣ ਦਾਦੀ ਜੀ ਵੀ ਖੁਸ਼ ਹੋ ਕੇ ਰਹਿਣ ਲੱਗੀ, ਬਸ ਕਰ, ਹੁਣ ਮੇਰੀ ਮੈਡਮ।

# ਗਰਮੀ ਦੇ ਮੌਸਮ ਵਿਚ ਸਾਵਧਾਨ ਰਹੋ

*ਪਸੀਨੇ ਰਾਹੀਂ ਸਰੀਰ ਵਿਚੋਂ ਕਾਫ਼ੀ ਪਾਣੀ ਬਾਹਰ ਨਿਕਲ ਜਾਂਦਾ ਹੈ । ਪਾਣੀ ਦੀ ਕਮੀ ਪੂਰਾ ਕਰਨ ਲਈ ਜੇ ਪਾਣੀ ਅਤੇ ਪੀਣ ਵਾਲੇ ਤਰਲ ਮੌਕੇ 'ਤੇ ਨਾ ਮਿਲਦੇ ਹੋਣ ਜਾਂ ਕੰਮ ਦੇ ਰੁਝੇਵੇਂ ਵਿਚ ਪਿਆਸ ਦਾ ਖ਼ਿਆਲ ਹੀ ਨਾ ਕੀਤਾ ਜਾਵੇ ਤਾਂ ਪਾਣੀ ਦੀ ਘਾਟ ਕਾਰਨ ਡੀਹਾਈਡ੍ਰੇਸ਼ਨ ਹੋ ਜਾਂਦੀ ਹੈ ਤੇ ਬੰਦੇ ਨੂੰ ਲੂ ਲੱਗਣ ਦਾ ਖਦਸ਼ਾ ਵਧ ਜਾਂਦਾ ਹੈ ।*

ਡਾ. ਪ੍ਰਭਦੀਪ ਸਿੰਘ ਚਾਵਲਾ

ਪੰਜਾਬ ਅਤੇ ਉੱਤਰੀ ਭਾਰਤ ਵਿਚ ਗਰਮੀ ਦੇ ਮੌਸਮ ਵਿਚ ਤਾਪਮਾਨ 40-45 ਡਿਗਰੀ ਸੈਂਟੀਗ੍ਰੇਡ ਤਕ ਪਹੁੰਚ ਜਾਂਦਾ ਹੈ ਤੇ ਤੇਜ਼ ਧੁੱਪ ਕਾਰਨ ਸੂਰਜ ਦੀਆਂ ਤੇਜ਼ ਕਿਰਨਾਂ ਚਮੜੀ ਝੁਲਸਾ ਦਿੰਦੀਆਂ ਹਨ। ਅਜਿਹੇ ਮੌਸਮ ਵਿਚ ਅਪਣਾ ਧਿਆਨ ਸਨਬਰਨ, ਸਕਿਨ ਵਿਚ ਜਲਣ ਤੇ ਲੂ ਲੱਗਣ ਦਾ ਡਰ ਬਣਿਆ ਰਹਿੰਦਾ ਹੈ। ਸਨਬਰਨ ਅਤੇ ਚਮੜੀ ਦੀ ਜਲਣ ਤੋਂ ਬਚਾਅ ਲਈ ਕਈ ਤਰ੍ਹਾਂ ਦੇ ਲੋਸ਼ਨ ਅਤੇ ਕਰੀਮਾਂ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪਰ ਲੂ ਲੱਗਣ ਨਾਲ ਸਿਹਤ ਬਹੁਤ ਜ਼ਿਆਦਾ ਵਿਗੜ ਵੀ ਸਕਦੀ ਹੈ।ਗਰਮੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਤੋਂ ਅਪਣੇ ਆਪ ਨੂੰ ਬਚਾਉਣਾ ਚਾਹੀਦਾ ਹੈ।

ਜੇਕਰ ਕਿਸੇ ਮੈਦਾਨੀ ਖੇਤਰ ਦਾ ਤਾਪਮਾਨ 40 ਡਿਗਰੀ ਸੈਲਸੀਅਸ ਜਾਂ ਇਸ ਤੋਂ ਵੱਧ ਤਕ ਪਹੁੰਚ ਜਾਂਦਾ ਹੈ, ਤਾਂ ਇਸ ਸਥਿਤੀ ਨੂੰ ਗਰਮੀ ਦੀ ਲਹਿਰ ਕਿਹਾ ਜਾਂਦਾ ਹੈ। ਮਈ ਅਤੇ ਜੂਨ ਦੇ ਮਹੀਨਿਆਂ ਦੌਰਾਨ ਗਰਮੀ ਦੀਆਂ ਲਹਿਰਾਂ ਚੱਲਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ ਅਤੇ ਇਸ ਸਮੇਂ ਦੌਰਾਨ ਆਮ ਲੋਕਾਂ ਦੇ ਨਾਲ-ਨਾਲ ਖਾਸ ਕਰ ਕੇ ਛੋਟੇ ਬੱਚੇ-ਬਜ਼ੁਰਗ, ਕਮਜ਼ੋਰ ਜਾਂ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੇ ਰੋਗ ਤੋਂ ਪੀੜਤ ਵਿਅਕਤੀ ਲੂ ਦੀ ਲਪੇਟ ਵਿਚ ਛੇਤੀ ਆ ਜਾਂਦੇ ਹਨ। ਸੜਕਾਂ 'ਤੇ ਰੇਹੜੀ, ਰਿਕਸ਼ਾ, ਟਾਂਗਾ ਚਾਲਕ, ਦਿਹਾੜੀਦਾਰ-ਮਜ਼ਦੂਰ, ਯਾਤਰੀ ਅਤੇ ਭਿਖਾਰੀ ਆਦਿ ਸੂਰਜ ਦੀਆਂ ਕਿਰਨਾਂ ਤੇ ਗਰਮ ਹਵਾਵਾਂ ਦੇ ਚਲਦਿਆਂ ਲੂ ਦਾ ਸ਼ਿਕਾਰ ਹੋਣ ਕਾਰਨ ਬੇਹੋਸ਼ ਹੋ ਕੇ ਡਿੱਗ ਪੈਂਦੇ ਹਨ।ਸੂਰਜ ਦੀ ਗਰਮੀ ਸਾਡੀ ਊਰਜਾ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਸਕਦੀ ਹੈ।

ਪਸੀਨੇ ਰਾਹੀਂ ਸਰੀਰ ਵਿਚੋਂ ਕਾਫ਼ੀ ਪਾਣੀ ਬਾਹਰ ਨਿਕਲ ਜਾਂਦਾ ਹੈ।ਪਾਣੀ ਦੀ ਕਮੀ ਪੂਰਾ ਕਰਨ ਲਈ ਜੇ ਪਾਣੀ ਅਤੇ ਪੀਣ ਵਾਲੇ ਤਰਲ ਮੌਕੇ 'ਤੇ ਨਾ ਮਿਲਦੇ ਹੋਣ ਜਾਂ ਕੰਮ ਦੇ ਰੁਝੇਵੇਂ ਵਿਚ ਪਿਆਸ ਦਾ ਖ਼ਿਆਲ ਹੀ ਨਾ ਕੀਤਾ ਜਾਵੇ ਤਾਂ ਪਾਣੀ ਦੀ ਘਾਟ ਕਾਰਨ ਡੀਹਾਈਡ੍ਰੇਸ਼ਨ ਹੋ ਜਾਂਦੀ ਹੈ ਤੇ ਬੰਦੇ ਨੂੰ ਲੂ ਲੱਗਣ ਦਾ ਖਦਸ਼ਾ ਵਧ ਜਾਂਦਾ ਹੈ। ਇਸ ਨਾਲ ਮੌਤ ਵੀ ਹੋ ਸਕਦੀ ਹੈ। ਜਦ ਪਸੀਨਾ ਆਉਣਾ ਬੰਦ ਹੋ ਜਾਵੇ ਤੇ ਸਰੀਰ ਦਾ ਤਾਪਮਾਨ 104 ਡਿਗਰੀ ਫਾਰਨਹੀਟ ਤੋਂ ਉਪਰ ਹੋ ਜਾਵੇ ਤਾਂ ਸਮਝੋ ਕਿ ਬੰਦੇ ਨੂੰ ਲੂ ਲੱਗ ਗਈ ਹੈ। ਗਰਮੀਆਂ ਵਿਚ ਮਲੇਰੀਆ, ਟਾਇਫਾਇਡ ਜਾਂ ਕਿਸੇ ਹੋਰ ਰੋਗ ਕਾਰਨ ਬੁਖ਼ਾਰ ਚੜ੍ਹ ਜਾਵੇ ਤਾਂ ਪਾਣੀ ਦੀ ਘਾਟ, ਲੂ ਲੱਗਣ ਦਾ ਕਾਰਨ ਬਣ ਜਾਂਦੀ ਹੈ।

ਨਵਜੰਮੇ ਅਤੇ ਛੋਟੇ ਬੱਚੇ, ਗਰਭਵਤੀ ਔਰਤਾਂ, 65 ਸਾਲ ਜਾਂ ਵੱਧ ਉਮਰ ਦੇ ਬਜ਼ੁਰਗ, ਮਜ਼ਦੂਰ-ਦਿਹਾੜੀਦਾਰ, ਮੋਟਾਪੇ ਤੋਂ ਪੀੜਤ ਵਿਅਕਤੀ, ਮਾਨਸਿਕ ਰੋਗੀ, ਜੋ ਸਰੀਰਕ ਤੌਰ 'ਤੇ ਬਿਮਾਰ ਹਨ, ਖ਼ਾਸ ਕਰ ਕੇ ਜਿਨ੍ਹਾਂ ਨੂੰ ਦਿਲ ਦੀ ਬਿਮਾਰੀ ਜਾਂ ਹਾਈ ਬਲੱਡ ਪ੍ਰੈਸ਼ਰ ਹੈ ਵਾਲੇ ਵੱਧੇਰੇ ਜੋਖ਼ਮ ਦੀ ਸ਼ ਸ਼੍ਰੇਣੀ ਵਿਚ ਹਨ। ਗਰਮੀ ਦੀ ਲਹਿਰ ਦੌਰਾਨ ਸਾਵਧਾਨੀਆਂ ਵਰਤੀਆਂ ਜਾਣ ਤਾਂ ਲੂ ਲੱਗਣ ਤੋਂ ਅਪਣੇ ਆਪ ਨੂੰ ਬਚਾਇਆ ਜਾ ਸਕਦਾ ਹੈ।

ਲੂ ਜਾਂ ਹੀਟ ਸਟ੍ਰੋਕ ਤੋਂ ਬਚਣ ਲਈ ਕੀ ਕਰਨਾ ਅਤੇ ਕੀ ਨਹੀਂ ਕਰਨਾ ਚਾਹੀਦਾ - ਘਰ ਤੋਂ ਬਾਹਰ ਦੇ ਕੰਮ ਦਿਨ ਦੇ ਠੰਢੇ ਸਮੇਂ ਜਿਵੇਂ ਕਿ ਸਵੇਰ ਅਤੇ ਸ਼ਾਮ ਸਮੇਂ ਕੀਤੇ ਜਾਣੇ ਚਾਹੀਦੇ ਹਨ। ਪਿਆਸ ਨਾ ਲੱਗਣ 'ਤੇ ਵੀ ਹਰ ਅੱਧੇ ਘੰਟੇ ਬਾਅਦ ਪਾਣੀ ਜ਼ਰੂਰ ਪੀਓ।ਪਰ ਮਿਰਗੀ ਜਾਂ ਦਿਲ ਦੀ ਬਿਮਾਰੀ, ਗੁਰਦੇ ਜਾਂ ਜਿਗਰ ਦੀ ਬਿਮਾਰੀ







ਵਾਲੇ ਲੋਕ ਜੋ ਤਰਲ-ਪ੍ਰਤੀਬੰਧਤ ਖੁਰਾਕ 'ਤੇ ਹਨ, ਉਨ੍ਹਾਂ ਨੂੰ ਪਾਣੀ ਦੀ ਮਾਤਰਾ ਵਧਾਉਣ ਸਬੰਧੀ ਡਾਕਟਰੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।ਬਾਹਰ ਕੰਮ ਕਰਦੇ ਸਮੇਂ ਹਲਕੇ ਰੰਗ ਅਤੇ ਸਰੀਰ ਨੂੰ ਪੂਰੇ ਢਕਣ ਵਾਲੇ ਕੱਪੜੇ ਪਾਓ। ਕੋਸ਼ਿਸ਼ ਕਰੋ ਕਿ ਗਰਮੀਆਂ ਵਿਚ ਸਿਰਫ਼ ਸੂਤੀ ਕੱਪੜੇ ਹੀ ਪਹਿਨੇ ਜਾਣ। ਸਿੱਧੀ ਧੁੱਪ ਤੋਂ ਅਪਣੇ ਸਿਰ ਨੂੰ ਢੱਕਣ ਲਈ ਛੱਤਰੀ, ਟੋਪੀ, ਤੌਲੀਆ, ਪੱਗ, ਪਰਨਾ ਜਾਂ ਦੁਪੱਟੇ ਆਦਿ ਦੀ ਵਰਤੋਂ ਕਰੋ। ਨੰਗੇ ਪੈਰੀਂ ਬਾਹਰ ਨਾ ਨਿਕਲੋ, ਧੁੱਪ ਵਿਚ ਬਾਹਰ ਜਾਣ ਵੇਲੇ ਹਮੇਸ਼ਾ ਜੁੱਤੀ-ਬੂਟ ਜਾਂ ਚੱਪਲਾਂ ਪਾਓ। ਧੁੱਪ ਵਿਚ ਕੰਮ ਕਰਨ ਵਾਲੇ ਲੋਕਾਂ ਨੂੰ ਸਰੀਰ ਦਾ ਤਾਪਮਾਨ ਸਹੀ ਬਰਕਰਾਰ ਰੱਖਣ ਲਈ ਛਾਂ ਵਿਚ ਆਰਾਮ ਕਰਨਾ ਚਾਹੀਦਾ ਹੈ ਜਾਂ ਸਿਰ 'ਤੇ ਗਿੱਲਾ ਕੱਪੜਾ ਰੱਖਣਾ ਚਾਹੀਦਾ ਹੈ। ਧੁੱਪ ਵਿਚ ਨਿਕਲਦੇ ਸਮੇਂ ਹਮੇਸ਼ਾ ਪਾਣੀ ਨਾਲ ਰੱਖੋ। ਮੌਸਮੀ ਫਲ ਅਤੇ ਸਲਾਦ ਜਿਵੇਂ ਕਿ ਅੰਬ ਤਰਬੁਜ, ਖਰਬੂਜਾ, ਸੰਤਰਾ, ਅੰਗੂਰ, ਖੀਰਾ, ਮੂਲੀ, ਪਿਆਜ ਅਤੇ ਟਮਾਟਰ ਆਦਿ ਖਾਓ ਕਿਉਂਕਿ ਇਨ੍ਹਾਂ ਵਿਚ ਪਾਣੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਨਿੰਬੂ ਪਾਣੀ, ਲੱਸੀ, ਨਾਰੀਅਲ ਪਾਣੀ ਅਤੇ ਸੱਤੂ ਵਰਗੇ ਘਰੇਲੂ ਪੀਣ ਵਾਲੇ ਪਦਾਰਥਾਂ ਦੀ ਵਰਤੋਂ ਅਤੇ ਸੇਵਨ ਵਧਾਓ।ਘੱਟ ਭੋਜਨ ਖਾਓ ਅਤੇ ਜ਼ਿਆਦਾ ਵਾਰ ਖਾਓ, ਬਿਹਾ ਖਾਣਾ ਨਾ ਖਾਓ, ਜ਼ਿਆਦਾ ਤੇਲ ਵਾਲੇ ਜਾਂ ਬਾਹਰਲੇ ਖਾਣੇ ਤੋਂ ਪਰਹੇਜ਼ ਕਰੋ। ਠੰਢੇ ਪਾਣੀ ਨਾਲ ਵਾਰ-ਵਾਰ ਨਹਾਓ ਜਾਂ ਥੋੜੇ-ਥੋੜੇ ਸਮੇਂ ਬਾਅਦ ਮੂੰਹ-ਹੱਥ ਠੰਢੇ ਪਾਣੀ ਨਾਲ ਧੋਵੋ। ਕਸਰਤ ਸਰੀਰ ਦੇ ਵਧਦੇ ਤਾਪਮਾਨ ਦੇ ਅਨੁਕੂਲ ਕਰੋ ਅਤੇ ਖੁਰਾਕ ਤੇ ਤਰਲ ਪਦਾਰਥਾਂ ਦਾ ਸੇਵਨ ਜ਼ਰੂਰ ਕਰੋ।

ਗਰਮੀ ਦੀ ਲਹਿਰ ਦੌਰਾਨ ਸਾਵਧਾਨੀਆਂ : ਧੁੱਪ ਵਿਚ ਖਾਸ ਤੌਰ 'ਤੇ ਦੁਪਹਿਰ 12 ਤੋਂ 3 ਵਜੇ ਤਕ ਬਾਹਰ ਜਾਣ ਤੋਂ ਪਰਹੇਜ਼ ਕਰੋ। ਵਧ ਗਰਮੀ ਵਾਲੇ ਘੰਟਿਆਂ ਦੌਰਾਨ ਖਾਣਾ ਬਣਾਉਣ ਤੋਂ ਗੁਰੇਜ਼ ਕੀਤਾ ਜਾਵੇ। ਰਸੋਈ ਨੂੰ ਚੰਗੀ ਤਰ੍ਹਾਂ ਹਵਾਦਾਰ ਰੱਖਣ ਲਈ ਦਰਵਾਜ਼ੇ ਅਤੇ ਖਿੜਕੀਆਂ ਖੁੱਲੀਆਂ ਰੱਖੋ। ਹਵਾ ਬਾਹਰ ਕੱਢਣ ਲਈ ਚਿਮਨੀ ਜਾਂ ਪੱਖਾ ਜ਼ਰੂਰ ਚਲਾਓ। ਅਲਕੋਹਲ, ਚਾਹ, ਕੌਫੀ, ਪੈਕਡ ਡਰਿੰਕ ਅਤੇ ਵਾਧੂ ਮਿੱਠੇ ਪੀਣ ਵਾਲੇ ਪਦਾਰਥਾਂ ਤੋਂ ਪਰਹੇਜ਼ ਕਰੋ ਕਿਉਂਕਿ ਇਹ ਅਸਲ ਵਿਚ ਸਰੀਰ ਦੇ ਤਰਲ ਪਦਾਰਥਾਂ ਦੀ ਮਾਤਰਾ ਘਟਾ ਦਿੰਦੇ ਹਨ। ਤਲੇ ਹੋਏ ਭੋਜਨ ਤੋਂ ਪਰਹੇਜ਼ ਕਰੋ, ਬਾਸੀ ਭੋਜਨ ਨਾ ਖਾਓ।

ਮਾਨਸਿਕ ਸੰਤੁਲਨ ਵਿਚ ਬਦਲਾਅ, ਬੇਚੈਨੀ, ਬੋਲਣ ਵਿਚ ਮੁਸ਼ਕਲ, ਚਿੜਚਿੜਾਪਨ, ਹਕਲਾ ਕੇ ਬੋਲਣਾ ਅਤੇ ਦੌਰੇ ਆਦਿ ਨਾਲ ਬੋਲਣਾ, ਜਦੋਂ ਸਰੀਰ ਦਾ ਤਾਪਮਾਨ 40 ਡਿਗਰੀ ਜਾਂ ਇਸ ਤੋਂ ਵੱਧ ਜਾਂਦਾ ਹੈ, ਗੰਭੀਰ ਸਿਰ ਦਰਦ, ਚਿੰਤਾ, ਚੱਕਰ ਆਉਣੇ, ਬੇਹੋਸ਼ੀ, ਮਾਸਪੇਸ਼ੀਆਂ ਦੀ ਕਮਜ਼ੋਰੀ ਜਾਂ ਖਿਚਾਅ ਇਕ ਘੰਟੇ ਤੋਂ ਵੱਧ ਸਮੇਂ ਤਕ ਰਹਿੰਦੀ ਹੈ, ਉਲਟੀਆਂ-ਘਬਰਾਹਟ, ਦਿਲ ਦੀ ਧੜਕਣ ਤੇਜ਼ ਹੋਣਾ, ਸਾਹ ਲੈਣ ਵਿਚ ਤਕਲੀਫ਼ ਹੋਣਾ ਆਦਿ ਲੱਛਣ ਨਜ਼ਰ ਆਉਣ 'ਤੇ ਤੁਰੰਤ ਡਾਕਟਰੀ ਸਹਾਇਤਾ ਲਉ।

ਲੂ ਤੋਂ ਬਚਣ ਲਈ ਸਿਹਤ ਵਿਭਾਗ ਵਲੋਂ ਜਾਰੀ ਸੁਝਾਅ, ਸਾਵਧਾਨੀਆਂ ਤੇ ਘਰੇਲੂ ਨੁਕਤੇ ਯਾਦ ਰੱਖੋ ਅਤੇ ਵਧੇਰੇ ਜਾਣਕਾਰੀ ਲਈ ਨੇੜੇ ਦੇ ਸਿਹਤ ਸੰਸਥਾ ਜਾਂ ਟੋਲ ਫਰੀ ਨੰਬਰ 104 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਮਹਿੰਗੀਆਂ ਕਰੀਮਾਂ ਨੂੰ ਕਹੋ ਅਲਵਿਦਾ

## ਬਦਲਦੇ ਮੌਸਮ, ਪ੍ਰਦੂਸ਼ਣ ਅਤੇ ਤਣਾਅ ਕਾਰਨ ਚਿਹਰੇ ਦੀ ਚਮਕ ਘੱਟ ਜਾਣਾ ਇੱਕ ਆਮ ਸਮੱਸਿਆ

ਬਦਲਦੇ ਮੌਸਮ, ਪ੍ਰਦੂਸ਼ਣ ਅਤੇ ਤਣਾਅ ਕਾਰਨ ਚਿਹਰੇ ਦੀ ਚਮਕ ਘੱਟ ਜਾਣਾ ਇੱਕ ਆਮ ਸਮੱਸਿਆ ਹੈ।ਇਸ ਚਮਕ ਨੂੰ ਮੁੜ ਪ੍ਰਾਪਤ ਕਰਨ ਲਈ, ਅਸੀਂ ਅਕਸਰ ਮਹਿੰਗੀਆਂ, ਰਸਾਇਣਕ ਪਦਾਰਥਾਂ ਨਾਲ ਭਰੇ ਸੀਰਮ ਅਤੇ ਨਾਈਟ ਕਰੀਮਾਂ 'ਤੇ ਹਜ਼ਾਰਾਂ ਰੁਪਏ ਖਰਚ ਕਰਦੇ ਹਾਂ, ਪਰ ਅਕਸਰ ਇਹ ਲੋੜੀਂਦੇ ਨਤੀਜੇ ਨਹੀਂ ਦਿੰਦੇ।ਜੇਕਰ ਤੁਸੀਂ ਵੀ ਰਸਾਇਣ-ਮੁਕਤ ਅਤੇ ਪੂਰੀ ਤਰ੍ਹਾਂ ਕੁਦਰਤੀ ਚਮਕ ਚਾਹੁੰਦੇ ਹੋ, ਤਾਂ ਇਸ ਦਾ ਹੱਲ ਤੁਹਾਡੀ ਰਸੋਈ ਵਿੱਚ ਹੀ ਹੈ।





ਅੰਡੇ ਦੀ ਜ਼ਰਦੀ ਚਮੜੀ ਲਈ ਵਰਦਾਨ ਹੈ।ਇਸ ਵਿੱਚ ਮੌਜੂਦ ਪ੍ਰੋਟੀਨ ਅਤੇ ਫੈਟੀ ਐਸਿਡ ਚਮੜੀ ਨੂੰ ਅੰਦਰੋਂ ਪੋਸ਼ਣ ਦਿੰਦੇ ਹਨ। ਜਦੋਂ ਤੁਸੀਂ ਅੰਡੇ ਦੀ ਜ਼ਰਦੀ ਨੂੰ ਸ਼ਹਿਦ ਜਾਂ ਐਲੋਵੇਰਾ ਜੈੱਲ ਨਾਲ ਮਿਲਾ ਕੇ ਆਪਣੇ ਚਿਹਰੇ 'ਤੇ ਲਗਾਉਂਦੇ ਹੋ, ਤਾਂ ਇਹ ਸਭ ਤੋਂ ਮਹਿੰਗੇ ਐਂਟੀ-ਏਜਿੰਗ ਸੀਰਮਾਂ ਨੂੰ ਵੀ ਪਛਾੜ ਸਕਦਾ ਹੈ। ਆਓ ਇਸ ਨੂੰ ਤਿਆਰ ਕਰਨ ਅਤੇ ਲਗਾਉਣ ਦਾ ਸਹੀ ਤਰੀਕਾ ਸਿੱਖੀਏ।

1 ਅੰਡੇ ਦੀ ਜ਼ਰਦੀ

ਸ਼ਹਿਦ: 1 ਚਮਚਾ

ਐਲੋਵੇਰਾ ਜੈੱਲ ਜਾਂ ਦਹੀਂ: 1 ਚਮਚਾ

ਬਦਾਮ ਦਾ ਤੇਲ: 2-3 ਤੁਪਕੇ (ਜੇਕਰ ਚਮੜੀ ਬਹੁਤ ਖੁਸ਼ਕ ਹੈ)

ਕਿਵੇਂ ਬਣਾਉਣਾ ਹੈ ਅਤੇ ਕਿਵੇਂ ਲਗਾਉਣਾ ਹੈ

ਪਹਿਲਾਂ, ਇੱਕ ਆਂਡੇ ਨੂੰ ਇੱਕ ਸਾਫ਼ ਕਟੋਰੇ ਵਿੱਚ ਤੋੜੋ ਅਤੇ ਅੰਡੇ ਦੀ ਸਫ਼ੈਦੀ ਅਤੇ ਜ਼ਰਦੀ ਨੂੰ ਵੱਖ ਕਰੋ।ਸਾਨੂੰ ਸਿਰਫ਼ ਜ਼ਰਦੀ ਦੀ ਲੋੜ ਹੈ।ਹੁਣ ਅੰਡੇ ਦੀ ਜ਼ਰਦੀ ਵਾਲੇ ਕਟੋਰੇ ਵਿੱਚ 1 ਚਮਚ ਸ਼ੁੱਧ ਸ਼ਹਿਦ ਪਾਓ। ਜੇਕਰ ਤੁਹਾਡੀ ਚਮੜੀ 'ਤੇ ਦਾਗ-ਧੱਬੇ ਹੋਣ ਦੀ ਸੰਭਾਵਨਾ ਜ਼ਿਆਦਾ ਹੈ, ਤਾਂ ਤੁਸੀਂ ਅੱਧਾ ਚਮਚ ਐਲੋਵੇਰਾ ਜੈੱਲ ਵੀ ਪਾ ਸਕਦੇ ਹੋ।ਚਮਚ ਦੀ ਵਰਤੋਂ ਕਰਕੇ, ਮਿਸ਼ਰਣ ਨੂੰ ਚੰਗੀ ਤਰ੍ਹਾਂ ਹਿਲਾਓ ਜਦੋਂ ਤੱਕ ਇਹ ਇੱਕ ਮੁਲਾਇਮ ਅਤੇ ਕਰੀਮੀ ਪੇਸਟ ਨਾ ਬਣ ਜਾਵੇ।

ਫੇਸ ਪੈਕ ਲਗਾਉਣ ਤੋਂ ਪਹਿਲਾਂ, ਆਪਣੇ ਚਿਹਰੇ ਨੂੰ ਹਲਕੇ ਫੇਸ ਵਾਸ਼ ਜਾਂ ਗੁਲਾਬ ਜਲ ਨਾਲ ਚੰਗੀ ਤਰ੍ਹਾਂ ਸਾਫ਼ ਕਰੋ ਅਤੇ ਇਸ ਨੂੰ ਥਪਥਪਾ ਕੇ ਸੁਕਾਓ।

ਹੁਣ, ਬੁਰਸ਼ ਜਾਂ ਆਪਣੀਆਂ ਉਂਗਲਾਂ ਦੀ ਵਰਤੋਂ ਕਰਕੇ, ਇਸ ਪੈਕ ਨੂੰ ਉੱਪਰ ਵੱਲ ਸਟਰੋਕ ਕਰਦੇ ਹੋਏ ਆਪਣੇ ਚਿਹਰੇ ਅਤੇ ਗਰਦਨ 'ਤੇ ਬਰਾਬਰ ਲਗਾਓ।

ਇਸ ਪੈਕ ਨੂੰ ਆਪਣੇ ਚਿਹਰੇ 'ਤੇ 15 ਤੋਂ 20 ਮਿੰਟ ਲਈ ਛੱਡ ਦਿਓ। ਜਦੋਂ ਇਹ ਥੋੜ੍ਹਾ ਜਿਹਾ ਸੁੱਕਣਾ ਸ਼ੁਰੂ ਹੋ ਜਾਵੇ ਅਤੇ ਤੁਹਾਡੀ ਚਮੜੀ ਵਿਚ ਖਿਚਾਅ ਮਹਿਸੂਸ ਹੋਵੇ, ਤਾਂ ਇਸ ਨੂੰ ਠੰਢੇ ਪਾਣੀ ਨਾਲ ਧੋ ਲਵੋ।

ਗੁਰਪ੍ਰੀਤ ਕੌਰ ਦਿਓ



# ਬੰਦ ਦਰਵਾਜ਼ਿਆਂ ਪਿੱਛੇ ਔਰਤ ਦੀ ਕਹਾਣੀ

ਭੋਪਾਲ ਵਿੱਚ ਹਾਲ ਹੀ ਵਿੱਚ ਇੱਕ ਮੁਟਿਆਰ ਦੀ ਦਰਦਨਾਕ ਮੌਤ ਨੇ ਘਰੇਲੂ ਹਿੰਸਾ, ਦਾਜ ਦੀ ਮੰਗ ਲਈ ਪਰੇਸ਼ਾਨ ਕੀਤੇ ਜਾਣ ਅਤੇ ਔਰਤਾਂ ਦੇ ਘਰਾਂ ਵਿੱਚ ਚੁੱਪ-ਚੁਪੀਤੇ ਦੁੱਖ ਸਹਿਣ ਦੇ ਮੁੱਦੇ ਨੂੰ ਫਿਰ ਤੋਂ ਚਰਚਾ ਵਿੱਚ ਲੈ ਆਂਦਾ ਹੈ। ਅਜਿਹੀਆਂ ਘਟਨਾਵਾਂ ਥੋੜ੍ਹੇ ਸਮੇਂ ਲਈ ਸੁਰਖ਼ੀਆਂ ਵਿੱਚ ਰਹਿੰਦੀਆਂ ਹਨ, ਪਰ ਕੁਝ ਸਮੇਂ ਬਾਅਦ ਲੋਕਾਂ ਦਾ ਧਿਆਨ ਕਿਸੇ ਹੋਰ ਪਾਸੇ ਚਲਿਆ ਜਾਂਦਾ ਹੈ। ਫਿਰ ਵੀ ਇਨ੍ਹਾਂ ਸੁਰਖ਼ੀਆਂ ਪਿਛਲੀ ਅਸਲੀਅਤ ਬਦਲਦੀ ਨਹੀਂ ਅਤੇ ਲੱਖਾਂ ਔਰਤਾਂ ਲਈ ਘਰ ਅੱਜ ਵੀ ਸਭ ਤੋਂ ਅਸੁਰੱਖਿਅਤ ਥਾਵਾਂ ਵਿੱਚੋਂ ਇੱਕ ਹੈ।

ਸੰਵਿਧਾਨਕ ਗਾਰੰਟੀ ਅਤੇ ਔਰਤਾਂ ਦੀ ਸੁਰੱਖਿਆ ਲਈ ਬਣੇ ਕਈ ਤਰ੍ਹਾਂ ਦੇ ਕਾਨੂੰਨਾਂ ਦੇ ਬਾਵਜੂਦ ਔਰਤਾਂ ਖ਼ਿਲਾਫ਼ ਹਿੰਸਾ ਭਾਰਤ ਦੀਆਂ ਲਗਾਤਾਰ ਬਣੀਆਂ ਰਹਿਣ ਵਾਲੀਆਂ ਸਮਾਜਿਕ ਚੁਣੌਤੀਆਂ ਵਿੱਚੋਂ ਇੱਕ ਹੈ। ਵਰਲਡ ਇਕੋਨੌਮਿਕ ਫੋਰਮ ਦੀ ਗਲੋਬਲ ਜੈਂਡਰ ਗੈਪ ਰਿਪੋਰਟ 2025 ਵਿੱਚ ਭਾਰਤ 148 ਦੇਸ਼ਾਂ ਵਿੱਚੋਂ 131ਵੇਂ ਸਥਾਨ 'ਤੇ ਰਿਹਾ ਹੈ, ਜੋ ਕਿ ਰੋਜ਼ਾਨਾ ਜ਼ਿੰਦਗੀ ਵਿੱਚ ਔਰਤਾਂ ਵੱਲੋਂ ਲਗਾਤਾਰ ਸਹਿਣ ਕੀਤੀਆਂ ਜਾ ਰਹੀਆਂ ਅਸਮਾਨਤਾਵਾਂ ਨੂੰ ਦਰਸਾਉਂਦਾ ਹੈ। ਜਿਵੇਂ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ, ਜਸਟਿਸ ਕੇ ਕੰਨਨ ਨੇ ਇੱਕ ਵਾਰ ਕਿਹਾ ਸੀ, "ਔਰਤਾਂ ਖ਼ ਿਲਾਫ਼ ਹਿੰਸਾ ਨੂੰ ਸਿਰਫ਼ ਕਾਨੂੰਨ ਬਣਾ ਕੇ ਖ਼ਤਮ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਦੀਆਂ ਜੜ੍ਹਾਂ ਸਦੀਆਂ ਤੋਂ ਬਣੇ ਸਮਾਜਿਕ ਵਤੀਰੇ ਅਤੇ ਸੱਭਿਆਚਾਰਕ ਰੀਤੀ-ਰਿਵਾਜਾਂ ਵਿੱਚ ਡੂੰਘੀਆਂ ਧਸੀਆਂ ਹੋਈਆਂ ਹਨ।" ਘਰੇਲੂ ਹਿੰਸਾ ਸ਼ਾਇਦ ਇਸ ਸਮੱਸਿਆ ਦਾ ਸਭ ਤੋਂ ਵੱਧ ਫੈਲਿਆ ਹੋਇਆ, ਪਰ ਸਭ ਤੋਂ ਘੱਟ ਦਿਖਾਈ ਦੇਣ ਵਾਲਾ ਰੂਪ ਹੈ। ਨੈਸ਼ਨਲ ਕ੍ਰਾਈਮ ਰਿਕਾਰਡਜ਼ ਬਿਊਰੋ (ਐੱਨ ਸੀ ਆਰ ਬੀ) ਅਨੁਸਾਰ, ਸਾਲ 2024 ਵਿੱਚ ਪੂਰੇ ਭਾਰਤ ਵਿੱਚ ਪਤੀ ਜਾਂ ਰਿਸ਼ਤੇਦਾਰਾਂ ਦੁਆਰਾ ਕਰੂਰਤਾ ਦੇ 1,20,227 ਮਾਮਲੇ ਦਰਜ ਕੀਤੇ ਗਏ ਸਨ, ਜੋ ਔਰਤਾਂ ਖ਼ਿਲਾਫ਼ ਹੋਣ ਵਾਲੇ ਸਾਰੇ ਅਪਰਾਧਾਂ ਦਾ ਲਗਭਗ 42 ਫ਼ੀਸਦੀ ਹਿੱਸਾ ਹਨ। ਇਹ ਅੰਕੜੇ ਚਿੰਤਾਜਨਕ ਹਨ, ਪਰ ਇਹ ਕਹਾਣੀ ਦਾ ਸਿਰਫ਼ ਕੁਝ ਹਿੱਸਾ ਹੀ ਬਿਆਨ ਕਰਦੇ ਹਨ।

ਘਰੇਲੂ ਹਿੰਸਾ ਪੂਰੀ ਦੁਨੀਆ ਵਿੱਚ ਸਭ ਤੋਂ ਘੱਟ ਰਿਪੋਰਟ ਹੋਣ ਵਾਲੇ ਅਪਰਾਧਾਂ ਵਿੱਚੋਂ ਇੱਕ ਹੈ। ਨਵੇਂ ਨੈਸ਼ਨਲ ਫੈਮਿਲੀ ਹੈਲਥ ਸਰਵੇ (ਐੱਨ ਐੱਫ ਐੱਚ ਐੱਸ-6) ਮੁਤਾਬਿਕ ਭਾਰਤ ਵਿੱਚ ਲਗਭਗ ਹਰ ਪੰਜ ਵਿੱਚੋਂ ਇੱਕ ਵਿਆਹੀ ਔਰਤ ਨੇ ਆਪਣੇ ਪਤੀ ਵੱਲੋਂ ਕੁੱਟਮਾਰ ਜਾਂ ਮਾਨਸਿਕ ਪਰੇਸ਼ਾਨੀ ਦਾ ਸਾਹਮਣਾ ਕੀਤਾ ਹੈ। ਇਸ ਦੇ ਬਾਵਜੂਦ ਬਹੁਤ ਘੱਟ ਔਰਤਾਂ ਨੇ ਪੁਲੀਸ, ਕਾਨੂੰਨ ਜਾਂ ਕਿਸੇ ਸੰਸਥਾ ਕੋਲ ਜਾ ਕੇ ਮਦਦ ਮੰਗੀ। ਜ਼ਿਆਦਾਤਰ ਔਰਤਾਂ ਨੇ ਜਾਂ ਤਾਂ ਆਪਣੇ ਰਿਸ਼ਤੇਦਾਰਾਂ ਨੂੰ ਹਾਲ ਸੁਣਾਇਆ ਜਾਂ ਫਿਰ ਚੁੱਪ-ਚਾਪ ਸਭ ਕੁਝ ਬਰਦਾਸ਼ਤ ਕਰਦੀਆਂ ਰਹੀਆਂ। ਵਿਸ਼ਵ ਸਿਹਤ ਸੰਗਠਨ (ਡਬਲਿਊ ਐੱਚ ਓ) ਨੇ ਔਰਤਾਂ ਵਿਰੁੱਧ ਹਿੰਸਾ ਨੂੰ ਇੱਕ 'ਲੁਕੀ ਹੋਈ ਮਹਾਮਾਰੀ' ਵਜੋਂ ਉਚਿਤ ਰੂਪ ਵਿੱਚ ਬਿਆਨ ਕੀਤਾ ਹੈ, ਜੋ ਕਿ ਸਮਾਜਿਕ ਬਦਨਾਮੀ, ਆਰਥਿਕ ਨਿਰਭਰਤਾ, ਜਵਾਬੀ ਬਦਲੇ ਦੇ ਡਰ ਅਤੇ ਨਾਕਾਫ਼ੀ ਸਹਾਇਤਾ ਪ੍ਰਣਾਲੀਆਂ ਕਾਰਨ ਲਗਾਤਾਰ ਮੌਜੂਦ ਹੈ।

ਪੰਜਾਬ ਵੀ ਇਸ ਮਾਮਲੇ ਵਿੱਚ ਕੋਈ ਵੱਖਰਾ ਨਹੀਂ ਹੈ। ਹਾਲਾਂਕਿ ਐੱਨ ਸੀ ਆਰ ਬੀ ਦੇ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਵਿੱਚ ਘਰੇਲੂ ਹਿੰਸਾ ਨਾਲ ਸਬੰਧਿਤ ਅਪਰਾਧਾਂ ਦੀ ਦਰ ਹਰਿਆਣਾ, ਰਾਜਸਥਾਨ, ਦਿੱਲੀ ਅਤੇ ਚੰਡੀਗੜ੍ਹ ਸਮੇਤ ਕਈ ਗੁਆਂਢੀ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨਾਲੋਂ ਘੱਟ ਹੈ, ਪਰ ਇਸ ਦਾ ਬਾਰੀਕੀ ਨਾਲ ਨਿਰੀਖਣ ਕਰਨ 'ਤੇ ਪਤਾ ਲੱਗਦਾ ਹੈ ਕਿ ਅਪਰਾਧ ਦੇ ਘੱਟ ਅੰਕੜਿਆਂ ਦਾ ਮਤਲਬ ਲਾਜ਼ਮੀ ਤੌਰ 'ਤੇ ਇਹ ਨਹੀਂ ਹੈ ਕਿ ਉੱਥੇ ਅੱਤਿਆਚਾਰ ਜਾਂ ਸ਼ੋਸ਼ਣ ਦਾ ਪੱਧਰ ਵੀ ਘੱਟ ਹੈ।

ਸਾਲ 2024 ਵਿੱਚ ਪੰਜਾਬ ਪੁਲੀਸ ਦੇ ਐਮਰਜੈਂਸੀ ਰਿਸਪੌਂਸ ਸਪੋਰਟ ਸਿਸਟਮ (112) ਨੂੰ ਘਰੇਲੂ ਹਿੰਸਾ ਨਾਲ ਸਬੰਧਿਤ 59,922 ਸ਼ਿਕਾਇਤਾਂ ਮਿਲੀਆਂ। ਇਸੇ ਸਮੇਂ ਦੌਰਾਨ ਪਤੀ ਜਾਂ ਰਿਸ਼ਤੇਦਾਰਾਂ ਦੁਆਰਾ ਕੀਤੀ ਜਾਂਦੀ ਕਰੂਰਤਾ ਨਾਲ ਸਬੰਧਿਤ ਧਾਰਾਵਾਂ ਤਹਿਤ ਸਿਰਫ਼ 1,642 ਐੱਫ ਆਈ ਆਰਜ਼ ਹੀ ਦਰਜ ਕੀਤੀਆਂ ਗਈਆਂ। ਮਦਦ ਲਈ ਆਈਆਂ ਫੋਨ ਕਾਲਾਂ ਅਤੇ ਅਪਰਾਧਿਕ ਮਾਮਲਿਆਂ ਵਿਚਕਾਰ ਇਹ ਵੱਡਾ ਫ਼ਰਕ ਇੱਕ ਗੰਭੀਰ ਸਚਾਈ ਨੂੰ ਉਜਾਗਰ ਕਰਦਾ ਹੈ: ਜ਼ੁਲਮ ਦਾ ਸਾਹਮਣਾ ਕਰਨ ਵਾਲੀਆਂ ਜ਼ਿਆਦਾਤਰ ਔਰਤਾਂ ਰਸਮੀ ਅਪਰਾਧਿਕ ਨਿਆਂ ਪ੍ਰਣਾਲੀ ਤੱਕ ਪਹੁੰਚਦੀਆਂ ਹੀ ਨਹੀਂ। ਇਸ ਦੇ ਕਾਰਨਾਂ ਨੂੰ ਸਮਝਣਾ ਬਹੁਤਾ ਮੁਸ਼ਕਿਲ ਨਹੀਂ ਹੈ। ਘਰੇਲੂ ਹਿੰਸਾ ਦਾ ਸਾਹਮਣਾ ਕਰ ਰਹੀ ਔਰਤ ਨੂੰ ਅਕਸਰ ਇੱਕੋ ਸਮੇਂ ਕਈ ਸੰਸਥਾਵਾਂ ਦੇ ਚੱਕਰ ਕੱਟਣੇ ਪੈਂਦੇ ਹਨ ਜਿਵੇਂ ਕਿ ਥਾਣਾ, ਹਸਪਤਾਲ, ਅਦਾਲਤਾਂ, ਕਾਨੂੰਨੀ ਸਹਾਇਤਾ ਅਥਾਰਿਟੀਆਂ ਅਤੇ ਭਲਾਈ ਵਿਭਾਗ। ਪਹਿਲਾਂ ਹੀ ਮਾਨਸਿਕ ਤੌਰ 'ਤੇ ਟੁੱਟ ਚੁੱਕੇ ਕਿਸੇ ਵਿਅਕਤੀ ਨੂੰ ਵੱਖ-ਵੱਖ ਹਿੱਸਿਆਂ ਵਿੱਚ ਵੰਡਿਆ ਹੋਇਆ ਇਹ ਸਿਸਟਮ ਬਹੁਤ ਡਰਾਉਣ ਵਾਲਾ ਅਤੇ ਪਹੁੰਚ ਤੋਂ ਬਾਹਰ ਲੱਗ ਸਕਦਾ ਹੈ। ਬਹੁਤ ਸਾਰੀਆਂ ਔਰਤਾਂ ਨੂੰ ਸਮਾਜਿਕ ਬਦਨਾਮੀ, ਆਰਥਿਕ ਅਸੁਰੱਖਿਆ ਜਾਂ ਪਰਿਵਾਰਕ ਮੈਂਬਰਾਂ ਵੱਲੋਂ ਬਦਲਾ ਲਏ ਜਾਣ ਦਾ ਡਰ ਹੁੰਦਾ ਹੈ। ਨਤੀਜੇ ਵਜੋਂ ਇਹ ਹਿੰਸਾ ਅਕਸਰ ਬਿਨਾਂ ਕਿਸੇ ਰੋਕ-ਟੋਕ ਦੇ ਉਦੋਂ ਤੱਕ ਚੱਲਦੀ ਰਹਿੰਦੀ ਹੈ, ਜਦੋਂ ਤੱਕ ਇਹ ਕਿਸੇ ਗੰਭੀਰ ਸੱਟ, ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਜਾਂ ਫਿਰ ਕਤਲ ਦਾ ਰੂਪ ਧਾਰਨ ਨਹੀਂ ਕਰ ਲੈਂਦੀ। ਇਸ ਦੇ ਮਾੜੇ ਨਤੀਜੇ ਸਿਰਫ਼ ਪੀੜਤ ਔਰਤ ਤੱਕ ਹੀ ਸੀਮਤ ਨਹੀਂ ਰਹਿੰਦੇ। ਘਰੇਲੂ ਹਿੰਸਾ ਬੱਚਿਆਂ 'ਤੇ ਬੁਰਾ ਅਸਰ ਪਾਉਂਦੀ ਹੈ, ਮਾਨਸਿਕ ਸਿਹਤ ਨੂੰ ਖ਼ਰਾਬ ਕਰਦੀ ਹੈ, ਨਸ਼ਾਖੋਰੀ ਦੇ ਖ਼ਤਰੇ ਨੂੰ ਵਧਾਉਂਦੀ ਹੈ ਅਤੇ ਸਮਾਜ ਵਿੱਚ ਹੋਰ ਕਈ ਤਰ੍ਹਾਂ ਦੀਆਂ ਸਮਾਜਿਕ ਤੇ ਕਾਨੂੰਨ-ਵਿਵਸਥਾ ਨਾਲ ਜੁੜੀਆਂ ਚੁਣੌਤੀਆਂ ਖੜ੍ਹੀਆਂ ਕਰਦੀ ਹੈ। ਇਸ ਲਈ ਇਸ ਸਮੱਸਿਆ ਨੂੰ ਹੱਲ ਕਰਨਾ ਸਿਰਫ਼ ਅਪਰਾਧਿਕ ਨਿਆਂ ਦਾ ਮਾਮਲਾ ਹੀ ਨਹੀਂ ਸਗੋਂ ਇਹ ਲੋਕਾਂ ਦੀ ਸਿਹਤ ਅਤੇ ਸਮਾਜਿਕ ਭਲਾਈ ਨਾਲ ਜੁੜਿਆ ਇੱਕ ਗੰਭੀਰ ਮਸਲਾ ਵੀ ਹੈ।





ਮਾਸਿਕ ਚੜ੍ਹਦੀਕਲਾ ਪਟਿਆਲਾ

ਇਸ ਫ਼ਰਕ ਨੂੰ ਪਛਾਣਦਿਆਂ ਪੰਜਾਬ ਨੇ ਇੱਕ ਨਵੀਂ ਅਤੇ ਨਿਵੇਕਲੀ ਪਹਿਲਕਦਮੀ ਸ਼ੁਰੂ ਕੀਤੀ ਹੈ: 'ਸਾਂਝ ਰਾਹਤ ਕੇਂਦਰ' (ਐੱਸ ਆਰ ਕੇ)। ਪੰਜਾਬ ਪੁਲੀਸ, ਸਿਹਤ ਵਿਭਾਗ ਅਤੇ ਇੰਦੌਰ ਦੀ ਇੱਕ ਗ਼ੈਰ-ਸਰਕਾਰੀ ਸੰਸਥਾ (ਐੱਨ ਜੀ ਓ) 'ਨਵੀਂ ਸ਼ੁਰੂਆਤ' ਦੇ ਆਪਸੀ ਸਹਿਯੋਗ ਨਾਲ ਬਣਾਏ ਗਏ ਇਨ੍ਹਾਂ ਕੇਂਦਰਾਂ ਦਾ ਮਕਸਦ ਘਰੇਲੂ ਹਿੰਸਾ ਦੀਆਂ ਪੀੜਤਾਂ ਨੂੰ ਇੱਕੋ ਛੱਤ ਹੇਠ ਸੰਗਠਿਤ ਸਹਾਇਤਾ ਪ੍ਰਦਾਨ ਕਰਨਾ ਹੈ। ਇਹ ਮੁਹਿੰਮ ਇੰਦੌਰ ਵਿੱਚ ਸਫ਼ਲਤਾਪੂਰਵਕ ਚੱਲ ਰਹੇ 'ਰਾਹਤ ਕੇਂਦਰ' ਮਾਡਲ 'ਤੇ ਆਧਾਰਿਤ ਹੈ ਅਤੇ ਪੁਲੀਸ ਦੀ ਸਰਗਰਮ ਭਾਗੀਦਾਰੀ ਤੇ ਸਰਕਾਰੀ ਸਹਾਇਤਾ ਰਾਹੀਂ ਇਸ ਨੂੰ ਪੰਜਾਬ ਦੀਆਂ ਲੋੜਾਂ ਮੁਤਾਬਿਕ ਢਾਲਿਆ ਗਿਆ ਹੈ।

ਪਹਿਲੀ ਫਰੰਟਲਾਈਨ:

ਪਹਿਲਾ 'ਸਾਂਝ ਰਾਹਤ ਕੇਂਦਰ' ਸਤੰਬਰ 2024 ਵਿੱਚ ਐੱਸ.ਏ.ਐੱਸ. ਨਗਰ (ਮੁਹਾਲੀ) ਵਿੱਚ ਸ਼ੁਰੂ ਕੀਤਾ ਗਿਆ ਸੀ। ਉਸ ਤੋਂ ਇਸ ਦਾ ਵਿਸਥਾਰ ਫ਼ਤਹਿਗੜ੍ਹ ਸਾਹਿਬ, ਲੁਧਿਆਣਾ ਅਤੇ ਜਲੰਧਰ ਤੱਕ ਕਰ ਦਿੱਤਾ ਗਿਆ ਹੈ। ਇਨ੍ਹਾਂ ਦੀ ਰੂਪ-ਰੇਖਾ ਭਾਵੇਂ ਸਾਦੀ ਹੈ, ਪਰ ਰਣਨੀਤਕ ਤੌਰ 'ਤੇ ਬਹੁਤ ਅਹਿਮ ਹੈ। ਮਨੋਵਿਗਿਆਨ ਵਿੱਚ ਪੋਸਟ-ਗ੍ਰੈਜੂਏਟ ਡਿਗਰੀਆਂ ਵਾਲੇ ਸਿਖਲਾਈ ਪ੍ਰਾਪਤ ਕਾਊਂਸਲਰਾਂ ਨੂੰ ਸਰਕਾਰੀ ਹਸਪਤਾਲਾਂ 'ਚ ਤਾਇਨਾਤ ਕੀਤਾ ਗਿਆ ਹੈ। ਇਹ ਸਥਾਨ ਬਹੁਤ ਮਹੱਤਵਪੂਰਨ ਹੈ ਕਿਉਂਕਿ ਸਰੀਰਕ ਸੱਟਾਂ ਜਾਂ ਭਾਵਨਾਤਮਕ ਸਦਮੇ ਦਾ ਸਾਹਮਣਾ ਕਰ ਰਹੀਆਂ ਔਰਤਾਂ ਲਈ ਹਸਪਤਾਲ ਅਕਸਰ ਸੰਪਰਕ ਦਾ ਪਹਿਲਾ ਕੇਂਦਰ ਹੁੰਦੇ ਹਨ। ਕੌਮਾਂਤਰੀ ਖੋਜਾਂ ਲਗਾਤਾਰ ਇਹ ਦਰਸਾਉਂਦੀਆਂ ਹਨ ਕਿ ਘਰੇਲੂ ਹਿੰਸਾ ਦੀਆਂ ਪੀੜਤ ਔਰਤਾਂ ਅਕਸਰ ਪੁਲੀਸ ਕੋਲ ਜਾਣ ਤੋਂ ਬਹੁਤ ਪਹਿਲਾਂ ਡਾਕਟਰੀ ਸਹਾਇਤਾ ਲਈ ਹਸਪਤਾਲ ਪਹੁੰਚਦੀਆਂ ਹਨ। ਇਸ ਲਈ ਹਸਪਤਾਲ ਅਜਿਹੀ ਹਿੰਸਾ ਦੀ ਸ਼ੁਰੂਆਤ ਵਿੱਚ ਹੀ ਪਛਾਣ ਕਰਨ, ਮਦਦ ਪਹੁੰਚਾਉਣ ਅਤੇ ਅੱਗੇ ਸਹੀ ਅਦਾਰੇ ਕੋਲ ਭੇਜਣ ਦਾ ਵਧੀਆ ਮੌਕਾ ਪ੍ਰਦਾਨ ਕਰਦੇ ਹਨ। ਇਨ੍ਹਾਂ 'ਸਾਂਝ ਰਾਹਤ ਕੇਂਦਰਾਂ' ਤੋਂ ਸਾਹਮਣੇ ਆ ਰਹੇ ਨਤੀਜੇ ਕਾਫ਼ੀ ਹੈਰਾਨੀਜਨਕ ਹਨ। ਇਨ੍ਹਾਂ ਚਾਰ ਕੇਂਦਰਾਂ ਵਿੱਚ ਜਾਂਚ ਕੀਤੀਆਂ ਗਈਆਂ 1,656 ਔਰਤਾਂ ਵਿੱਚੋਂ 1,069 ਔਰਤਾਂ ਘਰੇਲੂ ਹਿੰਸਾ ਦੀਆਂ ਪੀੜਤ ਪਾਈਆਂ ਗਈਆਂ, ਜੋ ਕਿ ਜਾਂਚੀਆਂ ਗਈਆਂ ਕੁੱਲ ਔਰਤਾਂ ਦਾ ਲਗਭਗ ਦੋ-ਤਿਹਾਈ ਹਿੱਸਾ ਹੈ। ਇਹ ਖੋਜ ਇਕੱਲੀ ਹੀ ਉਸ ਲੁਕਵੀਂ ਹਿੰਸਾ ਦੇ ਪੱਧਰ ਨੂੰ ਸਾਬਿਤ ਕਰਦੀ ਹੈ, ਜੋ ਰਵਾਇਤੀ ਰਿਪੋਰਟਿੰਗ ਪ੍ਰਣਾਲੀਆਂ ਵਿੱਚ ਨਹੀਂ ਦਿਸਦੀ। ਇਹ ਅੰਕੜੇ ਜ਼ੁਲਮ ਦੇ ਮਾਨਸਿਕ ਅਸਰ ਨੂੰ ਵੀ ਉਜਾਗਰ ਕਰਦੇ ਹਨ। ਸਾਂਝ ਰਾਹਤ ਕੇਂਦਰਾਂ ਰਾਹੀਂ ਸਾਹਮਣੇ ਆਈਆਂ ਘਰੇਲੂ ਹਿੰਸਾ ਦੀਆਂ ਪੀੜਤਾਂ ਵਿੱਚੋਂ ਲਗਭਗ 15 ਫ਼ੀਸਦੀ ਔਰਤਾਂ ਨੂੰ ਜ਼ਹਿਰ ਖਾਣ ਦੇ ਮਾਮਲਿਆਂ ਵਜੋਂ ਹਸਪਤਾਲ ਦਾਖਲ ਕਰਵਾਇਆ ਗਿਆ ਸੀ, ਜੋ ਲੰਮੇ ਸਮੇਂ ਦੇ ਮਾਨਸਿਕ ਤਣਾਅ ਦੇ ਨਤੀਜੇ ਵਜੋਂ ਖ਼ੁਦ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਸੀ। ਲਗਭਗ 70 ਫ਼ੀਸਦੀ ਮਾਮਲਿਆਂ ਵਿੱਚ ਸਰੀਰਕ ਹਮਲੇ ਸ਼ਾਮਿਲ ਸਨ, ਜਿਸ ਵਿੱਚ ਜਿਨਸੀ ਹਿੰਸਾ ਵੀ ਸ਼ਾਮਿਲ ਹੈ। ਇਹ ਅੰਕੜੇ ਰਵਾਇਤੀ ਪੁਲੀਸਿੰਗ ਤੋਂ ਅੱਗੇ ਵਧ ਕੇ ਘਰੇਲੂ ਹਿੰਸਾ ਦੇ ਕੇਸਾਂ ਵਿੱਚ ਫੌਰੀ ਮਦਦ ਪਹੁੰਚਾਉਣ ਦੀ ਲੋੜ 'ਤੇ ਰੋਸ਼ਨੀ ਪਾਉਂਦੇ ਹਨ।

ਸੰਪੂਰਨ ਮੁੜ-ਵਸੇਬਾ:

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਾਂਝ ਰਾਹਤ ਕੇਂਦਰਾਂ ਦਾ ਉਦੇਸ਼ ਮੌਜੂਦਾ ਸੰਸਥਾਵਾਂ ਦੀ ਜਗ ਼ਹਾ ਲੈਣਾ ਨਹੀਂ ਸਗੋਂ ਉਨ੍ਹਾਂ ਸਾਰੀਆਂ ਨੂੰ ਆਪਸ ਵਿੱਚ ਜੋੜਨਾ ਹੈ। ਇਹ ਕੇਂਦਰ ਪੀੜਤਾਂ ਨੂੰ ਕਾਊਂਸਲਿੰਗ, ਕਾਨੂੰਨੀ ਮਾਰਗਦਰਸ਼ਨ, ਡਾਕਟਰੀ ਸਹਾਇਤਾ, ਪੁਲੀਸ ਸਟੇਸ਼ਨਾਂ ਲਈ ਰੈਫਰਲ, ਸ਼ੈਲਟਰ ਸੇਵਾਵਾਂ ਅਤੇ ਸਰਕਾਰੀ ਭਲਾਈ ਪ੍ਰੋਗਰਾਮਾਂ ਨਾਲ ਜੋੜਨ ਦਾ ਕੰਮ ਕਰਦੇ ਹਨ। ਇਨ੍ਹਾਂ ਕੇਂਦਰਾਂ ਦੀ ਅਸਲ ਅਹਿਮੀਅਤ ਇਹ ਹੈ ਕਿ ਇਹ ਮੁਸ਼ਕਿਲ ਦੇ ਸਮੇਂ ਪੀੜਤਾਂ ਨੂੰ ਇੱਕੋ ਛੱਤ ਹੇਠ ਆਸਾਨੀ ਨਾਲ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਦੇ ਹਨ। ਇਸ ਦੇ ਨਾਲ ਹੀ ਇਨ੍ਹਾਂ ਦੀ ਘਰੇਲੂ ਹਿੰਸਾ ਰੋਕਥਾਮ ਵਾਲੀ ਭੂਮਿਕਾ ਵੀ ਓਨੀ ਹੀ ਮਹੱਤਵਪੂਰਨ ਹੈ। ਇਸ ਪ੍ਰੋਗਰਾਮ ਦਾ ਮਕਸਦ ਅੱਲ੍ਹੜ ਉਮਰ ਦੀਆਂ ਕੁੜੀਆਂ, ਔਰਤਾਂ ਅਤੇ ਸਮਾਜਿਕ ਸਮੂਹਾਂ ਵਿੱਚ ਅੱਤਿਆਚਾਰ ਦੀ ਪਛਾਣ ਕਰਨ ਤੇ ਉਸ ਦੀ ਰਿਪੋਰਟ ਕਰਨ ਬਾਰੇ ਜਾਗਰੂਕਤਾ ਵਧਾਉਣਾ ਹੈ। ਪੁਲੀਸ ਮੁਲਾਜ਼ਮਾਂ, ਡਾਕਟਰਾਂ, ਨਰਸਾਂ ਅਤੇ ਹਸਪਤਾਲ ਦੇ ਸਟਾਫ਼ ਲਈ ਵਿਸ਼ੇਸ਼ ਸਿਖਲਾਈ ਦਾ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਸਰਕਾਰੀ ਪ੍ਰਣਾਲੀ ਨੂੰ ਇਸ ਪ੍ਰਤੀ ਸੰਵੇਦਨਸ਼ੀਲ ਅਤੇ ਮਦਦ ਦੇ ਤਰੀਕਿਆਂ ਨੂੰ ਬਿਹਤਰ ਬਣਾਇਆ ਜਾ ਸਕੇ। ਭਵਿੱਖ ਦੀਆਂ ਯੋਜਨਾਵਾਂ ਵਿੱਚ ਪੀੜਤ ਔਰਤਾਂ ਨੂੰ ਹੁਨਰ ਵਿਕਾਸ ਅਤੇ ਰੁਜ਼ਗਾਰ ਦੇ ਮੌਕਿਆਂ ਨਾਲ ਜੋੜਨਾ ਸ਼ਾਮਿਲ ਹੈ ਤਾਂ ਜੋ ਉਹ ਆਰਥਿਕ ਤੌਰ 'ਤੇ ਆਤਮ-ਨਿਰਭਰ ਹੋ ਸਕਣ ਕਿਉਂਕਿ ਆਰਥਿਕ ਆਜ਼ਾਦੀ ਜ਼ੁਲਮ ਭਰੇ ਰਿਸ਼ਤਿਆਂ ਵਿੱਚੋਂ ਬਾਹਰ ਨਿਕਲਣ ਲਈ ਅਕਸਰ ਸਭ ਤੋਂ ਵੱਡਾ ਆਧਾਰ ਹੁੰਦੀ ਹੈ। ਘਰੇਲੂ ਹਿੰਸਾ ਦੀ ਸਮੱਸਿਆ ਨੂੰ ਸਿਰਫ਼ ਗ੍ਰਿਫ਼ਤਾਰੀਆਂ ਅਤੇ ਅਦਾਲਤੀ ਕਾਰਵਾਈਆਂ ਰਾਹੀਂ ਹੱਲ ਨਹੀਂ ਕੀਤਾ ਜਾ ਸਕਦਾ। ਹਾਲਾਂਕਿ, ਕਾਨੂੰਨੀ ਕਾਰਵਾਈ ਬਹੁਤ ਜ਼ਰੂਰੀ ਹੈ, ਪਰ ਇਸ ਦੇ ਨਾਲ ਹੀ ਪੀੜਤਾਂ ਨੂੰ ਭਾਵਨਾਤਮਕ ਮਦਦ, ਕਾਊਂਸਲਿੰਗ, ਮੁੜ-ਵਸੇਬੇ ਅਤੇ ਆਤਮ-ਨਿਰਭਰ ਬਣਨ ਦੇ ਰਸਤਿਆਂ ਦੀ ਵੀ ਲੋੜ ਹੁੰਦੀ ਹੈ। 'ਸਾਂਝ ਰਾਹਤ ਕੇਂਦਰ' ਅਜਿਹੀ ਵਿਆਪਕ ਸਹਾਇਤਾ ਪ੍ਰਣਾਲੀ ਤਿਆਰ ਕਰਨ ਵੱਲ ਇੱਕ ਅਹਿਮ ਕਦਮ ਹੈ।

> *ਕੌਮਾਂਤਰੀ ਖੋਜਾਂ ਲਗਾਤਾਰ ਇਹ ਦਰਸਾਉਂਦੀਆਂ ਹਨ ਕਿ ਘਰੇਲੂ ਹਿੰਸਾ ਦੀਆਂ ਪੀੜਤ ਔਰਤਾਂ ਅਕਸਰ ਪੁਲੀਸ ਕੋਲ ਜਾਣ ਤੋਂ ਬਹੁਤ ਪਹਿਲਾਂ ਡਾਕਟਰੀ ਸਹਾਇਤਾ ਲਈ ਹਸਪਤਾਲ ਪਹੁੰਚਦੀਆਂ ਹਨ। ਇਸ ਲਈ ਹਸਪਤਾਲ ਅਜਿਹੀ ਹਿੰਸਾ ਦੀ ਸ਼ੁਰੂਆਤ ਵਿੱਚ ਹੀ ਪਛਾਣ ਕਰਨ, ਮਦਦ ਪਹੁੰਚਾਉਣ ਅਤੇ ਅੱਗੇ ਸਹੀ ਅਦਾਰੇ ਕੋਲ ਭੇਜਣ ਦਾ ਵਧੀਆ ਮੌਕਾ ਪ੍ਰਦਾਨ ਕਰਦੇ ਹਨ।*

ਜੇਕਰ ਇਨ੍ਹਾਂ ਕੇਂਦਰਾਂ ਨੂੰ ਪੂਰੇ ਸਾਧਨ ਮਿਲਣ ਅਤੇ ਇਨ੍ਹਾਂ ਦਾ ਪੂਰੇ ਪੰਜਾਬ ਵਿੱਚ ਵਿਸਥਾਰ ਕੀਤਾ ਜਾਵੇ ਤਾਂ ਇਹ ਬਾਕੀ ਭਾਰਤ ਲਈ ਸਰਕਾਰ ਅਤੇ ਸਮਾਜਿਕ ਸੰਸਥਾਵਾਂ ਦੀ ਆਪਸੀ ਭਾਗੀਦਾਰੀ ਦਾ ਇੱਕ ਵਧੀਆ, ਘੱਟ ਲਾਗਤ ਵਾਲਾ ਅਤੇ ਵੱਡੇ ਪੱਧਰ 'ਤੇ ਲਾਗੂ ਹੋਣ ਯੋਗ ਮਾਡਲ ਬਣ ਸਕਦੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਕੇਂਦਰ ਘਰੇਲੂ ਹਿੰਸਾ ਦੀ ਹਰ ਪੀੜਤ ਔਰਤ ਨੂੰ ਉਹ ਸਹਾਇਤਾ ਪ੍ਰਦਾਨ ਕਰਦੇ ਹਨ, ਜਿਸ ਦੀ ਉਸ ਨੂੰ ਸਭ ਤੋਂ ਵੱਧ ਲੋੜ ਹੁੰਦੀ ਹੈ: ਸੁਰੱਖਿਆ, ਸਨਮਾਨ ਅਤੇ ਉਮੀਦ ਵੱਲ ਜਾਣ ਵਾਲਾ ਇੱਕ ਭਰੋਸੇਮੰਦ ਰਾਹ।

ਔਰਤਾਂ ਨੂੰ ਚਾਹੀਦਾ ਹੈ ਕਿ ਉਹ ਕਿਸੇ ਵੀ ਕਿਸਮ ਦੀ ਸਰੀਰਕ ਜਾਂ ਮਾਨਸਿਕ ਹਿੰਸਾ ਨੂੰ ਚੁੱਪਚਾਪ ਬਰਦਾਸ਼ਤ ਨਾ ਕਰਨ ਸਗੋਂ ਮਦਦ ਲਈ ਪੁਲੀਸ, ਕਾਨੂੰਨ ਜਾਂ ਸਾਂਝ ਰਾਹਤ ਕੇਂਦਰਾਂ ਤੱਕ ਪਹੁੰਚ ਕਰਨ। ਮਾਪੇ ਅਤੇ ਪਰਿਵਾਰ ਵੀ ਆਪਣੀਆਂ ਧੀਆਂ ਭੈਣਾਂ ਨੂੰ ਹਿੰਸਕ ਵਰਤਾਰਾ ਖ਼ਾਮੋਸ਼ੀ ਨਾਲ ਬਰਦਾਸ਼ਤ ਕਰਦਿਆਂ 'ਘਰ ਵਸਾਈ ਰੱਖਣ' ਲਈ ਦਬਾਅ ਨਾ ਪਾਉਣ ਸਗੋਂ ਉਨ੍ਹਾਂ ਨੂੰ ਮਾਨਸਿਕ ਤੇ ਆਰਥਿਕ ਪੱਖੋਂ ਮਜ਼ਬੂਤ ਤੇ ਆਤਮ-ਨਿਰਭਰ ਬਣਾਉਣ। ਸਭ ਦੇ ਸਾਂਝੇ ਯਤਨਾਂ ਨਾਲ ਹੀ ਆਬਾਦੀ ਦਾ ਇਹ ਅੱਧਾ ਹਿੱਸਾ ਬਰਾਬਰ ਦੀ ਧਿਰ ਵਜੋਂ ਆਪਣੀ ਆਜ਼ਾਦ ਹੋਂਦ ਤੇ ਹਸਤੀ ਕਾਇਮ ਰੱਖ ਸਕੇਗਾ। ਸਿੱਖਿਆ ਅਤੇ ਆਰਥਿਕ ਆਜ਼ਾਦੀ ਹੀ ਉਹ ਦੋ ਥੰਮ੍ਹ ਹਨ, ਜੋ ਮਹਿਲਾ ਸ਼ਕਤੀਕਰਨ ਦੀ ਬੁਨਿਆਦ ਹਨ। ਹੁਣ ਸਮਾਂ ਆ ਗਿਆ ਹੈ ਜਦੋਂ ਮਾਪੇ ਧੀ ਨੂੰ ਇੱਕ ਸਰਮਾਏ ਵਜੋਂ ਸਵੀਕਾਰ ਕਰਨ ਅਤੇ ਉਸ ਨੂੰ ਸਮਰੱਥ ਬਣਾਉਣ ਕਿਉਂਕਿ ਔਰਤਾਂ ਹੀ ਪਤਨੀ ਅਤੇ ਮਾਂ ਦੇ ਰੂਪ ਵਿੱਚ ਪਰਿਵਾਰ ਨੂੰ ਇੱਕ ਸੂਤਰ ਵਿੱਚ ਪਰੋ ਕੇ ਰੱਖਦੀਆਂ ਅਤੇ ਸਮਾਜਿਕ ਤਾਣੇ-ਬਾਣੇ ਨੂੰ ਅਮੀਰ ਬਣਾਉਂਦੀਆਂ ਹਨ।

ਅਗਸਤ 2026

# ਇਲੈਕਟ੍ਰਿਕ ਵਾਹਨ ਨੂੰ ਚਾਰਜ ਕਰਦੇ ਸਮੇਂ ਇਨ੍ਹਾਂ ਗੱਲਾਂ ਦਾ ਧਿਆਨ ਜ਼ਰੂਰੀ

## ਕਦੇ ਨਹੀਂ ਹੋਵੇਗਾ ਬਲਾਸਟ

ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਇਸ ਸਾਲ ਇਲੈਕਟ੍ਰਿਕ ਵਾਹਨ ਚਾਰਜਿੰਗ ਦੌਰਾਨ ਦੋ ਵੱਡੇ ਹਾਦਸੇ ਹੋਏ ਹਨ। ਦੋਵਾਂ ਮਾਮਲਿਆਂ ਵਿੱਚ ਇਲੈਕਟ੍ਰਿਕ ਸਕੂਟੀ ਵਿੱਚ ਜ਼ੋਰਦਾਰ ਧਮਾਕਾ ਹੋਇਆ। ਤਾਜ਼ਾ ਮਾਮਲਾ ਦਿੱਲੀ ਦੇ ਅਸ਼ੋਕ ਵਿਹਾਰ ਦਾ ਹੈ। ਇੱਥੇ ਇਲੈਕਟ੍ਰਿਕ ਸਕੂਟੀ ਵਿੱਚ ਧਮਾਕਾ ਹੋਣ ਕਾਰਨ ਤਿੰਨ ਸਕੇ ਭਰਾ ਬੁਰੀ ਤਰ੍ਹਾਂ ਝੁਲਸ ਗਏ। ਉਨ੍ਹਾਂ ਨੂੰ ਤੁਰੰਤ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।

**ਇੱਕ ਹੀ ਸਾਲ ਵਿੱਚ ਦੋ ਵੱਡੇ ਹਾਦਸੇ**

ਇੱਕ ਹੀ ਸਾਲ ਵਿੱਚ ਦੋ ਵੱਡੇ ਹਾਦਸੇ ਹੋਣ ਕਾਰਨ ਈਵੀ ਮਾਲਕਾਂ ਦੀ ਚਿੰਤਾ ਵਧ ਗਈ ਹੈ। ਲੋਕ ਸਮਝ ਨਹੀਂ ਪਾ ਰਹੇ ਹਨ ਕਿ ਗੱਡੀਆਂ ਨੂੰ ਸੁਰੱਖਿਅਤ ਤਰੀਕੇ ਨਾਲ ਕਿਵੇਂ ਚਾਰਜ ਕਰਨ। ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਜਾਣਨ ਲਈ ਦਿੱਲੀ ਯੂਨੀਵਰਸਿਟੀ ਦੇ ਫਿਜ਼ਿਕਸ ਡਿਪਾਰਟਮੈਂਟ ਦੇ ਪ੍ਰੋਫੈਸਰ ਅਤੇ ਮਾਹਿਰ ਅਸ਼ੋਕ ਨਾਲ ਗੱਲਬਾਤ ਕੀਤੀ ਗਈ।

ਪ੍ਰੋਫੈਸਰ ਅਸ਼ੋਕ ਨੇ ਦੱਸਿਆ ਕਿ ਜ਼ਿਆਦਾਤਰ ਇਲੈਕਟ੍ਰਿਕ ਵਾਹਨਾਂ ਵਿੱਚ ਲਿਥੀਅਮ-ਆਇਨ (Lithium-ion) ਬੈਟਰੀਆਂ ਦੀ ਵਰਤੋਂ ਹੁੰਦੀ ਹੈ। ਇਨ੍ਹਾਂ ਬੈਟਰੀਆਂ ਦੀ ਵਰਤੋਂ ਵਿੱਚ ਖਾਸ ਸਾਵਧਾਨੀ ਵਰਤਣ ਦੀ ਲੋੜ ਹੁੰਦੀ ਹੈ। ਜੇਕਰ ਤੁਸੀਂ ਸਹੀ ਨਿਯਮਾਂ ਦੀ ਪਾਲਣਾ ਕਰੋਗੇ ਤਾਂ ਗੱਡੀ ਵਿੱਚ ਕਦੇ ਧਮਾਕਾ ਨਹੀਂ ਹੋਵੇਗਾ।



1. ਗੱਡੀ ਠੰਡੀ ਹੋਣ ਤੋਂ ਬਾਅਦ ਹੀ ਚਾਰਜਿੰਗ 'ਤੇ ਲਗਾਓ:

ਲੋਕ ਅਕਸਰ ਬਾਹਰੋਂ ਗੱਡੀ ਚਲਾ ਕੇ ਵਾਪਸ ਆਉਂਦੇ ਹੀ ਉਸਨੂੰ ਤੁਰੰਤ ਚਾਰਜਿੰਗ 'ਤੇ ਲਗਾ ਦਿੰਦੇ ਹਨ। ਇਹ ਬਹੁਤ ਵੱਡੀ ਗਲਤੀ ਹੈ। ਲੰਬੀ ਰਾਈਡ ਤੋਂ ਬਾਅਦ ਗੱਡੀ ਅਤੇ ਬੈਟਰੀ ਦੋਵੇਂ ਕਾਫ਼ੀ ਗਰਮ ਰਹਿੰਦੀਆਂ ਹਨ। ਗਰਮ ਸਥਿਤੀ ਵਿੱਚ ਚਾਰਜਿੰਗ ਸ਼ੁਰੂ ਕਰਨ ਨਾਲ ਧਮਾਕੇ ਦਾ ਖਤਰਾ ਵਧ ਜਾਂਦਾ ਹੈ। ਇਸ ਲਈ ਗੱਡੀ ਚਲਾ ਕੇ ਵਾਪਸ ਆਉਣ ਤੋਂ ਬਾਅਦ ਘੱਟੋ-ਘੱਟ ਅੱਧਾ ਘੰਟਾ ਇੰਤਜ਼ਾਰ ਕਰੋ। ਜਦੋਂ ਗੱਡੀ ਠੰਡੀ ਹੋ ਜਾਵੇ, ਤਾਂ ਹੀ ਚਾਰਜਰ ਲਗਾਓ।

2. ਓਵਰਚਾਰਜਿੰਗ ਤੋਂ ਹਮੇਸ਼ਾ ਬਚੋ:

ਗੱਡੀ ਨੂੰ ਚਾਰਜ 'ਤੇ ਲਗਾ ਕੇ ਭੁੱਲ ਜਾਣ ਦੀ ਆਦਤ ਜਾਨਲੇਵਾ ਸਾਬਤ ਹੋ ਸਕਦੀ ਹੈ। ਲੋੜ ਤੋਂ ਜ਼ਿਆਦਾ ਚਾਰਜ ਕਰਨ 'ਤੇ ਬੈਟਰੀ 'ਤੇ ਦਬਾਅ ਬਣਦਾ ਹੈ। ਇਸ ਨਾਲ ਓਵਰਹੀਟਿੰਗ ਹੁੰਦੀ ਹੈ ਅਤੇ ਧਮਾਕੇ ਦੀ ਸੰਭਾਵਨਾ ਵਧ ਜਾਂਦੀ ਹੈ। ਫੁੱਲ ਚਾਰਜ ਹੁੰਦੇ ਹੀ ਸਵਿੱਚ ਬੰਦ ਕਰ ਦਿਓ।

3. ਖੁੱਲ੍ਹੀ ਅਤੇ ਸਹੀ ਜਗ੍ਹਾ 'ਤੇ ਕਰੋ ਚਾਰਜਿੰਗ:

ਇਲੈਕਟ੍ਰਿਕ ਵਾਹਨ ਨੂੰ ਕਦੇ ਵੀ ਤੇਜ਼ ਧੁੱਪ ਜਾਂ ਭਾਰੀ ਤਾਪਮਾਨ ਵਾਲੀ ਜਗ ਹ਼ਾ 'ਤੇ ਚਾਰਜ ਨਾ ਕਰੋ।

ਈਵੀ ਨੂੰ ਹਮੇਸ਼ਾ ਖੁੱਲ੍ਹੀ ਅਤੇ ਹਵਾਦਾਰ ਜਗ੍ਹਾ 'ਤੇ ਹੀ ਚਾਰਜ ਕਰੋ।

*ਲੋਕ ਅਕਸਰ ਬਾਹਰੋਂ ਗੱਡੀ ਚਲਾ ਕੇ ਵਾਪਸ ਆਉਂਦੇ ਹੀ ਉਸਨੂੰ ਤੁਰੰਤ ਚਾਰਜਿੰਗ 'ਤੇ ਲਗਾ ਦਿੰਦੇ ਹਨ। ਇਹ ਬਹੁਤ ਵੱਡੀ ਗਲਤੀ ਹੈ। ਲੰਬੀ ਰਾਈਡ ਤੋਂ ਬਾਅਦ ਗੱਡੀ ਅਤੇ ਬੈਟਰੀ ਦੋਵੇਂ ਕਾਫ਼ੀ ਗਰਮ ਰਹਿੰਦੀਆਂ ਹਨ। ਗਰਮ ਸਥਿਤੀ ਵਿੱਚ ਚਾਰਜਿੰਗ ਸ਼ੁਰੂ ਕਰਨ ਨਾਲ ਧਮਾਕੇ ਦਾ ਖਤਰਾ ਵਧ ਜਾਂਦਾ ਹੈ।*

ਬਾਰਿਸ਼ ਦੇ ਮੌਸਮ ਵਿੱਚ ਚਾਰਜਿੰਗ ਸਾਕਟ ਅਤੇ ਤਾਰਾਂ ਦੀ ਜਾਂਚ ਕਰੋ। ਗਿੱਲੀ ਜਗ੍ਹਾ ਜਾਂ ਪਾਣੀ ਦੇ ਸੰਪਰਕ ਵਿੱਚ ਆਉਣ ਵਾਲੀਆਂ ਤਾਰਾਂ ਤੋਂ ਚਾਰਜ ਨਾ ਕਰੋ। ਇਸ ਨਾਲ ਸ਼ਾਰਟ ਸਰਕਟ ਹੋ ਸਕਦਾ ਹੈ।

4. ਘਰ ਵਿੱਚ ਚਾਰਜ ਕਰਦੇ ਸਮੇਂ ਬਿਜਲੀ ਦੇ ਲੋਡ ਦਾ ਧਿਆਨ ਰੱਖੋ:

ਘਰ ਵਿੱਚ ਈਵੀ ਚਾਰਜ ਕਰਦੇ ਸਮੇਂ ਵੋਲਟੇਜ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਜਦੋਂ ਗੱਡੀ ਚਾਰਜ ਹੋ ਰਹੀ ਹੋਵੇ, ਤਦ ਘਰ ਦੇ ਹੋਰ ਭਾਰੀ ਇਲੈਕਟ ਰ਼ਾਨਿਕ ਉਪਕਰਨ (ਜਿਵੇਂ ਏਸੀ ਜਾਂ ਹੀਟਰ) ਇੱਕੋ ਸਮੇਂ ਨਾ ਚਲਾਓ।

ਅਜਿਹਾ ਕਰਨ ਨਾਲ ਬਿਜਲੀ ਦੇ ਲੋਡ 'ਤੇ ਅਚਾਨਕ ਅਸਰ ਪੈਂਦਾ ਹੈ। ਇਸ ਨਾਲ ਘਰ ਦੀ ਵਾਇਰਿੰਗ ਵਿੱਚ ਸ਼ਾਰਟ ਸਰਕਟ ਜਾਂ ਧਮਾਕੇ ਦਾ ਖਤਰਾ ਵਧ ਜਾਂਦਾ ਹੈ।

5. ਹਮੇਸ਼ਾ ਓਰਿਜਨਲ ਬੈਟਰੀ ਦੀ ਹੀ ਵਰਤੋਂ ਕਰੋ:

ਜਦੋਂ ਵੀ ਵਾਹਨ ਦੀ ਬੈਟਰੀ ਬਦਲਵਾਉਣ ਦੀ ਲੋੜ ਪਵੇ, ਤਾਂ ਹਮੇਸ਼ਾ ਅਧਿਕਾਰਤ ਕੇਂਦਰ ਤੋਂ ਓਰਿਜਨਲ ਬੈਟਰੀ ਹੀ ਲਗਵਾਓ। ਸਸਤੀਆਂ ਜਾਂ ਲੋਕਲ ਬੈਟਰੀਆਂ ਵਿੱਚ ਸੁਰੱਖਿਆ ਫੀਚਰ ਨਹੀਂ ਹੁੰਦੇ।

ਜੇਕਰ ਬੈਟਰੀ ਖਰਾਬ ਹੋ ਗਈ ਹੈ ਜਾਂ ਸਹੀ ਬੈਕਅੱਪ ਨਹੀਂ ਦੇ ਰਹੀ, ਤਾਂ ਉਸਨੂੰ ਜ਼ਬਰਦਸਤੀ ਨਾ ਚਲਾਓ। ਸਮੇਂ ਸਿਰ ਨਵੀਂ ਬੈਟਰੀ ਬਦਲਵਾ ਲਓ।

6. ਚਾਰਜਿੰਗ ਦੌਰਾਨ ਨਿਗਰਾਨੀ ਰੱਖੋ

ਗੱਡੀ ਨੂੰ ਚਾਰਜਿੰਗ 'ਤੇ ਲਗਾ ਕੇ ਪੂਰੀ ਤਰ੍ਹਾਂ ਬੇਫਿਕਰ ਨਾ ਹੋਵੋ। ਵਿਚ-ਵਿਚ ਬੈਟਰੀ ਅਤੇ ਚਾਰਜਰ ਦੀ ਸਥਿਤੀ ਦੀ ਜਾਂਚ ਕਰਦੇ ਰਹੋ। ਜੇਕਰ ਚਾਰਜਰ ਜਾਂ ਪਲੱਗ ਜ਼ਿਆਦਾ ਗਰਮ ਮਹਿਸੂਸ ਹੋਵੇ, ਤਾਂ ਤੁਰੰਤ ਚਾਰਜਿੰਗ ਰੋਕ ਦਿਓ।







# ਦੋਆਬੇ ਤੇ ਮਾਲਵੇ ਦਾ ਫ਼ਰਕ

**ਰਣਜੀਤ ਲਹਿਰਾ**

ਗੱਲ 1980ਵਿਆਂ ਦੇ ਪਹਿਲੜੇ ਸਾਲਾਂ ਦੀ ਹੈ। ਸਾਡਾ ਇੱਕ ਕਾਮਰੇਡ ਸੀ ਦੇਸ ਰਾਜ ਉਮਰਪੁਰਾ ਜਿਹਨੂੰ ਨੇਤਾ ਜੀ ਦੇ ਨਾਂ ਨਾਲ ਸੱਦਿਆ ਜਾਂਦਾ ਸੀ। ਵਿੰਗ ਨਾ ਵਲ਼, ਰੱਬ ਦੇ ਭਗਤ ਵਰਗਾ ਸਿੱਧਾ-ਸਾਦਾ ਬੰਦਾ। ਦੋਆਬੇ ਦੇ ਪਿੰਡ ਉਮਰਪੁਰ ਕਲਾਂ ਦੇ ਕਿਸੇ ਕਿਰਤੀ-ਕਾਮੇ ਦੇ ਘਰ ਦਾ ਜੰਮਿਆ-ਜਾਇਆ। ਉਨ੍ਹਾਂ ਦਿਨਾਂ ਵਿਚ ਜਥੇਬੰਦੀ ਦੀਆਂ ਆਗੂ ਸਫਾਂ ਵਿਚ ਸ਼ੁਮਾਰ ਹੋਣ ਦੇ ਬਾਵਜੂਦ 'ਜੱਟਾਂ ਦੇ ਸਿਰਾਂ ਨੂੰ ਚੜ੍ਹੀ ਹਿੰਡ' ਤੋਂ ਬੇਲਾਗ ਬੰਦਾ ਸੀ ਉਹ।

ਤੇ ਉਸ ਨੇਤਾ ਜੀ ਨੇ ਇੱਕ ਦਨਿ ਜਥੇਬੰਦੀ ਦੀ ਕਿਸੇ ਮੀਟਿੰਗ ਲਈ ਪਿੰਡ ਰੰਘੜਿਆਲ (ਬਰੇਟਾ ਮੰਡੀ ਨੇੜਲਾ ਪਿੰਡ) ਪਹੁੰਚਣਾ ਸੀ। ਦੋਆਬੇ ਤੋਂ ਰੰਘੜਿਆਲ, ਮਤਲਬ ਰੱਬ ਦੀਆਂ ਜੜ੍ਹਾਂ ਨੂੰ ਹੱਥ ਲਾਉਣ ਜਿੰਨੀ ਦੂਰ। ਕਿੱਥੇ ਅੰਬੀਆਂ ਵਾਲਾ ਦੇਸ਼ ਦੋਆਬਾ ਅਤੇ ਕਿੱਥੇ ਟਿੱਬਿਆਂ ਦੀ ਉੱਡਦੀ ਕੱਕੀ ਰੇਤ ਵਾਲਾ, ਹਰਿਆਣੇ ਦੀਆਂ ਜੜ੍ਹਾਂ 'ਚ ਵੱਸਦਾ ਰੰਘੜਿਆਲ? ਦੋਆਬੇ ਤੋਂ ਰੰਘੜਿਆਲ ਪਹੁੰਚਣ ਨੂੰ ਵਰ੍ਹੇ ਲੱਗ ਜਾਣ! ਸਵਾਲ ਸਿਰਫ਼ ਦੋਆਬੇ ਤੋਂ ਰੰਘੜਿਆਲ ਦੀ ਕਿਲੋਮੀਟਰਾਂ ਵਿਚ ਨਾਪੀ ਜਾਣ ਵਾਲੀ ਦੂਰੀ ਦਾ ਹੀ ਨਹੀਂ ਸੀ, ਉੱਚੇ ਟਿੱਬਿਆਂ ਤੇ ਸੇਮ ਮਾਰੀਆਂ ਝੋਤਾਂ ਵਾਲੇ ਵਿੰਗ-ਤੜਿੰਗੇ ਰਾਹਾਂ ਅਤੇ ਉਨ੍ਹਾਂ ਰਾਹਾਂ 'ਤੇ ਭੁੱਲੇ-ਭਟਕੇ ਚੱਲਦੀਆਂ ਬੱਸਾਂ ਦਾ ਵੀ ਸੀ। ਰੰਘੜਿਆਲ ਦਾ ਅੱਡਾ ਲਹਿਰਾ-ਬੁਢਲਾਡਾ ਰੋਡ 'ਤੇ ਪਿੰਡ ਡਸਕੇ ਤੇ ਰੱਲੀ ਦੇ ਵਿਚਕਾਰ ਜਿਹੇ ਝੋਤਾਂ ਵਿਚ ਪਿੰਡ ਤੋਂ ਕੋਈ ਮੀਲ ਭਰ ਦੂਰਸੀ ਜਿਹਨੂੰ ਬੱਸਾਂ ਵਾਲੇ ਮਖੌਲ ਨਾਲ ਚੰਡੀਗੜ੍ਹ ਦਾ ਅੱਡਾ ਕਹਿੰਦੇ ਸਨ। ਇਸ ਸੂਰਤ ਵਿਚ ਰੰਘੜਿਆਲ ਪਹੁੰਚਣਾ, ਉਹ ਵੀ ਦੋਆਬੇ ਤੋਂ, ਖਾਲਾ ਜੀ ਦਾ ਵਾੜਾ ਨਹੀਂ ਸੀ। ਨੇਤਾ ਜੀ ਨੂੰ ਇਸ ਸਭ ਦਾ ਇਲਮ ਨਹੀਂ ਸੀ। ਉਹ ਦੋਆਬੇ ਦੇ ਹਿਸਾਬ ਨਾਲ ਚੱਲ ਪਿਆ, ਜਿਵੇਂ ਸਾਰਾ ਸਫ਼ਰ ਜੀਟੀ ਰੋਡ 'ਤੇ ਫਰਰ ਕਰਦੇ ਜਾਣਾ ਹੋਵੇ।

ਮਈ-ਜੂਨ ਦੇ ਦਨਿ ਸਨ, ਟਿੱਬਿਆਂ ਦੇ ਫੱਕ ਫੱਕ ਉੱਡਦੇ ਰੇਤ ਅਤੇ ਕਾਲ਼ੀਆਂ-ਬੋਲ਼ੀਆਂ ਹਨੇਰੀਆਂ ਵਾਲੇ। ਨੇਤਾ ਜੀ ਨੂੰ ਸੁਨਾਮ ਤੋਂ ਬੁਢਲਾਡੇ ਵਾਲੀ ਆਖ਼ਰੀ ਬੱਸ ਮਿਲੀ। ਇੱਕ ਇੱਕ ਪਿੰਡ ਦੇ ਦੋ ਦੋ, ਤਿੰਨ ਤਿੰਨ ਅੱਡਿਆਂ 'ਤੇ ਰੁਕਦੀ ਬੱਸ ਦੇ ਬੁਢਲਾਡੇ ਪਹੁੰਚਣ ਤੋਂ ਹਨੇਰਾ ਉੱਤਰ ਪਿਆ। ਜਦੋਂ ਨੂੰ ਬੱਸ ਬੁਢਲਾਡੇ ਦੀ ਜੂਹ 'ਚ ਵੜੀ, ਕਿੱਧਰੋਂ ਕਾਲ਼ੀ-ਬੋਲ਼ੀ ਹਨੇਰੀ ਆਣ ਚੜ੍ਹੀ। ਬੱਸ ਦੇ ਟੁੱਟੇ-ਫੁੱਟੇ ਸ਼ੀਸ਼ਿਆਂ ਤੇ ਬਾਰੀਆਂ ਰਾਹੀਂ ਰੇਤ ਦੀਆਂ ਬੁੱਕਾਂ ਸਵਾਰੀਆਂ ਦੇ ਮੂੰਹਾਂ 'ਤੇ ਪੈਣ ਲੱਗੀਆਂ। ਝਾਫੇ ਵਰਗੀ ਸੰਘਣੀ ਦਾਹੜੀ ਵਾਲੇ ਨੇਤਾ ਜੀ ਦੇ ਚਿਹਰੇ ਦਾ ਹੁਲੀਆ ਹਨੇਰੀ ਨੇ ਵਿਗਾੜ ਦਿੱਤਾ। ਰੇਤੇ ਨਾਲ ਭਰੇ ਮੂੰਹ-ਸਿਰ ਨਾਲ ਹਨੇਰੇ 'ਚ ਖੜ੍ਹਾ ਨੇਤਾ ਜੀ ਦੇਖੇ, ਹੁਣ ਜਾਵਾਂ ਤਾਂ ਜਾਵਾਂ ਕਿੱਧਰ ਨੂੰ?

ਨਾ ਤਾਂ ਨੇਤਾ ਜੀ ਬੁਢਲਾਡੇ ਕਿਸੇ ਨੂੰ ਜਾਣਦਾ ਸੀ ਅਤੇ ਨਾ ਹੀ ਰੰਘੜਿਆਲ ਪਿੰਡ ਦਾ ਥਹੁ-ਪਤਾ ਸੀ ਕਿ ਕਿਹੜਾ ਰਾਹ ਜਾਣਾ ਹੈ। ਉਹ ਤਾਂ ਬਸ ਮੀਟਿੰਗ ਦੇ ਸੁਨੇਹੇ 'ਤੇ ਚੱਲ ਪਿਆ ਸੀ। ਆਹ ਬਿਪਤਾ ਆਣ ਪਊ,



ਇਹਦਾ ਚਿੱਤ-ਚੇਤਾ ਨਹੀਂ ਸੀ। ਅੰਤ ਨੇਤਾ ਜੀ ਨੇ ਕਿਸੇ ਨੂੰ ਪੁੱਛ ਲਿਆ ਕਿ ਰੰਘੜਿਆਲ ਜਾਣੈ। ਨੇਤਾ ਜੀ ਲਈ ਰਾਹ ਦਰਸੇਵਾ ਬਣ ਕੇ ਬਹੁੜੇ ਉਸ ਸੱਜਣ ਨੇ ਹੱਥ ਦੇ ਇਸ਼ਾਰਿਆਂ ਨਾਲ ਰਾਹ ਸਮਝਾਉਂਦਿਆਂ ਕਿਹਾ, "ਲੈ ਆਹ ਖੜ੍ਹਾ ਰੰਘੜਿਆਲ, ਤੁਰਦੇ ਨੂੰ ਕੀ ਲੱਗਦੈ।" ਆਹ ਖੜ੍ਹਾ ਰੰਘੜਿਆਲ ਸੁਣ ਕੇ ਨੇਤਾ ਜੀ ਨੇ ਹੌਸਲਾ ਫੜ ਲਿਆ।

ਬਜ਼ੁਰਗਾਂ ਦੇ ਬਾਤ ਸੁਣਾਉਣ ਵਾਂਗ ਚਲੋ-ਚਾਲ, ਚਲੋ-ਚਾਲ ਨੇਤਾ ਜੀ ਤੁਰਦੇ ਤੁਰਦੇ ਇੱਕ ਪਿੰਡ (ਦਾਤੇਵਾਸ) ਦੀ ਜੂਹ 'ਚ ਜਾ ਵੜੇ ਅਤੇ ਕਿਸੇ ਮਨੁੱਖੀ ਜੀਵ ਨੂੰ ਲੱਭ ਕੇ ਪੁੱਛਿਆ- "ਭਾਈ ਇਹ ਰੰਘੜਿਆਲ ਐ?" ਅੱਗਿਓਂ ਉਹਨੇ ਕਿਹਾ- "ਨਹੀਂ ਭਾਈ, ਇਹ ਤਾਂ ਦਾਤੇਵਾਸ ਐ, ਰੰਘੜਿਆਲ ਤਾਂ ਅੱਗੇ ਆ।" ਉਹਨੇ ਵੀ ਨੇਤਾ ਜੀ ਨੂੰ ਰੰਘੜਿਆਲ ਦਾ ਰਾਹ ਸਮਝਾਉਂਦਿਆਂ ਸੁਭਾਗੀ ਆਖ ਦਿੱਤਾ, "ਰੰਘੜਿਆਲ ਕਿਹੜਾ ਦੂਰ ਐ ਭਾਈ, ਅਗਲਾ ਈ ਪਿੰਡ ਆ। ਹੁਣੇ ਜਾ ਵੜੇਂਗਾ।" ਮੁੜ ਤੋਂ 'ਕਿਹੜਾ ਦੂਰ ਐ' ਸੁਣ ਕੇ ਨੇਤਾ ਜੀ ਦੇ ਸੀਨੇ 'ਚੋਂ ਲਾਟ ਜਿਹੀ ਨਿੱਕਲੀ। ਪਹਿਲੇ ਸੱਜਣ ਦੀ ਚੁੱਕ 'ਚ ਆ ਕੇ ਤੁਰੇ ਨੇਤਾ ਜੀ ਨੂੰ ਮਸਾਂ ਕੋਈ ਪਿੰਡ ਦਿਸਿਆ ਸੀ ਤੇ ਰੰਘੜਿਆਲ ਆ ਜਾਣ ਦੀ ਆਸ ਬੱਝੀ ਸੀ, ਹੁਣ ਨੇਤਾ ਜੀ ਨੂੰ ਲੱਗਿਆ- ਅੱਜ ਦੀ ਰਾਤ ਤਾਂ ਤੁਰਦੇ ਦੀ ਹੀ ਲੰਘੂ। ਫਸੀ ਨੂੰ ਫਟਕਣ ਕੀ? ਨੇਤਾ ਜੀ ਟੁੱਟੇ ਜਿਹੇ ਦਿਲ ਨਾਲ ਫਿਰ ਤੁਰ ਪਿਆ। ਚਾਰ-ਪੰਜ ਕਿਲੋਮੀਟਰ ਹੋਰ ਤੁਰਨ ਤੋਂ ਬਾਅਦ ਨੇਤਾ ਜੀ ਨੂੰ ਪਿੰਡ ਦਿਖਾਈ ਦਿੱਤਾ। ਜਦੋਂ ਪਤਾ ਲੱਗਿਆ ਕਿ ਇਹੀ ਪਿੰਡ ਰੰਘੜਿਆਲ ਹੈ ਤਾਂ ਨੇਤਾ ਜੀ ਦੀ ਜਾਨ 'ਚ ਜਾਨ ਆ ਗਈ ਪਰ ਉਦੋਂ ਨੂੰ ਰਾਤ ਅੱਧਿਓਂ ਵੱਧ ਬੀਤ ਕੇ ਪਿਛਲੇ ਪਹਿਰ ਵਿਚ ਦਾਖਲ ਹੋ ਚੁੱਕੀ ਸੀ; ਰਾਤ ਜਿਹੜੀ ਨੇਤਾ ਜੀ ਨੂੰ ਕਦੇ ਨਹੀਂ ਸੀ ਭੁੱਲਣੀ।

ਇਹ ਹੋਈ-ਬੀਤੀ ਸੁਣਾਉਂਦਿਆਂ ਇੱਕ ਵਾਰ ਨੇਤਾ ਜੀ ਨੇ ਉਲਾਂਭੇ ਵਾਂਗ ਕਿਹਾ ਸੀ, "ਤੁਹਾਡੇ ਮਾਲਵੇ ਆਲ਼ੇ ਤਾਂ ਬੜੇ ਖਰਾਬ ਬੰਦੇ ਨੇ। ਮੈਨੂੰ 'ਆਹ ਖੜ੍ਹਾ, ਆਹ ਖੜ੍ਹਾ' ਕਹਿ ਕੇ ਸਾਰੀ ਰਾਤ ਤੋਰੀ ਰੱਖਿਆ। ਮੇਰੀਆਂ ਤਾਂ ਲੱਤਾਂ ਈ ਰਹਿ ਗਈਆਂ।" ਅਸਲ 'ਚ ਉਹਨੂੰ ਦੋਆਬੇ ਤੇ ਮਾਲਵੇ ਦੀ ਭੂਗੋਲਿਕ ਬਣਤਰ ਅਤੇ ਬੋਲੀ-ਸ਼ੈਲੀ ਦੇ ਫਰਕ ਦਾ ਪਤਾ ਨਹੀਂ ਸੀ। ਦੋਆਬੇ 'ਚ ਪਿੰਡ ਜਿੰਨੇ ਛੋਟੇ ਨੇ, ਓਨੇ ਹੀ ਇੱਕ-ਦੂਜੇ ਦੇ ਨੇੜੇ ਨੇੜੇ ਨੇ; ਮਾਲਵੇ 'ਚ ਉਲਟਾ ਹੈ। ਪਿੰਡ ਜਿੰਨੇ ਵੱਡੇ ਹਨ, ਓਨੇ ਹੀ ਇੱਕ-ਦੂਜੇ ਤੋਂ ਦੂਰ ਦੂਰ ਹਨ। ਇਸੇ ਲਈ ਉਹ ਮਲਵਈਆਂ ਦੀ ਲੰਮੀ ਵਾਟ ਨੂੰ ਛੋਟੀ ਕਰ ਕੇ ਦੱਸਣ ਵਾਲੀ ਬੋਲੀ-ਸ਼ੈਲੀ ਤੋਂ ਅਭਿੱਜ ਸੀ। ਰਾਹਗੀਰ ਨੂੰ ਤੁਰੇ ਜਾਣ ਦਾ ਹੌਸਲਾ ਦੇਣ ਲਈ ਮਲਵਈ ਬਜ਼ੁਰਗ ਆਖ ਦਿੰਦੇ ਸਨ- 'ਲੈ ਪਿੰਡ ਤਾਂ ਆਹ ਖੜ੍ਹਾ, ਤੂੰ ਕੇਰਾਂ ਪੈਰ ਤਾਂ ਪੁੱਟ!' ਜਿਨ੍ਹਾਂ ਲੋਕਾਂ ਨੂੰ ਨੇਤਾ ਜੀ 'ਬੜੇ ਖਰਾਬ ਬੰਦੇ' ਦੱਸ ਰਿਹਾ ਸੀ, ਦਰਅਸਲ ਉਹ ਤਾਂ ਚਿਣਗ-ਚੁਆਤੀ ਲਾਉਣ ਵਾਲੇ ਮਨੁੱਖ ਸਨ। ਊਬੜ-ਖਾਬੜ ਰਾਹਾਂ ਦੇ ਪਾਂਧੀਆਂ ਨੂੰ ਮੰਜ਼ਿਲਾਂ ਦਾ ਰਾਹ ਦਿਖਾਉਣ ਤੇ ਮੰਜ਼ਿਲਾਂ 'ਤੇ ਪਹੁੰਚਣ ਦਾ ਹੌਸਲਾ ਬਖਸ਼ਣ ਵਾਲੇ ਲੋਕ ਸਨ।

ਨੇਤਾ ਜੀ ਸ਼ਾਇਦ ਭੁੱਲ ਗਏ ਸਨ ਕਿ ਜੇ 70ਵਿਆਂ ਦੇ ਪਹਿਲੜੇ ਦਿਨਾਂ 'ਚ ਕੁਤਬੇਵਾਲ ਵਾਲੇ ਬਾਬਾ ਠਾਕਰ ਦਾਸ ਨੇ "ਇਨਕਲਾਬ ਤਾਂ ਦੇਸ਼ ਦੀਆਂ ਬਰੂਹਾਂ 'ਤੇ ਖੜ੍ਹਾ" ਕਹਿ ਕੇ ਉਹਦੇ ਦਿਲ ਵਿਚ ਇਨਕਲਾਬ ਦੀ ਚਿਣਗ ਨਾ ਬਾਲ਼ੀ ਹੁੰਦੀ ਤਾਂ 1972 ਵਿਚ ਉਮਰਪੁਰੇ ਵਾਲੇ ਦੇਸ ਰਾਜ ਨੇ ਨਾ ਨੇਤਾ ਜੀ ਬਣਨਾ ਸੀ ਅਤੇ ਨਾ ਹੀ ਘਰ-ਬਾਰ ਛੱਡ ਰਮਤਾ ਯੋਗੀ ਬਣ ਕੇ ਇਨਕਲਾਬ ਦੇ ਲੰਮੇ ਤੇ ਬਿੱਖੜੇ ਪੈਂਡਿਆਂ 'ਤੇ ਚੱਲਦਿਆਂ ਰੰਘੜਿਆਲ ਵਰਗੇ ਅਨਜਾਣੇ ਰਾਹਾਂ ਦੀ ਧੂੜ ਫੱਕਣੀ ਸੀ। ਉਹ ਤਾਉਮਰ ਸਮਾਜਿਕ ਸਰੋਕਾਰਾਂ ਨਾਲ ਵਾਬਾਸਤਾ ਰਿਹਾ।

ਨੇਤਾ ਜੀ ਹੁਣ ਇਸ ਦੁਨੀਆ 'ਤੇ ਨਹੀਂ ਹਨ। ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨੇ ਉਹਨੂੰ 11 ਜੁਲਾਈ, 2020 ਨੂੰ ਸਾਡੇ ਨਾਲੋਂ ਜੁਦਾ ਕਰ ਦਿੱਤਾ ਸੀ ਪਰ ਆਪਣੀਆਂ ਖੱਟੀਆਂ-ਮਿੱਠੀਆਂ ਯਾਦਾਂ ਨਾਲ ਉਹ ਆਪਣੇ ਹਮਰਾਹੀਆਂ ਤੇ ਮਿੱਤਰ ਪਿਆਰਿਆਂ ਨੂੰ ਸਦਾ ਯਾਦ ਆਉਂਦਾ ਰਹੇਗਾ।




# ਭਾਰਤੀ ਮੈਡੀਕਲ ਵਿਗਿਆਨ ਦਾ ਨਵਾਂ ਸੂਰਜ

## ਨੋਇਡਾ ਦੀ ਲੈਬ ਤੋਂ ਕੈਂਸਰ ਖ਼ਿਲਾਫ਼ 'ਵੈਕਸੀਨ' ਵਰਗੀ ਇਨਕਲਾਬੀ ਉਮੀਦ

*ਜੇਕਰ ਇਲਾਜ ਦੇ ਦੋ ਜਾਂ ਤਿੰਨ ਸਾਲ ਬਾਅਦ ਵੀ ਸਰੀਰ ਵਿੱਚ ਕੈਂਸਰ ਦਾ ਇੱਕ ਵੀ ਸੈੱਲ ਮੁੜ ਉੱਭਰਨ ਦੀ ਕੋਸ਼ਿਸ਼ ਕਰੇਗਾ, ਤਾਂ ਇਹ ਮੈਮਰੀ ਸੈੱਲ ਤੁਰੰਤ ਉਸ ਨੂੰ ਪਛਾਣ ਲੈਣਗੇ ਅਤੇ ਸਰੀਰ ਦੇ ਅੰਦਰ ਹੀ ਨਵੇਂ ਸੋਧੇ ਹੋਏ ਟੀ-ਸੈੱਲ ਬਣਾ ਕੇ ਉਸ ਦਾ ਖ਼ਾਤਮਾ ਕਰ ਦੇਣਗੇ। ਮਰੀਜ਼ ਨੂੰ ਬਾਰ-ਬਾਰ ਹਸਪਤਾਲ ਜਾਣ ਜਾਂ ਇਲਾਜ ਕਰਵਾਉਣ ਦੀ ਲੋੜ ਨਹੀਂ ਪਵੇਗੀ।*

ਡਾ. ਸਿਮਰਨ ਕੌਰ ਸਰਾ, ਨਾਰਵੇ (ਯੂਰਪ)

**ਇੱਕ ਖ਼ਾਮੋਸ਼ ਜੰਗ ਅਤੇ ਵੱਡੀ ਉਮੀਦ :** ਭਾਰਤ ਇਸ ਵੇਲੇ ਇੱਕ ਅਜਿਹੀ ਖ਼ਾਮੋਸ਼ ਪਰ ਭਿਆਨਕ ਮਹਾਂਮਾਰੀ ਨਾਲ ਜੂਝ ਰਿਹਾ ਹੈ, ਜਿਸ ਦਾ ਨਾਮ ਹੈ ਕੈਂਸਰ। ਦੇਸ਼ ਵਿੱਚ ਹਰ ਸਾਲ ਲੱਖਾਂ ਨਵੇਂ ਮਾਮਲੇ ਸਾਹਮਣੇ ਆ ਰਹੇ ਹਨ, ਅਤੇ ਇਸ ਤੋਂ ਵੀ ਵੱਡੀ ਤ੍ਰਾਸਦੀ ਇਹ ਹੈ ਕਿ ਕੈਂਸਰ ਦਾ ਆਧੁਨਿਕ ਇਲਾਜ ਆਮ ਤਾਂ ਕੀ, ਮੱਧ ਵਰਗੀ ਪਰਿਵਾਰਾਂ ਦੀ ਪਹੁੰਚ ਤੋਂ ਵੀ ਕੋਹਾਂ ਦੂਰ ਹੈ। ਜਦੋਂ ਕਿਸੇ ਘਰ ਵਿੱਚ ਕੈਂਸਰ ਦਸਤਕ ਦਿੰਦਾ ਹੈ, ਤਾਂ ਉਹ ਸਿਰਫ਼ ਸਰੀਰ ਨੂੰ ਹੀ ਨਹੀਂ ਰੋਲਦਾ, ਬਲਕਿ ਪੂਰੇ ਪਰਿਵਾਰ ਨੂੰ ਆਰਥਿਕ ਤੌਰ 'ਤੇ ਬਰਬਾਦ ਕਰ ਦਿੰਦਾ ਹੈ। ਨਵੀਨਤਮ ਥੈਰੇਪੀਆਂ ਦੀਆਂ ਅਸਮਾਨ ਛੂਹੰਦੀਆਂ ਕੀਮਤਾਂ ਕਾਰਨ ਕਈ ਮਰੀਜ਼ ਬਿਨਾਂ ਲੜੇ ਹੀ ਹਾਰ ਮੰਨ ਲੈਂਦੇ ਹਨ।

ਪਰ ਇਸ ਘੋਰ ਨਿਰਾਸ਼ਾ ਦੇ ਦੌਰ ਵਿੱਚ, ਦਿੱਲੀ ਦੇ ਨਾਲ ਲੱਗਦੇ ਉਦਯੋਗਿਕ ਸ਼ਹਿਰ ਨੋਇਡਾ ਦੀ ਇੱਕ ਸਾਧਾਰਨ ਜਿਹੀ ਇਮਾਰਤ ਵਿੱਚੋਂ ਵਿਗਿਆਨ ਦੀ ਇੱਕ ਅਜਿਹੀ ਚਮਕਦਾਰ ਕਿਰਨ ਨਿਕਲੀ ਹੈ, ਜੋ ਭਾਰਤ ਹੀ ਨਹੀਂ, ਬਲਕਿ ਪੂਰੀ ਦੁਨੀਆ ਵਿੱਚ ਕੈਂਸਰ ਦੇ ਇਲਾਜ ਦੀ ਤਸਵੀਰ ਬਦਲ ਸਕਦੀ ਹੈ। 'ਦੇਸੀ ਬਾਇਓਟੈਕ ਕੰਪਨੀ ਸੈਲੋਜਨ ਥੈਰਾਪਿਊਟਿਕਸ' (Cellogen Therapeutics) ਨੇ ਇੱਕ ਅਜਿਹੀ ਅਗਲੀ ਪੀੜ੍ਹੀ (Next-Gen) ਦੀ CAR-T ਸੈੱਲ ਥੈਰੇਪੀ ਵਿਕਸਿਤ ਕੀਤੀ ਹੈ, ਜੋ ਨਾ ਸਿਰਫ਼ ਸਰੀਰ ਵਿੱਚ ਮੌਜੂਦ ਕੈਂਸਰ ਦੇ ਰਾਕਸ਼ਸੀ ਸੈੱਲਾਂ ਨੂੰ ਲੱਭ-ਲੱਭ ਕੇ ਨਸ਼ਟ ਕਰਦੀ ਹੈ, ਬਲਕਿ ਮਨੁੱਖੀ ਸਰੀਰ ਦੇ ਅੰਦਰ ਇੱਕ ਅਜਿਹੀ 'ਇਮਿਊਨ ਮੈਮਰੀ' (ਰੋਗ-ਰੋਧਕ ਯਾਦਦਾਸ਼ਤ) ਪੈਦਾ ਕਰ ਦਿੰਦੀ ਹੈ, ਜਿਸ ਨਾਲ ਕੈਂਸਰ ਦੇ ਮੁੜ ਵਾਪਸ ਆਉਣ (Relapse) ਦੇ ਸਾਰੇ ਰਸਤੇ ਬੰਦ ਹੋ ਜਾਂਦੇ ਹਨ। ਇਹ ਖੋਜ ਭਾਰਤ ਨੂੰ ਮੈਡੀਕਲ ਟੈਕਨਾਲੋਜੀ ਦੇ ਖੇਤਰ ਵਿੱਚ ਆਤਮ-ਨਿਰਭਰ ਬਣਾਉਣ ਵੱਲ ਇੱਕ ਇਤਿਹਾਸਕ ਕਦਮ ਹੈ।

**CAR-T ਥੈਰੇਪੀ ਕੀ ਹੈ ਅਤੇ ਇਹ ਕਿਵੇਂ ਕੰਮ ਕਰਦੀ ਹੈ :** ਇਸ ਇਨਕਲਾਬੀ ਖੋਜ ਨੂੰ ਸਮਝਣ ਲਈ ਸਭ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ CAR-T (Chimeric Antigen Receptor T-cell) ਥੈਰੇਪੀ ਅਸਲ ਵਿੱਚ ਕੀ ਹੈ। ਸਾਡੇ ਸਰੀਰ ਦੀ ਰੋਗ-ਪ੍ਰਤੀਰੋਧਕ ਪ੍ਰਣਾਲੀ (Immune System) ਵਿੱਚ 'ਟੀ-ਸੈੱਲ' (T-cells) ਹੁੰਦੇ ਹਨ, ਜਿਨ੍ਹਾਂ ਨੂੰ ਅਸੀਂ ਸਰੀਰ ਦੇ 'ਪੈਦਲ ਸਿਪਾਹੀ' ਕਹਿ ਸਕਦੇ ਹਾਂ। ਆਮ ਤੌਰ 'ਤੇ ਇਹ ਸਿਪਾਹੀ ਹਰ ਰੋਜ਼ ਸਰੀਰ ਵਿੱਚ ਪੈਦਾ ਹੋਣ ਵਾਲੇ ਹਜ਼ਾਰਾਂ ਖ਼ਰਾਬ ਜਾਂ ਮਿਊਟੇਟਡ ਸੈੱਲਾਂ ਨੂੰ ਪਛਾਣ ਕੇ ਖ਼ਤਮ ਕਰਦੇ ਹਨ। ਪਰ ਕੈਂਸਰ ਦੇ ਸੈੱਲ ਬਹੁਤ ਚਲਾਕ ਹੁੰਦੇ ਹਨ; ਉਹ ਆਪਣੇ ਆਪ ਨੂੰ ਇਸ ਤਰ੍ਹਾਂ ਲੁਕਾ ਲੈਂਦੇ ਹਨ ਕਿ ਇਹ ਟੀ-ਸੈੱਲ ਉਨ੍ਹਾਂ ਨੂੰ ਪਛਾਣ ਹੀ ਨਹੀਂ ਪਾਉਂਦੇ ਅਤੇ ਕੈਂਸਰ ਸਰੀਰ ਵਿੱਚ ਫੈਲ ਜਾਂਦਾ ਹੈ।

CAR-T ਥੈਰੇਪੀ ਦੇ ਤਹਿਤ ਮਰੀਜ਼ ਦੇ ਸਰੀਰ ਵਿੱਚੋਂ





ਮਾਸਿਕ ਚੜ੍ਹਦੀਕਲਾ ਪਟਿਆਲਾ

ਇਨ੍ਹਾਂ ਟੀ-ਸੈੱਲਾਂ ਨੂੰ ਖ਼ੂਨ ਰਾਹੀਂ ਬਾਹਰ ਕੱਢਿਆ ਜਾਂਦਾ ਹੈ। ਫਿਰ ਲੈਬਾਰਟਰੀ ਵਿੱਚ ਜੈਨੇਟਿਕ ਇੰਜੀਨੀਅਰਿੰਗ (Lentivirus ਦੀ ਮਦਦ ਨਾਲ) ਰਾਹੀਂ ਇਨ੍ਹਾਂ ਸੈੱਲਾਂ ਦੇ ਡੀਐੱਨਏ ਵਿੱਚ ਬਦਲਾਅ ਕੀਤਾ ਜਾਂਦਾ ਹੈ। ਇਨ੍ਹਾਂ ਦੇ ਉੱਪਰ ਇੱਕ ਖ਼ਾਸ ਰੀਸੈਪਟਰ (CAR) ਲਗਾਇਆ ਜਾਂਦਾ ਹੈ, ਜੋ ਕੈਂਸਰ ਸੈੱਲਾਂ ਲਈ ਇੱਕ 'ਜੀਪੀਐਸ ਟਰੈਕਰ' ਵਾਂਗ ਕੰਮ ਕਰਦਾ ਹੈ। ਜਦੋਂ ਇਨ੍ਹਾਂ ਸੋਧੇ ਹੋਏ ਸੁਪਰ-ਸੈੱਲਾਂ ਨੂੰ ਕਰੋੜਾਂ ਦੀ ਗਿਣਤੀ ਵਿੱਚ ਵਧਾ ਕੇ ਮੁੜ ਮਰੀਜ਼ ਦੇ ਸਰੀਰ ਵਿੱਚ ਇਨਫਿਊਜ਼ (ਦਾਖ਼ਲ) ਕੀਤਾ ਜਾਂਦਾ ਹੈ, ਤਾਂ ਇਹ ਸਿੱਧਾ ਕੈਂਸਰ ਸੈੱਲਾਂ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਤਬਾਹ ਕਰ ਦੇਣਗੇ।

**ਮੌਜੂਦਾ ਥੈਰੇਪੀਆਂ ਦੀ ਕਮੀ ਅਤੇ ਸੈਲੋਜਨ ਦੀ ਨਵੀਂ 'ਵੈਕਸੀਨ' ਤਕਨਾਲੋਜੀ :** ਹੁਣ ਤੱਕ ਦੁਨੀਆ ਭਰ ਵਿੱਚ ਵਰਤੀ ਜਾ ਰਹੀ ਪਹਿਲੀ ਪੀੜ੍ਹੀ (First-Generation) ਦੀ CAR-T ਥੈਰੇਪੀ ਨੇ ਬਲੱਡ ਕੈਂਸਰ ਦੇ ਮਰੀਜ਼ਾਂ ਵਿੱਚ ਸ਼ਾਨਦਾਰ ਨਤੀਜੇ ਦਿਖਾਏ ਹਨ, ਪਰ ਇਸ ਦੀ ਇੱਕ ਬਹੁਤ ਵੱਡੀ ਸੀਮਾ (Limitation) ਸੀ। ਇਹ ਥੈਰੇਪੀ 'ਵਨ-ਆਨ-ਵਨ' (One-on-One) ਦੇ ਸਿਧਾਂਤ 'ਤੇ ਕੰਮ ਕਰਦੀ ਸੀ ਯਾਨੀ ਇੱਕ ਇੰਜੀਨੀਅਰਡ ਟੀ-ਸੈੱਲ ਸਿਰਫ਼ ਇੱਕ ਕੈਂਸਰ ਸੈੱਲ ਨੂੰ ਮਾਰ ਸਕਦਾ ਸੀ। ਕੈਂਸਰ ਦੇ ਮਰੀਜ਼ ਦੇ ਸਰੀਰ ਵਿੱਚ ਅਰਬਾਂ ਕੈਂਸਰ ਸੈੱਲ ਹੁੰਦੇ ਹਨ, ਜਦੋਂ ਕਿ ਲੈਬ ਵਿੱਚੋਂ ਪਾਏ ਗਏ ਸੈੱਲ ਲੱਖਾਂ ਵਿੱਚ ਹੁੰਦੇ ਹਨ। ਨਤੀਜਾ ਇਹ ਹੁੰਦਾ ਸੀ ਕਿ ਕੁਝ ਮਹੀਨਿਆਂ ਜਾਂ ਸਾਲਾਂ ਬਾਅਦ ਕੈਂਸਰ ਦੇ ਬਚੇ ਹੋਏ ਸੈੱਲ ਮੁੜ ਸਰਗਰਮ ਹੋ ਜਾਂਦੇ ਸਨ ਅਤੇ ਮਰੀਜ਼ ਰੀਲੈਪਸ ਦਾ ਸ਼ਿਕਾਰ ਹੋ ਜਾਂਦਾ ਸੀ।

ਇਸੇ ਖ਼ਾਮੀ ਨੂੰ ਦੂਰ ਕਰਦਿਆਂ ਸੈਲੋਜਨ ਥੈਰਾਪਿਊਟਿਕਸ ਦੇ ਸਹਿ-ਸੰਸਥਾਪਕ ਅਤੇ ਪ੍ਰਸਿੱਧ ਖ਼ੂਨ ਰੋਗ ਮਾਹਰ ਡਾ. ਗੌਰਵ ਖਾਰਿਆ ਅਤੇ ਜੈਨੇਟਿਕਸਿਸਟ ਡਾ. ਤਨਵੀਰ ਅਹਿਮਦ ਦੀ ਟੀਮ ਨੇ ਦੂਜੀ ਪੀੜ੍ਹੀ (Second-Generation) ਦੀ ਥੈਰੇਪੀ ਤਿਆਰ ਕੀਤੀ ਹੈ। ਇਸ ਖੋਜ ਦਾ ਪਹਿਲਾ ਪਹਿਲੂ ਬਾਈ-ਸਪੈਸੀਫਿਕ ਟਾਰਗੇਟਿੰਗ (Bi-specific Targeting) ਹੈ, ਜੋ ਕੈਂਸਰ ਸੈੱਲ ਦੇ ਕਿਸੇ ਇੱਕ ਰੀਸੈਪਟਰ ਦੀ ਬਜਾਏ ਦੋ ਵੱਖ-ਵੱਖ ਰੀਸੈਪਟਰਾਂ ਨੂੰ ਨਿਸ਼ਾਨਾ ਬਣਾਉਂਦੀ ਹੈ। ਇਸ ਨਾਲ ਕੈਂਸਰ ਸੈੱਲ ਦੇ ਬਚਣ ਦੀ ਗੁੰਜਾਇਸ਼ ਨਾ ਦੇ ਬਰਾਬਰ ਰਹਿ ਜਾਂਦੀ ਹੈ।

ਇਸ ਦਾ ਦੂਜਾ ਸਭ ਤੋਂ ਖ਼ਾਸ ਪਹਿਲੂ ਹੈ ਇਮਿਊਨ ਮੈਮਰੀ (Immune Memory)। ਖੋਜਕਰਤਾਵਾਂ ਨੇ ਇਨ੍ਹਾਂ ਟੀ-ਸੈੱਲਾਂ ਦੇ ਅੰਦਰ ਇੱਕ ਵਾਧੂ 'ਕੋ-ਸਟਿਮੂਲੇਟਰੀ ਡੋਮੇਨ' (Co-stimulatory domain) ਜੋੜਿਆ ਹੈ। ਇਹ ਡੋਮੇਨ ਇਹ ਯਕੀਨੀ ਬਣਾਉਂਦਾ ਹੈ ਕਿ ਜਦੋਂ ਇਹ ਸੈੱਲ ਸਰੀਰ ਦੇ ਅੰਦਰ ਗੁਣਾ ਹੁੰਦੇ ਹਨ, ਤਾਂ ਇਨ੍ਹਾਂ ਦਾ ਇੱਕ ਹਿੱਸਾ ਸਰੀਰ ਦੀ 'ਕੇਂਦਰੀ ਯਾਦਦਾਸ਼ਤ' (Central Memory) ਵਿੱਚ ਸੁਰੱਖਿਅਤ ਹੋ ਜਾਂਦਾ ਹੈ। ਇਹ ਬਿਲਕੁਲ ਇੱਕ ਵੈਕਸੀਨ (ਟੀਕੇ) ਵਾਂਗ ਕੰਮ ਕਰਦਾ ਹੈ। ਜੇਕਰ ਇਲਾਜ ਦੇ ਦੋ ਜਾਂ ਤਿੰਨ ਸਾਲ ਬਾਅਦ ਵੀ ਸਰੀਰ ਵਿੱਚ ਕੈਂਸਰ ਦਾ ਇੱਕ ਵੀ ਸੈੱਲ ਮੁੜ ਉੱਭਰਨ ਦੀ ਕੋਸ਼ਿਸ਼ ਕਰੇਗਾ, ਤਾਂ ਇਹ ਮੈਮਰੀ ਸੈੱਲ ਤੁਰੰਤ ਉਸ ਨੂੰ ਪਛਾਣ ਲੈਣਗੇ ਅਤੇ ਸਰੀਰ ਦੇ ਅੰਦਰ ਹੀ ਨਵੇਂ ਸੋਧੇ ਹੋਏ ਟੀ-ਸੈੱਲ ਬਣਾ ਕੇ ਉਸ ਦਾ ਖ਼ਾਤਮਾ ਕਰ ਦੇਣਗੇ। ਮਰੀਜ਼ ਨੂੰ ਬਾਰ-ਬਾਰ ਹਸਪਤਾਲ ਜਾਣ ਜਾਂ ਇਲਾਜ ਕਰਵਾਉਣ ਦੀ ਲੋੜ ਨਹੀਂ ਪਵੇਗੀ।

**ਮਨੁੱਖੀ ਟਰਾਇਲ ਅਤੇ ਵਿਗਿਆਨਿਕ ਪ੍ਰਮਾਣਿਕਤਾ :** ਕਿਸੇ ਵੀ ਡਾਕਟਰੀ ਖੋਜ ਦੀ ਅਸਲ ਪ੍ਰੀਖਿਆ ਉਸ ਦੇ ਮਨੁੱਖੀ ਟਰਾਇਲਾਂ (Human Clinical Trials) ਦੌਰਾਨ ਹੁੰਦੀ ਹੈ। ਸੈਲੋਜਨ ਦੀ ਇਸ ਥੈਰੇਪੀ ਨੂੰ ਲੈਬਾਰਟਰੀ ਅਤੇ ਜਾਨਵਰਾਂ (ਪ੍ਰੀ-ਕਲੀਨਿਕਲ) ਦੇ ਪੱਧਰ 'ਤੇ ਸ਼ਾਨਦਾਰ ਸਫਲਤਾ ਮਿਲੀ ਹੈ। ਸਭ ਤੋਂ ਖ਼ਾਸ ਗੱਲ ਇਹ ਹੈ ਕਿ ਇਸ ਦੀ ਸੁਰੱਖਿਆ ਨੂੰ ਪਰਖਣ ਲਈ ਚੂਹਿਆਂ ਦੀ ਬਜਾਏ ਬਾਂਦਰਾਂ 'ਤੇ ਅਧਿਐਨ ਕੀਤੇ ਗਏ ਹਨ, ਤਾਂ ਜੋ ਮਨੁੱਖੀ ਸਰੀਰ 'ਤੇ ਹੋਣ ਵਾਲੇ ਕਿਸੇ ਵੀ ਸੰਭਾਵਿਤ ਮਾੜੇ ਪ੍ਰਭਾਵ (Off-target activities) ਨੂੰ ਬਾਰੀਕੀ ਨਾਲ ਸਮਝਿਆ ਜਾ ਸਕੇ।

ਹੁਣ ਕੰਪਨੀ ਡਰੱਗ ਕੰਟਰੋਲਰ ਜਨਰਲ ਆਫ਼ ਇੰਡੀਆ (DCGI) ਦੀਆਂ ਪ੍ਰਵਾਨਗੀਆਂ ਨਾਲ ਇਸ ਦੇ ਫੇਜ਼-1 ਦੇ ਮਨੁੱਖੀ ਟਰਾਇਲ ਬਹੁਤ ਜਲਦ, ਸ਼ਾਇਦ ਇੱਕ ਮਹੀਨੇ ਦੇ ਅੰਦਰ ਸ਼ੁਰੂ ਕਰਨ ਜਾ ਰਹੀ ਹੈ। ਇਹ ਟਰਾਇਲ ਭਾਰਤ ਦੇ ਵੱਕਾਰੀ ਮੈਡੀਕਲ ਸੰਸਥਾਨ ਕ੍ਰਿਸਚੀਅਨ ਮੈਡੀਕਲ ਕਾਲਜ (CMC), ਵੇਲੋਰ ਵਿਖੇ ਕੀਤੇ ਜਾਣਗੇ। ਫੇਜ਼-1 ਦੇ ਤਹਿਤ ਇਹ ਟ ਸ਼ਾਇਲ 18 ਮਰੀਜ਼ਾਂ 'ਤੇ ਹੋਵੇਗਾ, ਜਿਸ ਵਿੱਚ 9 ਐਕਿਊਟ ਲਿਊਕੇਮੀਆ (ਬਲੱਡ ਕੈਂਸਰ) ਅਤੇ 9 ਲਿੰਫੋਮਾ ਦੇ ਮਰੀਜ਼ ਸ਼ਾਮਲ ਹੋਣਗੇ। ਇਸ ਤੋਂ ਬਾਅਦ ਫੇਜ਼-2 ਦਾ ਟਰਾਇਲ 27 ਮਰੀਜ਼ਾਂ 'ਤੇ ਵੱਖ-ਵੱਖ ਮੈਡੀਕਲ ਸੈਂਟਰਾਂ ਵਿੱਚ ਵਿਆਪਕ ਪ੍ਰਭਾਵ ਦੀ ਜਾਂਚ ਲਈ ਕੀਤਾ ਜਾਵੇਗਾ। ਕਿਉਂਕਿ ਇਹ ਸੈੱਲ ਥੈਰੇਪੀਆਂ 'ਲਿਵਿੰਗ ਮੈਡੀਸਨ' (Living Therapies) ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ, ਇਸ ਲਈ ਇਨ੍ਹਾਂ ਨੂੰ ਰਵਾਇਤੀ ਦਵਾਈਆਂ ਵਾਂਗ ਫੇਜ਼-3 ਦੇ ਲੰਬੇ ਟਰਾਇਲਾਂ ਵਿੱਚੋਂ ਨਹੀਂ ਲੰਘਣਾ ਪੈਂਦਾ। ਜੇਕਰ ਫੇਜ਼-2 ਦੇ ਨਤੀਜੇ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਰਹੇ, ਤਾਂ ਇਹ ਥੈਰੇਪੀ ਬਹੁਤ ਜਲਦੀ ਵਪਾਰਕ ਵਰਤੋਂ ਲਈ ਬਾਜ਼ਾਰ ਵਿੱਚ ਉਪਲਬਧ ਹੋ ਸਕਦੀ ਹੈ।

**ਮਿਸ਼ਨ ਕਿਫ਼ਾਇਤੀ ਇਲਾਜ ਅਤੇ 'ਆਫ-ਦ-ਸ਼ੈਲਫ' ਤਕਨਾਲੋਜੀ ਦਾ ਚਮਤਕਾਰ :** ਇਸ ਖੋਜ ਦੇ ਵਿਗਿਆਨਿਕ ਪਹਿਲੂ ਤੋਂ ਇਲਾਵਾ ਇਸ ਦਾ ਸਮਾਜਿਕ ਅਤੇ ਆਰਥਿਕ ਪ੍ਰਭਾਵ ਸਭ ਤੋਂ ਵੱਧ ਮਹੱਤਵਪੂਰਨ ਹੈ। ਅੱਜ ਜੇਕਰ ਕੋਈ ਭਾਰਤੀ ਮਰੀਜ਼ ਅਮਰੀਕਾ ਜਾਂ ਯੂਰਪ ਤੋਂ ਵਿਕਸਿਤ CAR-T ਥੈਰੇਪੀ ਲੈਂਦਾ ਹੈ, ਤਾਂ ਉਸ ਦੀ ਕੀਮਤ 2 ਤੋਂ 3 ਕਰੋੜ ਰੁਪਏ ਹੁੰਦੀ ਹੈ। ਭਾਰਤ ਵਿੱਚ ਹਾਲ ਹੀ ਵਿੱਚ ਦੋ ਦੇਸੀ ਥੈਰੇਪੀਆਂ ਨੂੰ ਮਨਜ਼ੂਰੀ ਮਿਲੀ ਹੈ ਇਮਿਊਨਲ ਦੀ 'ਕਾਰਟੇਮੀ' (ਲਗਭਗ 40 ਲੱਖ ਰੁਪਏ) ਅਤੇ ਇਮਿਊਨੋਐਕਟ ਦੀ 'ਨੈਕਸਕਾਰ19' (ਲਗਭਗ 20 ਲੱਖ ਰੁਪਏ)। ਬੇਸ਼ੱਕ 20-40 ਲੱਖ ਰੁਪਏ ਕਰੋੜਾਂ ਦੇ ਮੁਕਾਬਲੇ ਘੱਟ ਹਨ, ਪਰ ਭਾਰਤ ਦੀ ਇੱਕ ਵੱਡੀ ਆਬਾਦੀ ਲਈ ਇਹ ਰਕਮ ਵੀ ਇੱਕ ਵੱਡਾ ਸੁਪਨਾ ਹੈ।



ਸੈਲੋਜਨ ਥੈਰਾਪਿਊਟਿਕਸ ਇੱਥੇ ਇੱਕ ਵੱਡੀ ਤਬਦੀਲੀ ਲਿਆ ਰਹੀ ਹੈ। ਉਨ੍ਹਾਂ ਦੀ ਇਸ ਨੈਕਸਟ-ਜਨਰੇਸ਼ਨ ਥੈਰੇਪੀ ਦੀ ਸ਼ੁਰੂਆਤੀ ਲਾਗਤ ਲਗਭਗ 20 ਲੱਖ ਰੁਪਏ ਹੋਣ ਦੀ ਉਮੀਦ ਹੈ, ਜੋ ਕਿ ਇਸ ਦੀ ਲੰਬੇ ਸਮੇਂ ਤੱਕ ਚੱਲਣ ਵਾਲੀ ਪ੍ਰਭਾਵਸ਼ਾਲੀ ਸਮਰੱਥਾ ਨੂੰ ਦੇਖਦੇ ਹੋਏ ਬਹੁਤ ਕਿਫ਼ਾਇਤੀ ਹੈ।

ਪਰ ਕਹਾਣੀ ਇੱਥੇ ਹੀ ਖ਼ਤਮ ਨਹੀਂ ਹੁੰਦੀ। ਡਾ. ਖਾਰਿਆ ਅਤੇ ਉਨ੍ਹਾਂ ਦੀ ਟੀਮ ਇੱਕ ਹੋਰ ਬੇਹੱਦ ਆਧੁਨਿਕ ਤਕਨੀਕ 'ਤੇ ਕੰਮ ਕਰ ਰਹੀ ਹੈ ਜਿਸ ਨੂੰ 'ਇਨ-ਵਿਵੋ (In-vivo) CAR-T ਥੈਰੇਪੀ' ਕਿਹਾ ਜਾਂਦਾ ਹੈ। ਮੌਜੂਦਾ ਤਰੀਕੇ ਵਿੱਚ ਹਰ ਮਰੀਜ਼ ਦੇ ਸੈੱਲ ਵੱਖਰੇ ਕੱਢਣੇ ਪੈਂਦੇ ਹਨ, ਲੈਬ ਵਿੱਚ

ਹਫ਼ਤਿਆਂ ਬੱਧੀ ਪ੍ਰੋਸੈਸ ਕਰਨੇ ਪੈਂਦੇ ਹਨ ਅਤੇ ਫਿਰ ਵਾਪਸ ਪਾਉਣੇ ਪੈਂਦੇ ਹਨ, ਜਿਸ ਵਿੱਚ ਖ਼ਰਚਾ ਬਹੁਤ ਆਉਂਦਾ ਹੈ। ਨਵੇਂ ਤਰੀਕੇ ਵਿੱਚ ਲੈਬ ਵਿੱਚ ਸੈੱਲ ਬਣਾਉਣ ਦੀ ਬਜਾਏ, ਮਰੀਜ਼ ਦੇ ਸਰੀਰ ਦੇ ਅੰਦਰ ਹੀ ਵਾਇਰਸ ਵੈਕਟਰ ਰਾਹੀਂ ਸਿੱਧੇ 'ਜੈਨੇਟਿਕ ਨਿਰਦੇਸ਼' (Genetic Instructions) ਭੇਜੇ ਜਾਣਗੇ। ਇਹ ਨਿਰਦੇਸ਼ ਸਿੱਧੇ ਸਰੀਰ ਦੇ ਅੰਦਰੂਨੀ ਟੀ-ਸੈੱਲਾਂ ਦੇ ਡੀਐਨਏ ਵਿੱਚ ਜਾ ਕੇ ਉਨ੍ਹਾਂ ਨੂੰ ਕੈਂਸਰ ਨਾਲ ਲੜਨ ਵਾਲੇ ਸੈੱਲਾਂ ਵਿੱਚ ਬਦਲ ਦੇਣਗੇ। ਇਹ ਇੱਕ ਤਰ੍ਹਾਂ ਦੀ 'ਰੇਡੀਮੇਡ' ਜਾਂ 'ਆਫ-ਦ-ਸ਼ੈਲਫ' ਥੈਰੇਪੀ ਹੋਵੇਗੀ, ਜਿਸ ਨੂੰ ਕਿਸੇ ਵੀ ਮਰੀਜ਼ ਨੂੰ ਬਿਨਾਂ ਕਿਸੇ ਸਾਈਡ ਇਫੈਕਟ ਜਾਂ ਮੈਚਿੰਗ ਦੇ ਦਿੱਤਾ ਜਾ ਸਕੇਗਾ। ਜਦੋਂ ਇਹ ਤਕਨੀਕ ਸਫਲ ਹੋ ਗਈ, ਤਾਂ ਕੈਂਸਰ ਦੇ ਇਸ ਸਭ ਤੋਂ ਮਹਿੰਗੇ ਇਲਾਜ ਦੀ ਕੀਮਤ ਘਟ ਕੇ ਮਹਿਜ਼ 8 ਲੱਖ ਰੁਪਏ ਜਾਂ ਇਸ ਤੋਂ ਵੀ ਘੱਟ ਰਹਿ ਜਾਵੇਗੀ। ਇਹ ਮੈਡੀਕਲ ਜਗਤ ਵਿੱਚ ਇੱਕ ਅਜਿਹਾ ਬਦਲਾਅ ਹੋਵੇਗਾ, ਜਿੱਥੇ ਗਰੀਬ ਤੋਂ ਗਰੀਬ ਵਿਅਕਤੀ ਵੀ ਦੁਨੀਆ ਦਾ ਸਭ ਤੋਂ ਉੱਤਮ ਇਲਾਜ ਕਰਵਾ ਸਕੇਗਾ।

**ਅਗਲਾ ਵੱਡਾ ਮੋਰਚਾ ਅਤੇ ਬ੍ਰੈਸਟ ਕੈਂਸਰ ਦੀ ਚੁਣੌਤੀ :** ਹੁਣ ਤੱਕ ਦੁਨੀਆ ਭਰ ਵਿੱਚ CAR-T ਥੈਰੇਪੀ ਦਾ ਸਭ ਤੋਂ ਵੱਡਾ ਨੁਕਸ ਇਹ ਰਿਹਾ ਹੈ ਕਿ ਇਹ ਸਿਰਫ਼ ਲਿਕਵਿਡ ਕੈਂਸਰ (ਖ਼ੂਨ ਦੇ ਕੈਂਸਰ ਅਤੇ ਲਿੰਫੋਮਾ) ਵਿੱਚ ਹੀ ਕੰਮ ਕਰਦੀ ਹੈ। ਦੁਨੀਆ ਵਿੱਚ 80-90 ਫ਼ੀਸਦੀ ਕੈਂਸਰ 'ਠੋਸ ਟਿਊਮਰ' (Solid Tumours) ਦੇ ਰੂਪ ਵਿੱਚ ਹੁੰਦੇ ਹਨ, ਜਿਵੇਂ ਕਿ ਫੇਫੜਿਆਂ, ਲਿਵਰ, ਜਾਂ ਬ੍ਰੈਸਟ ਕੈਂਸਰ। ਠੋਸ ਟਿਊਮਰਾਂ ਵਿੱਚ CAR-T ਥੈਰੇਪੀ ਫੇਲ੍ਹ ਹੋ ਜਾਂਦੀ ਹੈ ਕਿਉਂਕਿ ਟਿਊਮਰ ਦੇ ਆਲੇ-ਦੁਆਲੇ ਇੱਕ ਅਜਿਹਾ ਸੁਰੱਖਿਆ ਕਵਚ ਹੁੰਦਾ ਹੈ ਜਿਸ ਨੂੰ ਪਾਰ ਕਰਨਾ ਟੀ-ਸੈੱਲਾਂ ਲਈ ਅਸੰਭਵ ਹੁੰਦਾ ਹੈ। ਨਾਲ ਹੀ, ਠੋਸ ਟਿਊਮਰ ਦੇ ਮਾਰਕਰ ਸਰੀਰ ਦੇ ਹੋਰ ਸਿਹਤਮੰਦ ਸੈੱਲਾਂ 'ਤੇ ਵੀ ਹੁੰਦੇ ਹਨ, ਜਿਸ ਨਾਲ ਸਿਹਤਮੰਦ ਅੰਗਾਂ ਦੇ ਨਸ਼ਟ ਹੋਣ ਦਾ ਖ਼ਤਰਾ ਰਹਿੰਦਾ ਹੈ।

ਸੈਲੋਜਨ ਦੀ ਟੀਮ ਇਸ ਵੇਲੇ ਭਾਰਤ ਦੀਆਂ ਔਰਤਾਂ ਵਿੱਚ ਸਭ ਤੋਂ ਵੱਧ ਘਾਤਕ ਮੰਨੇ ਜਾਣ ਵਾਲੇ ਟ੍ਰਿਪਲ ਨੈਗੇਟਿਵ ਬ੍ਰੈਸਟ ਕੈਂਸਰ (Triple Negative Breast Cancer) ਲਈ ਇਸ ਤਕਨਾਲੋਜੀ ਨੂੰ ਵਿਕਸਿਤ ਕਰ ਰਹੀ ਹੈ। ਇਹ ਕੈਂਸਰ ਬਹੁਤ ਹਮਲਾਵਰ ਹੁੰਦਾ ਹੈ ਅਤੇ ਇਸ ਵਿੱਚ ਉਹ ਤਿੰਨ ਰੀਸੈਪਟਰ ਨਹੀਂ ਹੁੰਦੇ ਜਿਨ੍ਹਾਂ 'ਤੇ ਆਮ ਕੀਮੋਥੈਰੇਪੀ ਜਾਂ ਹਾਰਮੋਨਲ ਥੈਰੇਪੀ ਕੰਮ ਕਰਦੀ ਹੈ। ਜੇਕਰ ਨੋਇਡਾ ਦੀ ਇਹ ਲੈਬ ਬ੍ਰੈਸਟ ਕੈਂਸਰ ਵਰਗੇ ਠੋਸ ਟਿਊਮਰ ਦੇ ਕਵਚ ਨੂੰ ਤੋੜਨ ਵਿੱਚ ਸਫਲ ਹੋ ਜਾਂਦੀ ਹੈ, ਤਾਂ ਇਹ ਮੈਡੀਕਲ ਇਤਿਹਾਸ ਦੀ ਸਭ ਤੋਂ ਵੱਡੀ ਖੋਜਾਂ ਵਿੱਚੋਂ ਇੱਕ ਹੋਵੇਗੀ। ਇਹ ਉਨ੍ਹਾਂ ਲੱਖਾਂ ਮਾਵਾਂ-ਭੈਣਾਂ ਲਈ ਜ਼ਿੰਦਗੀ ਦਾ ਨਵਾਂ ਪੈਗਾਮ ਹੋਵੇਗਾ ਜਿਨ੍ਹਾਂ ਕੋਲ ਇਲਾਜ ਦੇ ਵਿਕਲਪ ਖ਼ਤਮ ਹੋ ਚੁੱਕੇ ਹਨ।

**ਭਾਰਤ ਦੀ ਵਿਸ਼ਵ ਪੱਧਰੀ ਪਛਾਣ :** ਇੱਕ ਸਮਾਂ ਸੀ ਜਦੋਂ ਭਾਰਤ ਪੱਛਮੀ ਦੇਸ਼ਾਂ ਵਿੱਚ ਵਿਕਸਿਤ ਹੋਣ ਵਾਲੀਆਂ ਦਵਾਈਆਂ ਅਤੇ ਥੈਰੇਪੀਆਂ ਲਈ ਦਹਾਕਿਆਂ ਤੱਕ ਇੰਤਜ਼ਾਰ ਕਰਦਾ ਸੀ। ਪਰ ਅੱਜ, ਨੋਇਡਾ ਦੀ ਇਸ ਲੈਬ ਨੇ ਸਾਬਤ ਕਰ ਦਿੱਤਾ ਹੈ ਕਿ ਭਾਰਤੀ ਵਿਗਿਆਨੀ ਅਤੇ ਡਾਕਟਰ ਸਿਰਫ਼ ਨਕਲ ਕਰਨ ਵਿੱਚ ਹੀ ਮਾਹਰ ਨਹੀਂ ਹਨ, ਬਲਕਿ ਉਹ ਦੁਨੀਆ ਨੂੰ ਨਵੀਂ ਦਿਸ਼ਾ ਦਿਖਾਉਣ ਵਾਲੀ 'ਮੌਲਿਕ ਖੋਜ' (Innovation) ਵੀ ਕਰ ਸਕਦੇ ਹਨ। ਇਸ ਮਾਡਲ ਨੂੰ ਭਾਰਤੀ ਪੇਟੈਂਟ ਦੇ ਨਾਲ-ਨਾਲ ਇੱਕ ਅਸਥਾਈ ਯੂਐਸ ਪੇਟੈਂਟ ਮਿਲਣਾ ਇਸ ਦੀ ਅੰਤਰਰਾਸ਼ਟਰੀ ਗੁਣਵੱਤਾ ਦਾ ਸਬੂਤ ਹੈ।

ਨੋਇਡਾ ਦੀ ਸੈਲੋਜਨ ਥੈਰਾਪਿਊਟਿਕਸ ਵੱਲੋਂ ਵਿਕਸਿਤ ਕੀਤੀ ਜਾ ਰਹੀ ਇਹ ਨਵੀਂ CAR-T ਥੈਰੇਪੀ ਭਾਰਤ ਵਿੱਚ ਕੈਂਸਰ ਦੇ ਇਲਾਜ ਦੇ ਇਤਿਹਾਸ ਨੂੰ ਦੋ ਹਿੱਸਿਆਂ ਵਿੱਚ ਵੰਡਣ ਦੀ ਸਮਰੱਥਾ ਰੱਖਦੀ ਹੈ। ਇਹ ਥੈਰੇਪੀ ਨਾ ਸਿਰਫ਼ ਕੈਂਸਰ ਦੇ ਮੁੜ ਵਾਪਸ ਆਉਣ ਦੇ ਡਰ ਨੂੰ ਖ਼ਤਮ ਕਰਦੀ ਹੈ, ਸਗੋਂ ਇਸ ਨੂੰ ਬੇਹੱਦ ਕਿਫ਼ਾਇਤੀ ਬਣਾ ਕੇ ਹਰ ਭਾਰਤੀ ਦੀ ਪਹੁੰਚ ਵਿੱਚ ਲਿਆਉਣ ਦਾ ਪਵਿੱਤਰ ਕਾਰਜ ਵੀ ਕਰ ਰਹੀ ਹੈ।

ਸਰਕਾਰ ਅਤੇ ਦੇਸ਼ ਦੇ ਵੱਡੇ ਕਾਰਪੋਰੇਟ ਜਗਤ ਨੂੰ ਚਾਹੀਦਾ ਹੈ ਕਿ ਉਹ ਅਜਿਹੀਆਂ ਦੇਸੀ ਖੋਜਾਂ ਨੂੰ ਵੱਧ ਤੋਂ ਵੱਧ ਫੰਡਿੰਗ ਅਤੇ ਪ੍ਰਸ਼ਾਸਨਿਕ ਸਹਿਯੋਗ ਦੇਣ। ਜੇਕਰ ਆਉਣ ਵਾਲੇ ਮਨੁੱਖੀ ਟਰਾਇਲ ਉਮੀਦ ਮੁਤਾਬਕ ਸਫਲ ਰਹਿੰਦੇ ਹਨ, ਤਾਂ ਉਹ ਦਿਨ ਦੂਰ ਨਹੀਂ ਜਦੋਂ ਭਾਰਤ ਨਾ ਸਿਰਫ਼ 'ਦੁਨੀਆ ਦੀ ਫਾਰਮੇਸੀ' ਕਹਾਏਗਾ, ਬਲਕਿ 'ਕੈਂਸਰ ਇਮਿਊਨੋਥੈਰੇਪੀ ਦੇ ਗਲੋਬਲ ਸੁਪਰਪਾਵਰ' ਵਜੋਂ ਉੱਭਰੇਗਾ। ਇਹ ਖੋਜ ਸਿਰਫ਼ ਵਿਗਿਆਨ ਦੀ ਜਿੱਤ ਨਹੀਂ, ਬਲਕਿ ਮਨੁੱਖਤਾ ਦੀ ਜ਼ਿੰਦਗੀ ਦੀ ਜਿੱਤ ਹੈ।

# ਅੱਖਾਂ ਹੇਠ ਕਾਲੇ ਘੇਰਿਆਂ ਨੂੰ ਇੰਝ ਕਰੋ ਦੂਰ

## ਸੌਣ ਤੋਂ ਪਹਿਲਾਂ ਰੂੰ ਨੂੰ ਗੁਲਾਬ ਦੇ ਪਾਣੀ ਵਿਚ ਡੁਬੋ ਕੇ ਥੋੜ੍ਹੀ ਦੇਰ ਤਕ ਅੱਖਾਂ 'ਤੇ ਲਗਾਉ

ਅੱਖਾਂ ਦੇ ਹੇਠਾਂ ਕਾਲੇ ਘੇਰੇ ਦੀ ਸਮੱਸਿਆ ਲੋਕਾਂ ਵਿਚ ਹੁਣ ਆਮ ਹੈ। ਇਹ ਸਮੱਸਿਆ ਮੁੱਖ ਤੌਰ 'ਤੇ ਔਰਤਾਂ ਵਿਚ ਵੇਖੀ ਜਾਂਦੀ ਹੈ। ਇਸ ਸਥਿਤੀ ਵਿਚ, ਤੁਹਾਡੀ ਰੋਜ਼ ਦੀ ਰੁਟੀਨ ਵਿਚ ਚਮੜੀ ਦੀ ਚੰਗੀ ਦੇਖਭਾਲ ਨਾ ਕਰਨ ਕਾਰਨ, ਚਮੜੀ ਵਿਚ ਗੰਦਗੀ ਜਮ੍ਹਾਂ ਹੋ ਜਾਂਦੀ ਹੈ। ਨਾਲ ਹੀ, ਦੇਰ ਰਾਤ ਤੱਕ ਨੀਂਦ ਨਾ ਆਉਣਾ, ਤਣਾਅ ਅਤੇ ਥਕਾਵਟ, ਪੌਸ਼ਟਿਕ ਚੀਜ਼ਾਂ ਨਾ ਲੈਣ ਨਾਲ ਇਸ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਆਉ ਜਾਣਦੇ ਹਾਂ ਕਾਲੇ ਘੇਰੇ ਦੇ ਪਿੱਛੇ ਲੁਕਵੇਂ ਕਾਰਨਾਂ ਦੇ ਨਾਲ-ਨਾਲ ਇਸ ਤੋਂ ਬਚਣ ਦੇ ਤਰੀਕਿਆਂ ਬਾਰੇ:



**ਅੱਖਾਂ ਦੇ ਹੇਠਾਂ ਆਏ ਕਾਲੇ ਘੇਰੇ ਦੇ ਕਾਰਨ:** ਕੰਮ ਦੇ ਵਧੇਰੇ ਤਣਾਅ ਦੇ ਕਾਰਨ, ਤੁਹਾਨੂੰ ਕਾਲੇ ਘੇਰੇ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਦੇਰ ਰਾਤ ਜਾਗਣ ਅਤੇ ਨੀਂਦ ਨਾ ਆਉਣ ਕਾਰਨ ਚਮੜੀ ਪੀਲੀ ਹੋਣੀ ਸ਼ੁਰੂ ਹੋ ਜਾਂਦੀ ਹੈ ਜਿਸ ਕਾਰਨ ਕਾਲੇ ਘੇਰੇ ਸਾਫ਼ ਦਿਖਾਈ ਦਿੰਦੇ ਹਨ। ਚਾਹ ਅਤੇ ਕੌਫੀ ਦਾ ਸੇਵਨ ਕਰਨ ਨਾਲ ਵੀ ਕਾਲੇ ਘੇਰੇ ਹੋ ਜਾਂਦੇ ਹਨ। ਮੈਕਅੱਪ ਉਤਾਰੇ ਬਿਨਾਂ ਸੌਂ ਜਾਣ ਤੇ, ਸਾਰੀ ਰਾਤ ਚਿਹਰੇ 'ਤੇ ਗੰਦਗੀ ਰਹਿੰਦੀ ਹੈ ਜਿਸ ਕਾਰਨ ਅੱਖਾਂ ਦੇ ਕਾਲੇ ਘੇਰੇ ਹੋ ਜਾਂਦੇ ਹਨ। ਗਰਭ ਅਵਸਥਾ ਅਤੇ ਪੀਰੀਅਡ ਦੇ ਸਮੇਂ, ਸਰੀਰ ਅੰਦਰ ਹਾਰਮੋਨਲ ਤਬਦੀਲੀਆਂ ਦੇ ਕਾਰਨ ਕਾਲੇ ਘੇਰੇ ਹੋ ਜਾਂਦੇ ਹਨ।

**ਅੱਖਾਂ ਦੇ ਹੇਠਾਂ ਕਾਲੇ ਘੇਰਿਆਂ ਤੋਂ ਬਚਣ ਦੇ ਉਪਾਅ:** ਸੌਣ ਤੋਂ ਪਹਿਲਾਂ ਮੈਕਅੱਪ ਨੂੰ ਹਟਾਉ। ਰੂੰ ਨੂੰ ਗੁਲਾਬ ਦੇ ਪਾਣੀ ਵਿਚ ਡੁਬੋ ਕੇ ਥੋੜ੍ਹੀ ਦੇਰ ਤਕ ਅੱਖਾਂ 'ਤੇ ਲਗਾਉ। ਹਰੀ ਚਾਹ ਨੂੰ ਅੱਖਾਂ ਦੇ ਉਪਰ 5-10 ਮਿੰਟ ਲਈ ਰੱਖਣ ਨਾਲ ਕਾਲੇ ਘੇਰੇ ਅਤੇ ਥਕਾਵਟ ਦੂਰ ਹੁੰਦੀ ਹੈ। ਵਿਟਾਮਿਨ ਈ ਕੈਪਸੂਲ ਦੇ ਜੈੱਲਾਂ ਨਾਲ ਅੱਖਾਂ ਦੀ ਮਾਲਿਸ਼ 5-6 ਮਿੰਟ ਲਈ ਕਰੋ। ਸੌਣ ਦਾ ਸਮਾਂ ਠੀਕ ਕਰੋ ਅਤੇ ਰੋਜ਼ਾਨਾ 7-8 ਘੰਟੇ ਦੀ ਨੀਂਦ ਲਉ। ਰੋਜ਼ਾਨਾ ਸਵੇਰੇ 25-30 ਮਿੰਟ ਲਈ ਯੋਗਾ ਕਰਨ ਨਾਲ, ਕਾਲੇ ਘੇਰੇ ਘਟਦੇ ਹਨ ਅਤੇ ਚਿਹਰੇ 'ਤੇ ਚਮਕ ਆਉਂਦੀ ਹੈ। ਪੌਸ਼ਟਿਕ ਚੀਜ਼ਾਂ ਖਾਉ ਜਿਵੇਂ ਹਰੀਆਂ ਸਬਜ਼ੀਆਂ, ਦਾਲਾਂ, ਜੂਸ, ਅਨਾਜ ਆਦਿ।







*ਬੱਚਿਆਂ ਲਈ ਯਕੀਨਨ ਹੀ ਖੇਡਾਂ ਦਾ ਸਮਾਂ ਨਿਰਧਾਰਿਤ ਹੋਣਾ ਬਹੁਤ ਜ਼ਰੂਰੀ ਹੈ। ਜਦੋਂ ਸਕੂਲ ਲਗਦੇ ਹੋਣ ਤਾਂ ਸਕੂਲ ਤੋਂ ਆਉਣ ਤੋਂ ਬਾਅਦ ਸ਼ਾਮ ਨੂੰ ਉਨ੍ਹਾਂ ਨੂੰ ਡੇਢ-ਦੋ ਘੰਟੇ ਸਮਾਂ ਤਾਂ ਖੇਡਣ ਲਈ ਮਿਲਣਾ ਹੀ ਚਾਹੀਦਾ ਹੈ। ਗਰਮੀਆਂ ਦੀਆਂ ਛੁੱਟੀਆਂ ਵਿਚ ਸਵੇਰੇ ਛੇ ਵਜੇ ਤੋਂ ਸੱਤ ਵਜੇ ਤੱਕ ਸਮਾਂ ਖੇਡਾਂ ਲਈ ਸਹੀ ਹੁੰਦਾ ਹੈ।*

ਖੇਡਾਂ ਦਾ ਆਪਣਾ ਹੀ ਮਹੱਤਵ ਹੈ। ਖੇਡਾਂ ਨਾਲ ਸਰੀਰ 'ਚ ਚੁਸਤੀ-ਫੁਰਤੀ ਆਉਂਦੀ ਹੈ ਅਤੇ ਬੱਚਿਆਂ ਦੀ ਕੰਮ ਕਰਨ ਦੀ ਤਾਕਤ ਵਧਦੀ ਹੈ। ਜਦੋਂ ਬੱਚੇ ਖੇਡਦੇ ਹਨ ਤਾਂ ਉਨ੍ਹਾਂ ਦਾ ਵਿਕਾਸ ਵੀ ਸਹੀ ਰਫ਼ਤਾਰ ਨਾਲ ਹੁੰਦਾ ਹੈ। ਖੇਡਣ ਵਾਲੇ ਤੇ ਇਕ ਹੀ ਥਾਂ ਹਮੇਸ਼ਾ ਡਟੇ ਰਹਿਣ ਵਾਲੇ ਬੱਚੇ ਕਾਫ਼ੀ ਮੋਟੇ ਤੇ ਆਲਸੀ ਬਣ ਜਾਂਦੇ ਹਨ। ਉਨ੍ਹਾਂ ਦੀ ਚਰਬੀ ਵਧ ਜਾਂਦੀ ਹੈ। ਖੇਡਾਂ ਨਾਲ ਬੱਚਿਆਂ ਦੇ ਸਰੀਰ ਦੇ ਅੰਗ ਜ਼ਿਆਦਾ ਸਰਗਰਮ ਤੇ ਲਚੀਲੇ ਰਹਿੰਦੇ ਹਨ। ਇਸ ਨਾਲ ਉਨ੍ਹਾਂ ਨੂੰ ਸਮੇਂ ਸਿਰ ਭੁੱਖ ਲਗਦੀ ਹੈ ਤੇ ਚੰਗੀ ਨੀਂਦ ਆਉਂਦੀ ਹੈ। ਉਹ ਸਮੇਂ ਸਿਰ ਜਾਗ ਸਕਦੇ ਹਨ ਤੇ ਆਪਣੇ ਕੰਮ ਨਿਪਟਾ ਸਕਦੇ ਹਨ। ਖੇਡਣ ਦਾ ਕਾਫ਼ੀ ਮੌਕਾ ਨਾ ਪਾਉਣ ਵਾਲੇ ਬੱਚਿਆਂ ਵਿਚ ਹੱਡੀਆਂ ਦੀ ਕਮਜ਼ੋਰੀ ਤੇ ਦਰਦ ਦੀ ਸ਼ਿਕਾਇਤ ਵੀ ਦੇਖੀ ਜਾ ਸਕਦੀ ਹੈ। ਖੇਡਾਂ ਬੱਚਿਆਂ ਦੀਆਂ ਮਾਸਪੇਸ਼ੀਆਂ ਤੇ ਖ਼ੂਨ ਸੰਚਾਰ ਨੂੰ ਦਰੁਸਤ ਬਣਾਈ ਰੱਖਦੀਆਂ ਹਨ।

ਖੇਡਾਂ ਦਾ ਸਹੀ ਮੌਕਾ ਹਾਸਿਲ ਕਰਨ ਵਾਲੇ ਬੱਚਿਆਂ ਦਾ ਮਾਨਸਿਕ ਵਿਕਾਸ ਵੀ ਤੇਜ਼ ਰਫ਼ਤਾਰ ਨਾਲ ਹੁੰਦਾ ਹੈ। ਖੇਡਾਂ ਵਿਚ ਰੁੱਝੇ ਰਹਿ ਕੇ ਉਹ ਤਣਾਅ ਤੋਂ ਕਾਫ਼ੀ ਦੂਰ ਹੋ ਜਾਂਦੇ ਹਨ। ਇਸ ਨਾਲ ਉਹ ਕਾਇਰ ਤੇ ਸੁਸਤ ਹੋ ਜਾਂਦੇ ਹਨ। ਖੇਡਾਂ ਵਿਚ ਹਿੱਸਾ ਲੈਣ ਵਾਲੇ ਬੱਚੇ ਦਿਮਾਗ਼ੀ ਤਾਜ਼ਗੀ ਦੇ ਧਨੀ ਹੁੰਦੇ ਹਨ ਅਤੇ ਉਨ੍ਹਾਂ ਵਿਚ ਪੜ੍ਹਨ-ਲਿਖਣ ਦੀ ਤਾਕਤ ਦਾ ਵਿਕਾਸ ਹੁੰਦਾ ਹੈ।

ਖੇਡਣ ਨਾਲ ਬੱਚਿਆਂ ਦਾ ਸਮਾਜਿਕ ਵਿਕਾਸ ਮਜ਼ਬੂਤ ਰਹਿੰਦਾ ਹੈ। ਖੇਡਾਂ ਦਾ ਮੈਦਾਨ ਇਕ ਇਸ ਤਰ੍ਹਾਂ ਦੀ ਥਾਂ ਹੁੰਦੀ ਹੈ, ਜਿਥੇ ਹਰ ਵਰਗ ਤੇ ਹਰ ਤਬਕੇ ਦੇ ਬੱਚੇ ਖੇਡਣ ਲਈ ਆਉਂਦੇ ਹਨ। ਸਭ ਨਾਲ ਮਿਲ-ਜੁਲ ਕੇ ਖੇਡਣ ਵਾਲੇ ਬੱਚੇ ਸਮਾਜ ਨੂੰ ਸਮਝਦੇ ਹਨ। ਉਹ ਆਪਣੀ ਜ਼ਿੰਮੇਦਾਰੀ ਨਿਰਧਾਰਿਤ ਕਰਦੇ ਹਨ। ਖੇਡਾਂ ਦੌਰਾਨ ਵੀ ਬੱਚੇ ਸਕੂਲ ਦੀ ਤਰ੍ਹਾਂ ਆਪਣੇ ਪਿਆਰੇ ਮਿੱਤਰ ਨੂੰ ਲੱਭ ਪਾਉਂਦੇ ਹਨ ਅਤੇ ਉਨ੍ਹਾਂ ਦੇ ਨਾਲ ਬੈਠ ਪਾਉਂਦੇ ਹਨ। ਉਂਝ ਵੀ ਬੱਚਿਆਂ ਲਈ ਹਮਉਮਰ ਬੱਚਿਆਂ ਨਾਲ ਲਗਾਤਾਰ ਸਮਾਂ ਗੁਜ਼ਾਰਨਾ ਰੋਮਾਂਚਕ ਹੁੰਦਾ ਹੈ।

ਖੇਡਾਂ ਨਾਲ ਬੱਚਿਆਂ ਵਿਚ ਸਮਾਜਿਕ ਅਨੁਸ਼ਾਸਨ ਵੀ ਪੈਦਾ ਹੁੰਦਾ ਹੈ। ਬੱਚੇ ਖ਼ੁਦ ਨਿਰਧਾਰਿਤ ਕਰਨ ਲਗਦੇ ਹਨ ਕਿ ਉਨ੍ਹਾਂ ਨੂੰ ਕੀ ਤੇ ਕਿੰਨਾ ਖੇਡਣਾ ਚਾਹੀਦਾ ਹੈ। ਹੌਲੀ-ਹੌਲੀ ਉਹ ਖੇਡ ਦੀ ਪੂਰੀ ਮਹੱਤਤਾ ਨੂੰ ਸਮਝਣ ਲਗਦੇ ਹਨ। ਫਿਰ ਖੇਡਾਂ ਉਨ੍ਹਾਂ ਲਈ ਮਾਰ-ਕੁੱਟ ਤੇ ਹੰਗਾਮੇ ਦੀ ਚੀਜ਼ ਨਹੀਂ ਰਹਿ ਜਾਂਦੀਆਂ ਸਗੋਂ ਰੋਜ਼ਮਰ੍ਹਾ ਦੀ ਜ਼ਰੂਰਤ ਬਣ ਜਾਂਦੀਆਂ ਹਨ। ਬੱਚਿਆਂ ਲਈ ਯਕੀਨਨ ਹੀ ਖੇਡਾਂ ਦਾ ਸਮਾਂ ਨਿਰਧਾਰਿਤ ਹੋਣਾ ਬਹੁਤ ਜ਼ਰੂਰੀ ਹੈ। ਜਦੋਂ ਸਕੂਲ ਲਗਦੇ ਹੋਣ ਤਾਂ ਸਕੂਲ ਤੋਂ ਆਉਣ ਤੋਂ ਬਾਅਦ ਸ਼ਾਮ ਨੂੰ ਉਨ੍ਹਾਂ ਨੂੰ ਡੇਢ-ਦੋ ਘੰਟੇ ਸਮਾਂ ਤਾਂ ਖੇਡਣ ਲਈ ਮਿਲਣਾ ਹੀ ਚਾਹੀਦਾ ਹੈ। ਗਰਮੀਆਂ ਦੀਆਂ ਛੁੱਟੀਆਂ ਵਿਚ ਸਵੇਰੇ ਛੇ ਵਜੇ ਤੋਂ ਸੱਤ ਵਜੇ ਤੱਕ ਸਮਾਂ ਖੇਡਾਂ ਲਈ ਸਹੀ ਹੁੰਦਾ ਹੈ।

ਸ਼ਾਮ ਦੀ ਖੇਡ ਵੀ ਲਗਾਤਾਰ ਹੋਣੀ ਚਾਹੀਦੀ ਹੈ। ਇਹ ਵੀ ਠੀਕ ਨਹੀਂ ਕਿ ਬੱਚਾ ਖੇਡਣ ਲਈ ਨਿਕਲੇ ਅਤੇ ਕਿਸੇ ਕੋਨੇ ਵਿਚ ਲੁੱਕ ਕੇ ਲੂਡੋ ਜਾਂ ਕੈਰਮ ਖੇਡਣ ਲੱਗੇ। ਬੱਚਿਆਂ ਦੇ ਖੇਡਣ ਦਾ ਮਤਲਬ ਹੈ ਕਸਰਤ ਨਾਲ ਹੀ ਹੈ। ਕ੍ਰਿਕਟ, ਫੁੱਟਬਾਲ, ਸਾਈਕਲਿੰਗ ਆਦਿ ਖੇਡਾਂ ਬੱਚਿਆਂ ਲਈ ਆਦਰਸ਼ ਖੇਡਾਂ ਹਨ।

ਉਂਝ ਵੀ ਖੇਡਾਂ ਬੱਚਿਆਂ ਦੀ ਉਮਰ 'ਤੇ ਨਿਰਭਰ ਕਰਦੀਆਂ ਹਨ। ਤਿੰਨ ਸਾਲ ਦੀ ਉਮਰ ਤੱਕ ਤਾਂ ਬੱਚੇ ਘਰ ਵਿਚ ਰਹਿਣਾ ਤੇ ਦਾਦਾ-ਦਾਦੀ, ਮਾਤਾ-ਪਿਤਾ ਤੇ ਭਰਾ-ਭੈਣ ਨਾਲ ਖੇਡਣਾ ਹੀ ਪਸੰਦ ਕਰਦੇ ਹਨ। ਪੰਜ-ਛੇ ਸਾਲ ਤੱਕ ਦੇ ਬੱਚਿਆਂ ਨੂੰ ਸਾਈਕਲ ਚਲਾਉਣਾ, ਹਮਉਮਰ ਬੱਚਿਆਂ ਨਾਲ ਖੇਡਣਾ ਪਸੰਦ ਆਉਂਦਾ ਹੈ। ਇਸ ਤੋਂ ਉੱਪਰ ਦੇ ਬੱਚਿਆਂ ਨੂੰ ਕ੍ਰਿਕਟ, ਫੁੱਟਬਾਲ ਵਗੈਰਾ ਚੰਗੇ ਲਗਦੇ ਹਨ।

ਹੁਣ ਇਸ ਤਰ੍ਹਾਂ ਦਾ ਸਮਾਂ ਆ ਗਿਆ ਹੈ ਕਿ ਬੱਚਿਆਂ ਵਿਚ ਖੇਡਣ ਪ੍ਰਤੀ ਇਕ ਤਰ੍ਹਾਂ ਦੀ ਉਦਾਸੀਨਤਾ ਘਰ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਕੰਪਿਊਟਰ ਜਾਂ ਟੀ.ਵੀ. ਦੇ ਪਰਦੇ ਨਾਲ ਚੁੰਬੜੇ ਰਹਿਣਾ ਜ਼ਿਆਦਾ ਚੰਗਾ ਲਗਦਾ ਹੈ ਪਰ ਇਸ ਤੋਂ ਬੱਚਿਆਂ ਦਾ ਮਨੋਰੰਜਨ ਘੱਟ ਹੁੰਦਾ ਹੈ ਅਤੇ ਉਨ੍ਹਾਂ ਦੇ ਦਿਮਾਗ਼ 'ਤੇ ਦਬਾਅ ਜ਼ਿਆਦਾ ਪੈਂਦਾ ਹੈ। ਇਸ ਲਈ ਮਾਤਾ-ਪਿਤਾ ਤੇ ਵੱਡਿਆਂ ਦਾ ਇਹ ਫ਼ਰਜ਼ ਬਣਦਾ ਹੈ ਕਿ ਬੱਚਿਆਂ ਨੂੰ ਲਗਾਤਾਰ ਖੇਡਣ ਲਈ ਉਤਸ਼ਾਹਿਤ ਕਰਨ ਕੰਪਿਊਟਰ ਅਤੇ ਟੀ.ਵੀ. ਤੋਂ ਉਨ੍ਹਾਂ ਦੀ ਦੂਰੀ ਬਣਾਈ ਰੱਖੋ।

ਮਾਤਾ-ਪਿਤਾ ਇਹ ਵੀ ਹਮੇਸ਼ਾ ਧਿਆਨ ਵਿਚ ਰੱਖਣ ਕਿ ਬੱਚਿਆਂ ਨੂੰ ਕਾਪੀਆਂ-ਕਿਤਾਬਾਂ ਵਿਚ ਖਪਾ ਦੇਣਾ ਮਹਿੰਗਾ ਪੈ ਸਕਦਾ ਹੈ ਕਿਉਂਕਿ ਦਿਮਾਗ਼ੀ ਅਤੇ ਸਰੀਰਕ ਤੌਰ 'ਤੇ ਬਰਾਬਰ ਦੌੜ ਲਗਾਉਣ ਵਿਚ ਹੀ ਖ਼ੁਸ਼ੀ ਦਾ ਖਜ਼ਾਨਾ ਲੁਕਿਆ ਹੈ।

# ਖੇਡਣਾ ਜ਼ਰੂਰੀ ਹੈ ਬੱਚਿਆਂ ਦੀ ਸਿਹਤ ਲਈ

ਆਰ ਸੂਰਿਆ ਕੁਮਾਰੀ



## ਕਰਜ਼ੇ ਅਤੇ ਸਬਸਿਡੀਆਂ ਦੇ ਜਾਲ 'ਚ

# ਫਸਿਆ ਪੰਜਾਬ




*ਪੰਜਾਬ ਦੀ ਵਿੱਤੀ ਸਥਿਤੀ ਨੂੰ ਸੁਧਾਰਨ ਲਈ ਸਿਰਫ਼ ਕਰਜ਼ੇ ਲੈ ਕੇ ਖਰਚੇ ਚਲਾਉਣ ਦੀ ਨੀਤੀ ਲੰਮੇ ਸਮੇਂ ਤੱਕ ਨਹੀਂ ਚੱਲ ਸਕਦੀ ਕਿਉਂਕਿ ਇਹ ਭਿਆਨਕ ਰੂਪ ਧਾਰਨ ਕਰ ਸਕਦੀ ਹੈ ।*

**ਡਾ. ਕੇਸਰ ਸਿੰਘ ਭੰਗੂ**

ਪੰਜਾਬ ਦੀ ਆਰਥਿਕਤਾ ਪਿਛਲੇ ਲੰਮੇ ਸਮੇਂ ਤੋਂ ਵਿੱਤੀ ਪ੍ਰਬੰਧਨ ਦੀਆਂ ਖਾਮੀਆਂ ਅਤੇ ਲਗਾਤਾਰ ਅਣਚਾਹੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਜੂਨ 2026 ਵਿੱਚ ਭਾਰਤ ਦੇ ਕੰਪਟਰੋਲਰ ਐਂਡ ਆਡਿਟਰ ਜਨਰਲ (ਕੈਗ) ਵੱਲੋਂ ਜਾਰੀ ਕੀਤੇ ਗਏ 28 ਸੂਬਿਆਂ ਦੇ ਵਿੱਤ ਸਬੰਧੀ ਸੂਬਿਆਂ ਦੇ 2024-25 ਦੇ ਬਜਟਾਂ ਦੇ ਅਧਿਐਨ ਅਨੁਸਾਰ ਦੇਸ਼ ਦੇ ਸਾਰੇ ਸੂਬੇ ਵਿੱਤੀ ਘਾਟੇ ਵਿੱਚ ਹਨ ਪਰ ਪੰਜਾਬ, ਦੇਸ਼ ਦੇ ਉਨ੍ਹਾਂ 18 ਸੂਬਿਆਂ ਵਿੱਚ ਸ਼ਾਮਲ ਹੈ ਜਿਹੜੇ ਵਿੱਤੀ ਪ੍ਰਬੰਧਨ ਅਤੇ ਵੱਡੇ ਮਾਲੀਆ ਘਾਟੇ ਸਬੰਧੀ ਮੁਸ਼ਕਲਾਂ ਵਿੱਚ ਫਸੇ ਹੋਏ ਹਨ।ਕੈਗ ਦੀ ਰਿਪੋਰਟ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਦੇਸ਼ ਦੇ ਇਹ ਸਾਰੇ ਸੂਬੇ ਵੋਟਰਾਂ ਨੂੰ ਭਰਮਾਉਣ ਲਈ ਖ਼ਾਸ ਕਰਕੇ ਚੋਣਾਂ ਨੇੜਲੇ ਸਾਲਾਂ ਦੌਰਾਨ ਮੁਫ਼ਤ ਸਹੂਲਤਾਂ, ਬਗ਼ੈਰ ਵਿਕਾਸ ਯੋਜਨਾਵਾਂ ਤੋਂ ਰੈਲੀਆਂ ਵਿੱਚ ਵਿਕਾਸ ਕਾਰਜਾਂ ਦੇ ਨਾਮ 'ਤੇ ਚੈੱਕ ਵੰਡਣੇ, ਲੋਕ ਲੁਭਾਊ ਸਕੀਮਾਂ ਅਤੇ ਥੋਕ ਵਿੱਚ ਸਬਸਿਡੀਆਂ ਲਾਗੂ ਕਰਨ ਕਰਕੇ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।ਨਾਲ ਹੀ ਮਾਰਚ 2026 ਵਿੱਚ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੀਆਂ ਗਈਆਂ ਪੰਜਾਬ ਸੰਬੰਧੀ ਕੈਗ ਦੀਆਂ ਵਿੱਤੀ ਆਡਿਟ ਰਿਪੋਰਟਾਂ ਨੇ ਇੱਕ ਵਾਰ ਫਿਰ ਇਹ ਸਪੱਸ਼ਟ ਕੀਤਾ ਹੈ ਕਿ ਪੰਜਾਬ ਵਿੱਤੀ ਹਾਲਤ ਦੇ ਹਿਸਾਬ ਨਾਲ ਦੇਸ਼ ਦੇ ਸਭ ਤੋਂ ਵੱਧ ਖ਼ਰਾਬ ਹਾਲਤ ਵਾਲੇ ਸੂਬਿਆਂ 'ਚ ਸ਼ਾਮਲ ਹੈ। ਸੂਬੇ ਦਾ ਲਗਾਤਾਰ ਵਧਦਾ ਕਰਜ਼ਾ, ਲਗਾਤਾਰ ਵਧਦਾ ਮਾਲੀਆ ਘਾਟਾ, ਵੱਡੀ ਮਾਤਰਾ ਵਿੱਚ ਵਿਆਜ ਅਤੇ ਮੂਲ ਦਾ ਭੁਗਤਾਨ ਅਤੇ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਨੇ ਵਿਕਾਸ ਲਈ ਉਪਲਬਧ ਵਿੱਤੀ ਸਰੋਤਾਂ ਨੂੰ ਬਹੁਤ ਵੱਡਾ ਖੋਰਾ ਲਾਇਆ ਹੈ।

ਕੈਗ ਦੀ 2023-24 ਦੀ ਵਿੱਤੀ ਰਿਪੋਰਟ ਅਨੁਸਾਰ ਪੰਜਾਬ ਦਾ ਮਾਲੀਆ ਘਾਟਾ ਜਿਹੜਾ 2019-20 ਵਿੱਚ 14,285 ਕਰੋੜ ਰੁਪਏ ਸੀ, ਵਧ ਕੇ 2023-24 ਵਿੱਚ 28,215 ਕਰੋੜ ਰੁਪਏ ਹੋ ਗਿਆ। ਇਹ ਸੂਬੇ ਦੇ ਕੁੱਲ ਘਰੇਲੂ ਉਤਪਾਦ ਦਾ 3.79 ਪ੍ਰਤੀਸ਼ਤ ਬਣਦਾ ਹੈ। ਇਸ ਦਾ ਸਿੱਧਾ ਅਰਥ ਹੈ ਕਿ ਪੰਜਾਬ ਨੂੰ ਆਪਣੀਆਂ ਦਿਨ-ਪ੍ਰਤੀ-ਦਿਨ ਦੀਆਂ ਲੋੜਾਂ ਅਤੇ ਆਮ ਖਰਚਿਆਂ ਨੂੰ ਪੂਰਾ ਕਰਨ ਲਈ ਵੀ ਕਰਜ਼ਾ ਲੈਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਸੇ ਤਰ੍ਹਾਂ ਸੂਬੇ ਦਾ ਵਿੱਤੀ ਘਾਟਾ ਜਿਹੜਾ 2023-24 ਵਿੱਚ 33,115 ਕਰੋੜ ਰੁਪਏ ਭਾਵ ਕੁੱਲ ਘਰੇਲੂ ਉਤਪਾਦ ਦੇ 4.45 ਫ਼ੀਸਦੀ ਤੱਕ ਪਹੁੰਚ ਗਿਆ ਸੀ। ਜਦੋਂ ਕਿ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (FRBM) ਐਕਟ, 2003 ਦੇ ਮਾਪਦੰਡਾਂ ਅਨੁਸਾਰ ਵਿੱਤੀ ਘਾਟਾ ਆਮ ਤੌਰ 'ਤੇ 3 ਫ਼ੀਸਦੀ ਤੋਂ ਵੱਧ ਨਹੀਂ ਹੋਣਾ ਚਾਹੀਦਾ। ਕੈਗ ਨੇ ਇਹ ਵੀ ਸਾਹਮਣੇ ਲਿਆਂਦਾ ਹੈ ਕਿ ਪੰਜਾਬ ਦੀਆਂ ਕੁੱਲ ਦੇਣਦਾਰੀਆਂ ਕੁੱਲ ਘਰੇਲੂ ਉਤਪਾਦ ਦੇ 44.27 ਫ਼ੀਸਦੀ ਤੱਕ ਪਹੁੰਚ ਗਈਆਂ ਹਨ।ਰਿਪੋਰਟ ਅਨੁਸਾਰ 2023-24 ਵਿੱਚ ਸੂਬੇ ਦਾ ਕੁੱਲ ਕਰਜ਼ਾ ਅਤੇ ਹੋਰ ਦੇਣਦਾਰੀਆਂ ਲਗਪਗ 3.46 ਲੱਖ ਕਰੋੜ ਰੁਪਏ ਸਨ। ਜਿਹੜਾ ਕਿ ਹੁਣ ਵਧ ਕੇ 4 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਹੋ ਗਿਆ ਹੈ।

2024-25 ਦੇ ਬਜਟ ਵਿੱਚ ਪੰਜਾਬ ਸਰਕਾਰ ਨੇ ਮਾਲੀਆ ਘਾਟਾ 23,198 ਕਰੋੜ ਰੁਪਏ ਅਤੇ ਵਿੱਤੀ ਘਾਟਾ 30,465 ਕਰੋੜ ਰੁਪਏ ਰੱਖਣ ਦਾ ਟੀਚਾ ਨਿਰਧਾਰਿਤ ਕੀਤਾ ਸੀ। ਇਹ ਕ੍ਰਮਵਾਰ ਸੂਬੇ ਦੇ ਕੁੱਲ ਘਰੇਲੂ ਉਤਪਾਦ ਦਾ 2.89 ਫ਼ੀਸਦੀ ਅਤੇ 3.8 ਫ਼ੀਸਦੀ ਦੇ ਬਰਾਬਰ ਸੀ। ਪਰ ਸਰਕਾਰ ਦਾ ਦਾਅਵਾ ਸੀ ਕਿ ਕਰ ਇਕੱਤਰਤਾ ਵਿੱਚ ਵਾਧਾ, ਆਬਕਾਰੀ ਆਮਦਨ ਵਿੱਚ ਸੁਧਾਰ ਅਤੇ ਆਰਥਿਕ ਵਿਕਾਸ ਦੀ ਗਤੀ ਨਾਲ ਵਿੱਤੀ ਹਾਲਤ ਸੁਧਰੇਗੀ। ਪਰ ਕੈਗ ਦੇ ਅੰਕੜੇ ਦੱਸਦੇ ਹਨ ਕਿ ਖਰਚੇ ਆਮਦਨ ਨਾਲੋਂ ਕਾਫ਼ੀ ਤੇਜ਼ੀ ਨਾਲ ਵਧ ਰਹੇ ਹਨ। 2023-24 ਵਿੱਚ ਸੂਬੇ ਦੀ ਕੁੱਲ ਮਾਲੀਆ ਪ੍ਰਾਪਤੀਆਂ 89,192 ਕਰੋੜ ਰੁਪਏ ਸਨ, ਜਦਕਿ ਮਾਲੀਆ ਖਰਚਾ 1,17,407 ਕਰੋੜ ਰੁਪਏ ਤੱਕ ਪਹੁੰਚ ਗਿਆ ਸੀ। ਇਹ ਸਥਿਤੀ ਸਪੱਸ਼ਟ ਦਰਸਾਉਂਦੀ ਹੈ ਕਿ ਬਜਟ ਵਿੱਚ ਕੀਤੇ ਦਾਅਵੇ ਵਿੱਤੀ ਸੁਧਾਰਾਂ ਦੇ ਟੀਚੇ ਅਸਲੀਅਤ ਵਿੱਚ ਪ੍ਰਾਪਤ ਕਰਨੇ ਬਹੁਤ ਮੁਸ਼ਕਲ ਸਨ।ਕੈਗ ਦੀ ਸੂਬੇ ਦੇ ਵਿੱਤ ਸਬੰਧੀ ਤਾਜ਼ਾ ਰਿਪੋਰਟ ਮੁਤਾਬਕ ਪੰਜਾਬ ਉਨ੍ਹਾਂ ਸੂਬਿਆਂ ਵਿੱਚੋਂ ਇੱਕ ਹੈ ਜਿੱਥੇ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਉਤੇ ਸਭ ਤੋਂ ਵੱਧ ਖਰਚ ਹੁੰਦਾ ਹੈ। 2024-25 ਵਿੱਚ ਪੰਜਾਬ ਨੇ ਆਪਣੇ ਕੁੱਲ ਖਰਚ ਦਾ







13.5 ਪ੍ਰਤੀਸ਼ਤ ਤੋਂ ਵੱਧ ਹਿੱਸਾ ਸਬਸਿਡੀਆਂ 'ਤੇ ਖਰਚ ਕੀਤਾ। 2023-24 ਵਿੱਚ ਇਕੱਲੀ ਬਿਜਲੀ ਸਬਸਿਡੀ 'ਤੇ ਹੀ ਲਗਪਗ 18,770 ਕਰੋੜ ਰੁਪਏ ਖਰਚ ਹੋਏ। ਇਹ ਰਕਮ ਸੂਬੇ ਦੇ ਪੂੰਜੀਗਤ ਨਿਵੇਸ਼ ਨਾਲੋਂ ਕਈ ਗੁਣਾ ਵੱਧ ਸੀ।ਖੇਤੀਬਾੜੀ ਲਈ ਮੁਫ਼ਤ ਬਿਜਲੀ ਅਤੇ ਹੋਰ ਲੋਕ ਲੁਭਾਊ ਮੁਫ਼ਤ ਯੋਜਨਾਵਾਂ ਰਾਜਨੀਤਕ, ਖ਼ਾਸ ਕਰ ਕੇ ਵੋਟਾਂ ਬਟੋਰਨ ਲਈ ਤਾਂ ਲਾਭਕਾਰੀ ਹੋ ਸਕਦੀਆਂ ਹਨ, ਪਰ ਲੰਮੇ ਸਮੇਂ ਵਿੱਚ ਇਹ ਸੂਬੇ ਦੀ ਵਿੱਤੀ ਸਥਿਰਤਾ ਲਈ ਚੁਣੌਤੀ ਬਣ ਰਹੀਆਂ ਹਨ।

ਕਿਸੇ ਵੀ ਸੂਬੇ ਦੇ ਆਰਥਿਕ ਵਿਕਾਸ ਅਤੇ ਸਥਿਰਤਾ ਦਾ ਇੱਕ ਮਹੱਤਵਪੂਰਨ ਸੂਚਕ ਉਸ ਦਾ ਪੂੰਜੀਗਤ ਖਰਚਾ ਹੁੰਦਾ ਹੈ। ਇਹ ਉਹ ਖਰਚਾ ਹੈ ਜੋ ਸੜਕਾਂ, ਸਿੰਜਾਈ, ਸਿੱਖਿਆ, ਸਿਹਤ ਅਤੇ ਉਦਯੋਗਿਕ ਬੁਨਿਆਦੀ ਢਾਂਚੇ 'ਤੇ ਹੁੰਦਾ ਹੈ। ਕੈਗ ਰਿਪੋਰਟ ਅਨੁਸਾਰ 2023-24 ਵਿੱਚ ਪੰਜਾਬ ਨੇ ਆਪਣੇ ਕੁੱਲ ਖਰਚ ਦਾ ਸਿਰਫ਼ 3.88 ਪ੍ਰਤੀਸ਼ਤ ਹਿੱਸਾ ਪੂੰਜੀਗਤ ਨਿਵੇਸ਼ ਲਈ ਵਰਤਿਆ। ਇਹ ਲਗਪਗ 4,743 ਕਰੋੜ ਰੁਪਏ ਸੀ। ਇਸ ਦੇ ਵੱਡੇ ਦੋ ਕਾਰਨ ਹਨ। ਪਹਿਲਾ, ਸੂਬੇ ਦੀ ਵੱਡੀ ਆਮਦਨ ਤਨਖਾਹਾਂ, ਪੈਨਸ਼ਨਾਂ ਅਤੇ ਵਿਆਜ ਅਦਾਇਗੀਆਂ ਵਿੱਚ ਖਰਚ ਹੋ ਜਾਂਦੀ ਹੈ। ਰਿਪੋਰਟ ਅਨੁਸਾਰ ਇਹ ਬੱਝਵੇਂ ਖ਼ਰਚੇ ਕੁੱਲ ਮਾਲੀਆ ਖ਼ਰਚੇ ਦਾ 65 ਫ਼ੀਸਦੀ ਬਣਦਾ ਹੈ।ਦੂਜਾ, ਸੂਬੇ ਦੇ ਬਜਟ ਦੇ ਆਕਾਰ ਦਾ ਛੋਟਾ ਹੋਣਾ ਹੈ।ਨਤੀਜੇ ਵਜੋਂ, ਜਦੋਂ ਸੂਬੇ ਦੀ ਆਮਦਨ ਦਾ ਵੱਡਾ ਹਿੱਸਾ ਪਹਿਲਾਂ ਹੀ ਨਿਰਧਾਰਿਤ ਅਤੇ ਬੱਝਵੇਂ ਖਰਚਿਆਂ ਵਿੱਚ ਲੱਗ ਜਾਂਦਾ ਹੈ ਤਾਂ ਵਿਕਾਸ ਅਤੇ ਪੂੰਜੀਗਤ ਖਰਚਿਆਂ ਲਈ ਬਜਟ ਦਾ ਬਹੁਤ ਘੱਟ ਹਿੱਸਾ ਬਚਦੇ ਹਨ। ਪੰਜਾਬ ਦੀ ਵਿੱਤੀ ਹਾਲਤ ਨੂੰ ਸਮਝਣ ਲਈ ਇਸ ਦਾ ਹੋਰ ਸੂਬਿਆਂ ਨਾਲ ਤੁਲਨਾਤਮਕ ਅਧਿਐਨ ਕਰਨਾ ਵੀ ਜ਼ਰੂਰੀ ਹੈ।

ਕੈਗ ਦੇ ਅਧਿਐਨ ਅਨੁਸਾਰ 2023-24 ਵਿੱਚ 16 ਸੂਬਿਆਂ ਦਾ ਮਾਲੀਆ ਵਾਧੂ ਇਕੱਤਰ ਕਰਨ ਦੀ ਸ਼ ਸ਼੍ਰੇਣੀ ਵਿੱਚ ਸਨ। ਉੱਤਰ ਪ੍ਰਦੇਸ਼ ਨੇ 37,000 ਕਰੋੜ ਰੁਪਏ ਤੋਂ ਵੱਧ ਦਾ ਮਾਲੀਆ ਵਾਧਾ ਦਰਜ ਕੀਤਾ, ਜੋ ਗੁਜਰਾਤ ਨਾਲੋਂ ਵੀ ਦੁੱਗਣਾ ਸੀ। ਇਸਦੇ ਉਲਟ ਪੰਜਾਬ ਲਗਾਤਾਰ ਵੱਡੇ ਮਾਲੀਆ ਘਾਟੇ ਵਾਲੇ ਸੂਬਿਆਂ ਵਿੱਚ ਸ਼ਾਮਲ ਰਿਹਾ। ਜੂਨ 2026 ਦੀ ਕੈਗ ਰਿਪੋਰਟ ਅਨੁਸਾਰ ਆਂਧਰਾ ਪ੍ਰਦੇਸ਼ 2024-25 ਵਿੱਚ ਸਭ ਤੋਂ ਵੱਡੇ ਮਾਲੀਆ ਘਾਟੇ ਵਾਲਾ ਸੂਬਾ ਰਿਹਾ, ਜਦਕਿ ਪੰਜਾਬ ਵੀ ਉੱਚ ਘਾਟੇ ਵਾਲੇ ਸੂਬਿਆਂ ਵਿੱਚ ਗਿਣਿਆ ਗਿਆ। ਸੂਬਿਆਂ ਦੇ ਸਮੂਹਿਕ ਪੱਧਰ 'ਤੇ 2025-26 ਲਈ ਔਸਤ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦ ਦੇ ਲਗਪਗ 3.14 ਫ਼ੀਸਦੀ ਦੇ ਨੇੜੇ ਕਿਆਸਿਆ ਗਿਆ ਹੈ, ਜਦਕਿ ਪੰਜਾਬ ਦਾ ਵਿੱਤੀ ਘਾਟਾ ਲਗਾਤਾਰ 4 ਫ਼ੀਸਦੀ ਜਾਂ ਇਸ ਤੋਂ ਉੱਪਰ ਦੇ ਪੱਧਰ 'ਤੇ ਬਣਿਆ ਹੋਇਆ ਹੈ। ਇਹ ਸਪੱਸ਼ਟ ਕਰਦਾ ਹੈ ਕਿ ਪੰਜਾਬ ਦੀ ਵਿੱਤੀ ਸਥਿਤੀ ਰਾਸ਼ਟਰੀ ਔਸਤ ਨਾਲੋਂ ਕਮਜ਼ੋਰ ਹੈ।

### ਕੀ ਪੰਜਾਬ ਕਰਜ਼ੇ ਦੇ ਜਾਲ ਵਿੱਚ ਫਸ ਰਿਹਾ ਹੈ ?

ਕੈਗ ਨੇ ਹਾਲ ਹੀ ਵਿੱਚ ਇੱਕ ਹੋਰ ਮਹੱਤਵਪੂਰਨ




ਵਿਸ਼ੇ, ਭਾਵ ਬਜਟ ਤੋਂ ਬਾਹਰ ਲਏ ਜਾਂਦੇ ਕਰਜ਼ਿਆਂ ਦਾ ਮੁੱਦਾ ਉਭਾਰਿਆ ਹੈ। ਇਹ ਉਹ ਕਰਜ਼ੇ ਹੁੰਦੇ ਹਨ ਜੋ ਸਰਕਾਰੀ ਏਜੰਸੀਆਂ ਜਾਂ ਨਿਗਮਾਂ/ਬੋਰਡਾਂ ਰਾਹੀਂ ਲਏ ਜਾਂਦੇ ਹਨ ਪਰ ਸ਼ੁਰੂਆਤੀ ਤੌਰ 'ਤੇ ਬਜਟ ਵਿੱਚ ਸਪੱਸ਼ਟ ਤੌਰ 'ਤੇ ਨਹੀਂ ਦਿਖਾਈ ਦਿੰਦੇ, ਇਸ ਨਾਲ ਅਸਲ ਕਰਜ਼ੇ ਦੀ ਸਥਿਤੀ ਦਾ ਅੰਦਾਜ਼ਾ ਲਾਉਣਾ ਬਹੁਤ ਮੁਸ਼ਕਲ ਹੁੰਦਾ ਹੈ। ਪੰਜਾਬ ਦੇ ਮਾਮਲੇ ਵਿੱਚ ਕੈਗ ਨੇ 2023-24 ਦੌਰਾਨ 4,093 ਕਰੋੜ ਰੁਪਏ ਦੇ ਬਜਟ ਤੋਂ ਬਾਹਰ ਲਏ ਗਏ ਕਰਜ਼ਿਆਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ। ਮਾਰਚ 2026 ਤੱਕ ਦੇ ਅੰਕੜਿਆਂ ਅਨੁਸਾਰ ਪੰਜਾਬ ਦਾ ਕੁੱਲ ਕਰਜ਼ਾ ਅਤੇ ਦੇਣਦਾਰੀਆਂ 4 ਲੱਖ ਕਰੋੜ ਰੁਪਏ ਤੋਂ ਉੱਪਰ ਪਹੁੰਚ ਚੁੱਕੀਆਂ ਸਨ। 2026-27 ਦੇ ਬਜਟ ਅਨੁਮਾਨਾਂ ਵਿੱਚ ਇਹ ਰਕਮ 4.47 ਲੱਖ ਕਰੋੜ ਰੁਪਏ ਤੱਕ ਜਾਣ ਦੀ ਸੰਭਾਵਨਾ ਹੈ, ਚੋਣਾਂ ਦਾ ਸਾਲ ਹੋਣ ਕਰਕੇ ਇਹ ਕਰਜ਼ਾ ਹੋਰ ਵਧਣ ਦੀ ਸੰਭਾਵਨਾ ਹੈ। ਜੇਕਰ ਪੰਜਾਬ ਸਿਰ ਚੜ੍ਹੇ ਕਰਜ਼ੇ ਦੇ ਇੱਕ ਹੋਰ ਮਹੱਤਵਪੂਰਨ ਪਹਿਲੂ ਵੱਲ ਗੰਭੀਰਤਾ ਨਾਲ ਨਿਗ੍ਹਾ ਮਾਰੀਏ ਤਾਂ ਸਥਿਤੀ ਹੋਰ ਵੀ ਨਿਰਾਸ਼ਾਜਨਕ ਪ੍ਰਤੀਤ ਹੁੰਦੀ ਹੈ।

ਇਹ ਪਹਿਲੂ ਹੈ ਕਿ ਹਰ ਪੰਜਾਬੀ ਸਿਰ, ਭਾਵ ਪ੍ਰਤੀ ਵਿਅਕਤੀ, ਕਰਜ਼ੇ ਦਾ ਭਾਰ 2011-12 ਵਿੱਚ 30,000 ਰੁਪਏ ਸੀ। ਜਿਹੜਾ 2021-22 ਵਿੱਚ ਵਧ ਕੇ 94,000 ਰੁਪਏ ਹੋ ਗਿਆ ਸੀ, ਅਤੇ 2025-26 ਵਿੱਚ, 1,33,000 ਰੁਪਏ ਤੱਕ ਅੱਪੜ ਗਿਆ ਸੀ। ਹੁਣ ਇਹ ਵੀ ਅੰਦਾਜ਼ੇ ਹਨ ਮਾਰਚ 2027 ਤੱਕ ਹਰ ਪੰਜਾਬੀ ਸਿਰ ਕਰਜ਼ਾ ਵਧ ਕੇ 1,42,000 ਰੁਪਏ ਹੋ ਜਾਵੇਗਾ। ਜੇਕਰ ਕਰਜ਼ਾ ਇਸੇ ਤਰ੍ਹਾਂ ਵਧਦਾ ਰਿਹਾ ਤਾਂ ਭਵਿੱਖ ਵਿੱਚ ਵਿਆਜ ਅਤੇ ਮੂਲ ਭੁਗਤਾਨ ਸੂਬੇ ਦੀ ਵਿੱਤੀ ਸਥਿਤੀ ਨੂੰ ਹੋਰ ਗੰਭੀਰ ਬਣਾ ਸਕਦੇ ਹਨ। ਪੰਜਾਬ ਦੀ ਵਿੱਤੀ ਸਥਿਤੀ ਨੂੰ ਸੁਧਾਰਨ ਲਈ ਸਿਰਫ਼ ਕਰਜ਼ੇ ਲੈ ਕੇ ਖਰਚੇ ਚਲਾਉਣ ਦੀ ਨੀਤੀ ਲੰਮੇ ਸਮੇਂ ਤੱਕ ਨਹੀਂ ਚੱਲ ਸਕਦੀ ਕਿਉਂਕਿ ਇਹ ਭਿਆਨਕ ਰੂਪ ਧਾਰਨ ਕਰ ਸਕਦੀ ਹੈ। ਇਸ ਲਈ ਪੰਜਾਬ ਦੇ ਵਿੱਤੀ ਹਾਲਾਤ ਨੂੰ ਸੁਧਾਰਨ ਦੀਆਂ ਕੋਸ਼ਿਸ਼ਾਂ ਰਾਜਨੀਤੀ ਤੋਂ ਉੱਪਰ ਉੱਠ ਕੇ ਕਰਨੀਆਂ ਚਾਹੀਦੀਆਂ ਹਨ ਅਤੇ ਇਹ ਬਹੁਤ ਜ਼ਰੂਰੀ ਵੀ ਹਨ।ਮੁਫ਼ਤ ਸਹੂਲਤਾਂ, ਸਬਸਿਡੀਆਂ ਖ਼ਾਸ ਕਰਕੇ ਬਿਜਲੀ ਸਬਸਿਡੀ ਨੂੰ ਕੇਵਲ ਲੋੜਵੰਦਾਂ ਨੂੰ ਹੀ ਦੇ ਕੇ ਤਰਕਸੰਗਤ ਬਣਾਇਆ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਵਸਤਾਂ ਅਤੇ ਸੇਵਾਵਾਂ ਟੈਕਸ ਸਬੰਧੀ ਸੂਬੇ ਵੱਲੋਂ ਹੋਰ ਕਰਾਂ ਦੀ ਵਸੂਲੀ ਵਿੱਚ ਚੋਰ ਮੋਰੀਆਂ ਨੂੰ ਬੰਦ ਕਰਕੇ ਕਰਾਂ ਦੀ ਵਸੂਲੀ ਵਿੱਚ ਸੁਧਾਰ ਕਰਨਾ ਚਾਹੀਦਾ ਹੈ। ਸੂਬੇ ਦੇ ਬਜਟ ਵਿੱਚ ਪੂੰਜੀਗਤ ਨਿਵੇਸ਼ ਦਾ ਹਿੱਸਾ ਕਾਫ਼ੀ ਵਧਾਉਣਾ ਚਾਹੀਦਾ ਹੈ ਤਾਂ ਜੋ ਲੋੜੀਂਦਾ ਰੁਜ਼ਗਾਰ ਅਤੇ ਮੁੱਢਲੇ ਢਾਂਚੇ ਦੀ ਉਸਾਰੀ ਕੀਤੀ ਜਾ ਸਕੇ।

ਇਵੇਂ ਹੀ ਬਜਟ ਤੋਂ ਬਾਹਰ ਲਏ ਜਾਣ ਵਾਲੇ ਕਰਜ਼ਿਆਂ 'ਚ ਪੂਰੀ ਪਾਰਦਰਸ਼ਤਾ ਲਿਆਉਣ ਦੀ ਲੋੜ ਹੈ ਤਾਂ ਜੋ ਸਹੀ ਤਸਵੀਰ ਸਾਹਮਣੇ ਆ ਸਕੇ।ਅੰਤ ਵਿੱਚ ਸਰਕਾਰਾਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਕਰਜ਼ੇ ਦੀ ਮਾਤਰਾ ਨੂੰ ਘੱਟ ਕਰਕੇ ਵਿਆਜ ਅਤੇ ਮੂਲ ਦੇ ਭੁਗਤਾਨ ਨੂੰ ਵੀ ਨੱਥ ਪਾਈ ਜਾ ਸਕੇ।ਜੂਨ 2026 ਦੀ ਕੈਗ ਰਿਪੋਰਟ ਅਤੇ ਪੰਜਾਬ ਦੇ 2024-25 ਬਜਟ ਦੇ ਅੰਕੜੇ ਸਪੱਸ਼ਟ ਸੰਦੇਸ਼ ਦਿੰਦੇ ਹਨ ਕਿ ਪੰਜਾਬ ਦੀ ਵਿੱਤੀ ਹਾਲਤ ਕਾਫੀ ਗੰਭੀਰ ਅਤੇ ਨਾਜ਼ੁਕ ਦੌਰ ਵਿੱਚ ਹੈ। ਵਧਦਾ ਮਾਲੀਆ ਘਾਟਾ, ਮਣਾਂ-ਮੂੰਹੀਂ ਕਰਜ਼ਾ, ਮੁਫ਼ਤ ਸਹੂਲਤਾਂ, ਵੱਡੀਆਂ ਸਬਸਿਡੀਆਂ ਅਤੇ ਘੱਟ ਪੂੰਜੀਗਤ ਨਿਵੇਸ਼ ਸੂਬੇ ਦੀ ਵਿਕਾਸ ਸਮਰੱਥਾ ਨੂੰ ਪ੍ਰਭਾਵਿਤ ਕਰ ਰਹੇ ਹਨ। ਕਈ ਹੋਰ ਸੂਬੇ ਮਾਲੀਆ ਵਾਧਾ ਹਾਸਲ ਕਰ ਰਹੇ ਹਨ, ਪਰ ਪੰਜਾਬ ਅਜੇ ਵੀ ਦਿਨ-ਪ੍ਰਤੀ-ਦਿਨ ਦੇ ਖਰਚੇ ਚਲਾਉਣ ਲਈ ਕਰਜ਼ੇ 'ਤੇ ਨਿਰਭਰ ਹੈ।ਜੇਕਰ ਵਿੱਤੀ ਅਨੁਸ਼ਾਸਨ, ਆਮਦਨ ਵਾਧੇ ਅਤੇ ਖਰਚਿਆਂ ਨੂੰ ਤਰਕਸੰਗਤ ਬਣਾਉਣ ਵੱਲ ਤੁਰੰਤ ਕਦਮ ਨਾ ਚੁੱਕੇ ਗਏ ਤਾਂ ਆਉਣ ਵਾਲੇ ਸਾਲਾਂ ਵਿੱਚ ਪੰਜਾਬ ਲਈ ਕਰਜ਼ੇ ਦੇ ਵਿਆਜ ਅਤੇ ਮੂਲ ਦਾ ਬੋਝ ਹੋਰ ਗੰਭੀਰ ਚੁਣੌਤੀ ਬਣ ਸਕਦਾ ਹੈ।



# ਸਿਰ ਚੜ੍ਹ ਬੋਲਿਆ ਫੁੱਟਬਾਲ ਦਾ ਜਨੂੰਨ

*ਫੀਫਾ ਦਾ ਫੁਟਬਾਲ ਕੱਪ ਦੁਨੀਆ ਦਾ ਸਭ ਤੋਂ ਵੱਡਾ ਖੇਡ ਮੇਲਾ ਹੈ। ਇਹ ਓਲੰਪਿਕ ਖੇਡਾਂ ਦੇ ਅੱਧ-ਵਿਚਾਲੇ ਹਰ ਚਾਰ ਸਾਲ ਬਾਅਦ ਹੁੰਦਾ ਹੈ। ਆਧੁਨਿਕ ਓਲੰਪਿਕ ਖੇਡਾਂ 1896 ਤੋਂ ਸ਼ੁਰੂ ਹੋਈਆਂ ਸਨ ਤੇ ਫੀਫਾ ਆਲਮੀ ਕੱਪ 1930 ਤੋਂ ਸ਼ੁਰੂ ਹੋਇਆ। 2018 ਦਾ 21ਵਾਂ ਆਲਮੀ ਕੱਪ 3.57 ਬਿਲੀਅਨ ਭਾਵ 357 ਕਰੋੜ ਦਰਸ਼ਕਾਂ ਨੇ ਵੇਖਿਆ ਸੀ।*

**ਪ੍ਰਿੰਸੀਪਲ ਸਰਵਣ ਸਿੰਘ**

ਵਿਦਵਾਨ ਲੇਖਕ ਬਰਨਾਰਡ ਸ਼ਾਅ ਨੇ ਪਤਾ ਨਹੀਂ ਕਿਹੜੇ ਰੌਅ ਵਿੱਚ ਕਿਹਾ ਸੀ ਕਿ 22 ਜਣੇ ਮੂਰਖ ਹਨ, ਜਿਹੜੇ ਇੱਕ ਗੇਂਦ ਪਿੱਛੇ ਮੈਦਾਨ ਵਿੱਚ ਸਿਰਤੋੜ ਦੌੜੇ ਫਿਰਦੇ ਹਨ। 11 ਜਣੇ ਇੱਕ ਪਾਸੇ ਨੂੰ ਠੁੱਡੇ ਮਾਰੀ ਜਾਂਦੇ ਹਨ, 11 ਜਣੇ ਦੂਜੇ ਪਾਸੇ ਨੂੰ। ਕਮਲੇ ਕਿਤੋਂ ਦੇ! ਉਸ ਦੇ ਕਹਿਣ ਮੁਤਾਬਿਕ 22 ਜਣੇ ਤਾਂ ਪਤਾ ਨਹੀਂ ਕਿੰਨੇ ਕੁ ਕਮਲੇ ਹੋਣਗੇ ਪਰ ਸੱਚਾਈ ਇਹੋ ਹੈ ਕਿ ਉਨ੍ਹਾਂ ਨੇ ਸਿਆਣੀ-ਬਿਆਣੀ ਅੱਧੋਂ ਵੱਧ ਦੁਨੀਆ ਕਮਲੀ ਕੀਤੀ ਹੋਈ ਹੈ! 2022 ਦਾ 22ਵਾਂ ਆਲਮੀ ਕੱਪ 5 ਅਰਬ ਲੋਕਾਂ ਨੇ ਵੇਖਿਆ ਤੇ 23ਵਾਂ ਕੱਪ ਮੁਮਕਿਨ ਹੈ 6 ਅਰਬ ਲੋਕ ਵੇਖਣ। ਅਰਬਾਂ-ਖਰਬਾਂ ਰੁਪਏ, ਸਮਾਂ ਅਤੇ ਸਾਧਨ ਲੱਗ ਜਾਂਦੇ ਹਨ ਇਨ੍ਹਾਂ ਆਲਮੀ ਕੱਪਾਂ ਉੱਤੇ। ਜੂਨ-ਜੁਲਾਈ ਫੁਟਬਾਲ ਦੀ ਚਰਚਾ ਦੇ ਮਹੀਨੇ ਬਣੇ ਰਹੇ। ਤਿੰਨ ਮੁਲਕਾਂ ਕੈਨੇਡਾ, ਅਮਰੀਕਾ ਤੇ ਮੈਕਸੀਕੋ ਵਿਚਲੇ 16 ਸ਼ਹਿਰਾਂ ਦੇ ਵਿਸ਼ਾਲ ਸਟੇਡੀਅਮ, ਪ੍ਰਬੰਧਕਾਂ, ਖਿਡਾਰੀਆਂ ਤੇ ਮੀਡੀਆਕਾਰਾਂ ਨਾਲ ਨੱਕੋ-ਨੱਕ ਭਰੇ ਰਹੇ। ਕਰੋੜਾਂ-ਅਰਬਾਂ ਡਾਲਰਾਂ ਦੀਆਂ ਸ਼ਰਤਾਂ ਲੱਗੀਆਂ ਤੇ ਸੱਟਾ ਖੇਡਿਆ ਗਿਆ। ਜਿੱਤਾਂ ਦੀਆਂ ਖ਼ੁਸ਼ੀਆਂ ਮਨਾਈਆਂ ਗਈਆਂ ਤੇ ਹਾਰਾਂ ਦੇ ਹੰਝੂ ਵਹਾਏ ਗਏ। ਫੀਫਾ ਕੱਪ ਦੀਆਂ ਖ਼ਬਰਾਂ ਤੋਂ ਵੱਡੀ ਖ਼ਬਰ ਕੇਵਲ ਤੀਜੀ ਆਲਮੀ ਜੰਗ ਹੀ ਹੋ ਸਕਦੀ ਸੀ। ਰੇਡੀਓ, ਟੀ ਵੀ, ਅਖ਼ਬਾਰ ਤੇ ਇੰਟਰਨੈੱਟ ਦੇ ਹੋਰ ਮਾਧਿਅਮ ਆਲਮੀ ਕੱਪ ਦੀਆਂ ਖ਼ਬਰਾਂ ਨਾਲ ਭਰੇ ਰਹੇ। 22 ਬੰਦਿਆਂ ਦੇ ਪੈਰਾਂ ਤੇ ਸਿਰਾਂ ਦੀ ਖੇਡ ਨੇ ਕਰੋੜਾਂ ਲੋਕਾਂ ਦੇ ਸਿਰ ਘੁਮਾਈ ਰੱਖੇ ਤੇ ਫੁਟਬਾਲ ਦੇ ਦੀਵਾਨਿਆਂ ਨੂੰ ਪਹਿਲੇ ਤੋੜ ਦਾ ਨਸ਼ਾ ਚਾੜ੍ਹੀ ਰੱਖਿਆ! ਉਨ੍ਹਾਂ ਦੀਆਂ ਹਾਕਾਂ-ਕਿਲਕਾਰੀਆਂ ਪੂਰੇ ਜੱਗ-ਜਹਾਨ ਦੀ ਹਵਾ ਵਿੱਚ ਗੂੰਜਦੀਆਂ ਰਹੀਆਂ।

ਫੁਟਬਾਲ ਦੇ ਸ਼ੈਦਾਈ ਲੋਕਾਂ ਨੇ ਤਾਂ ਸ਼ਰਤਾਂ ਲਾਉਣੀਆਂ ਹੀ ਸਨ, ਅਰਜਨਟੀਨਾ ਤੇ ਸਪੇਨ ਦੇ ਹਮਾਇਤੀਆਂ ਨੇ ਵੀ ਜਿੱਤ-ਹਾਰ ਦਾ ਜੂਆ ਖੇਡਣਾ ਸੀ, ਹੈਰਾਨੀ ਇਸ ਗੱਲ ਦੀ ਹੈ ਕਿ ਬਠਿੰਡੇ ਦੇ ਬਾਣੀਆਂ, ਜਿਨ੍ਹਾਂ ਦਾ ਫੁਟਬਾਲ ਨਾਲ ਕੋਈ ਲੈਣ-ਦੇਣ ਨਹੀਂ ਸੀ, ਉਨ੍ਹਾਂ ਨੇ ਵੀ ਅਰਜਨਟੀਨਾ ਜਾਂ ਸਪੇਨ ਦੀ ਜਿੱਤ-ਹਾਰ ਉੱਤੇ ਲੱਖਾਂ ਦਾ ਸੱਟਾ ਖੇਡਿਆ। ਆਖ਼ਰ ਸਪੇਨ ਨੇ ਮੈਚ ਦੇ ਵਾਧੂ ਸਮੇਂ ਵਿੱਚ ਗੋਲ ਕਰ ਕੇ 1-0 ਨਾਲ 2026 ਦਾ ਆਲਮੀ ਕੱਪ ਜਿੱਤ ਲਿਆ, ਜੋ ਉਸ ਦਾ ਦੂਜਾ ਵਿਸ਼ਵ ਕੱਪ ਹੈ। ਇਸ ਦੇ ਨਾਲ ਹੀ ਫਰਾਂਸ ਦਾ ਕਿਲੀਅਨ ਅੰਬਾਪੇ ਇਸ ਆਲਮੀ ਕੱਪ ਵਿੱਚ ਸਭ ਤੋਂ ਵੱਧ 10 ਗੋਲ ਕਰ ਕੇ 'ਗੋਲਡਨ ਬੂਟ' ਜਿੱਤ ਗਿਆ। ਮੈਸੀ 8 ਗੋਲਾਂ ਨਾਲ ਉਸ ਤੋਂ ਪਿੱਛੇ ਰਹਿ ਗਿਆ।

ਕੋਈ ਮੰਨੇ ਨਾ ਮੰਨੇ ਪਰ ਫੁਟਬਾਲ ਦੀ ਖੇਡ ਵਿੱਚ ਕਮਾਲ ਦੀ ਕਸ਼ਿਸ਼ ਹੈ। ਉਹ ਬਰਨਾਰਡ ਸ਼ਾਅ ਨੂੰ ਤਾਂ ਭਾਵੇਂ ਆਪਣੇ ਵੱਲ ਨਹੀਂ ਖਿੱਚ ਸਕੀ ਪਰ ਪੂਰੇ ਸੰਸਾਰ ਨੂੰ ਆਪਣੇ ਪੰਜਿਆਂ ਵਿੱਚ ਜਕੜੀ ਬੈਠੀ ਹੈ। ਇਹਦੀ ਇੱਕ-ਇੱਕ ਕਿੱਕ ਨੇ ਲੱਖਾਂ ਨਿਗਾਹਾਂ ਬੰਨ੍ਹੀ ਰੱਖੀਆਂ। ਫੁਟਬਾਲ ਦੁਨੀਆ ਦੀ ਸਭ ਤੋਂ ਵੱਧ ਦਰਸ਼ਨੀ ਖੇਡ ਸਾਬਤ ਹੋਈ ਹੈ। ਤਦੇ ਇਹ ਦੁਨੀਆ ਦੇ ਸਾਰੇ ਹੀ ਮੁਲਕਾਂ ਵਿੱਚ ਖੇਡੀ ਜਾਂਦੀ ਹੈ। ਫੁਟਬਾਲ ਦੀ ਕੌਮਾਂਤਰੀ ਫੈਡਰੇਸ਼ਨ ਫੀਫਾ ਦੇ 211 ਦੇਸ਼ ਤੇ ਖੇਤਰ (ਟੈਰੇਟਰੀਆਂ) ਮੈਂਬਰ ਹਨ।

ਫੀਫਾ ਦਾ ਫੁਟਬਾਲ ਕੱਪ ਦੁਨੀਆ ਦਾ ਸਭ ਤੋਂ ਵੱਡਾ ਖੇਡ ਮੇਲਾ ਹੈ। ਇਹ ਓਲੰਪਿਕ ਖੇਡਾਂ ਦੇ ਅੱਧ-ਵਿਚਾਲੇ ਹਰ ਚਾਰ ਸਾਲ ਬਾਅਦ ਹੁੰਦਾ ਹੈ। ਆਧੁਨਿਕ ਓਲੰਪਿਕ ਖੇਡਾਂ 1896 ਤੋਂ ਸ਼ੁਰੂ ਹੋਈਆਂ ਸਨ ਤੇ ਫੀਫਾ ਆਲਮੀ ਕੱਪ 1930 ਤੋਂ ਸ਼ੁਰੂ ਹੋਇਆ। 2018 ਦਾ 21ਵਾਂ ਆਲਮੀ ਕੱਪ 3.57 ਬਿਲੀਅਨ ਭਾਵ 357 ਕਰੋੜ ਦਰਸ਼ਕਾਂ ਨੇ ਵੇਖਿਆ ਸੀ। 2022 ਦਾ ਕੱਪ 500 ਕਰੋੜ ਯਾਨੀ ਦੁਨੀਆ ਦੀ ਅੱਧੋਂ ਵੱਧ






ਆਬਾਦੀ ਨੇ ਵੇਖਿਆ। 11 ਜੂਨ 2026 ਤੋਂ ਸ਼ੁਰੂ ਹੋਏ ਤੇ 19 ਜੁਲਾਈ ਨੂੰ ਸਮਾਪਤ ਹੋਏ ਅਜੋਕੇ 23ਵੇਂ ਆਲਮੀ ਕੱਪ ਦੇ ਦਰਸ਼ਕਾਂ ਦੀ ਗਿਣਤੀ ਦਾ ਹਿਸਾਬ ਲਗਾਇਆ ਜਾ ਰਿਹਾ ਹੈ, ਜੋ ਹੋ ਸਕਦਾ ਹੈ 600 ਕਰੋੜ ਤੋਂ ਵੀ ਟੱਪ ਜਾਵੇ! 2022 ਦੇ ਕੱਪ ਦਾ ਫਾਈਨਲ ਮੈਚ ਦੁਨੀਆ ਦੇ ਲਗਪਗ 150 ਕਰੋੜ ਲੋਕਾਂ ਨੇ ਵੇਖਿਆ ਸੀ।

ਅਜੋਕੇ ਆਲਮੀ ਕੱਪ ਵਿੱਚ ਪਹਿਲੇ ਸਾਰੇ ਵਿਸ਼ਵ ਕੱਪਾਂ ਨਾਲੋਂ ਵਧੇਰੇ, ਕੁੱਲ 104 ਮੈਚ ਖੇਡੇ ਗਏ ਹਨ, ਜਿਨ੍ਹਾਂ ਵਿੱਚ ਫੀਫਾ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਗੋਲ ਹੋਏ ਹਨ। 211 ਦੇਸ਼ਾਂ/ਖੇਤਰਾਂ ਵਿੱਚੋਂ 48 ਦੇਸ਼ਾਂ ਦੀਆਂ ਕੌਮੀ ਟੀਮਾਂ ਨੇ ਆਲਮੀ ਕੱਪ ਲਈ ਕੁਆਲੀਫਾਈ ਕੀਤਾ ਸੀ। ਚਾਰ ਸਾਲਾਂ ਬਾਅਦ ਹੁੰਦੇ ਆ ਰਹੇ ਆਲਮੀ ਕੱਪਾਂ ਵਿੱਚ ਹੁਣ ਤੱਕ 80 ਮੁਲਕਾਂ ਦੀਆਂ ਨੈਸ਼ਨਲ ਟੀਮਾਂ ਭਾਗ ਲੈ ਚੁੱਕੀਆਂ ਹਨ। ਉਨ੍ਹਾਂ ਵਿੱਚ 5 ਲੱਖ ਤੋਂ ਘੱਟ ਆਬਾਦੀ ਵਾਲੇ ਦੇਸ਼ ਵੀ ਹਨ, ਜਿਨ੍ਹਾਂ ਨੂੰ ਅਰਜਨਟੀਨਾ ਦੀ ਵਿਸ਼ਵ ਚੈਂਪੀਅਨ ਟੀਮ ਨਿਰਧਾਰਿਤ ਸਮੇਂ ਵਿੱਚ ਨਹੀਂ ਸੀ ਹਰਾ ਸਕੀ। ਇਸ ਦੇ ਉਲਟ, ਜਨਸੰਖਿਆ ਪੱਖੋਂ ਦੁਨੀਆ ਦੇ ਸਭ ਤੋਂ ਵੱਡੇ ਦੇਸ਼ ਭਾਰਤ ਦੀ ਕੌਮੀ ਟੀਮ ਫੀਫਾ ਕੱਪ ਦੇ 96 ਸਾਲਾ ਇਤਿਹਾਸ ਵਿੱਚ ਇੱਕ ਵਾਰ ਵੀ ਇਹ ਕੱਪ ਖੇਡਣ ਦੇ ਯੋਗ ਨਹੀਂ ਹੋ ਸਕੀ। ਐਵੇਂ ਹਵਾ ਵਿੱਚ ਹੀ ਵਿਸ਼ਵ ਗੁਰੂ ਬਣ ਜਾਣ ਦੀਆਂ ਸ਼ੇਖ਼ੀਆਂ ਮਾਰੀ ਜਾਣ ਦੀ ਗੱਲ ਹੋਰ ਹੈ। ਇੰਡੀਆ ਅਥਵਾ ਭਾਰਤ ਨੇ ਫੁਟਬਾਲ ਦਾ ਆਲਮੀ ਕੱਪ ਤਾਂ ਕੀ ਕਰਵਾਉਣਾ ਸੀ, ਉਹ ਓਲੰਪਿਕ ਖੇਡਾਂ ਦੇ 130 ਸਾਲਾਂ ਦੇ ਇਤਿਹਾਸ ਵਿੱਚ ਇੱਕ ਵਾਰ ਵੀ ਓਲੰਪਿਕ ਖੇਡਾਂ ਨਹੀਂ ਕਰਵਾ ਸਕਿਆ। ਜੇਕਰ 2036 ਜਾਂ 2040 ਦੀਆਂ ਓਲੰਪਿਕ ਖੇਡਾਂ ਵੀ 'ਭਾਰਤ ਮਹਾਨ' ਆਪਣੀ ਸਰਜ਼ਮੀਨ ਉੱਤੇ ਕਰਵਾ ਜਾਵੇ ਤਾਂ ਬਹੁਤ ਭਲੀ ਗੱਲ ਹੋਵੇਗੀ।

ਇਸ ਖੋਜ ਬਾਰੇ ਹਾਲੇ ਵੀ ਮੱਤਭੇਦ ਹਨ ਕਿ ਫੁਟਬਾਲ ਦੀ ਖੇਡ ਦਾ ਜਨਮ ਚੀਨ ਵਿੱਚ ਹੋਇਆ, ਇਟਲੀ ਵਿੱਚ ਜਾਂ ਅਫ਼ਰੀਕਾ ਵਿੱਚ? ਪਰ ਇਸ ਤੱਥ ਨਾਲ ਸਭ ਸਹਿਮਤ ਹਨ ਕਿ ਬਰਤਾਨੀਆ ਨੇ ਇਸ ਖੇਡ ਨੂੰ ਅਪਣਾਇਆ ਅਤੇ ਸੰਵਾਰਿਆ। ਫਿਰ ਫੀਫਾ ਬਣੀ, ਜਿਸ ਦਾ ਮੁੱਖ ਮਕਸਦ ਫੁਟਬਾਲ ਦੀ ਖੇਡ ਨੂੰ ਕੁੱਲ ਦੁਨੀਆ ਵਿੱਚ ਮਕਬੂਲ ਕਰਨਾ ਸੀ। 1920 ਵਿੱਚ ਫਰਾਂਸ ਦਾ ਇੱਕ ਵਕੀਲ ਜੂਲਸ ਰੀਮੇ ਫੀਫਾ ਦਾ ਪ੍ਰਧਾਨ ਬਣਿਆ। ਉਹ 1954 ਤੱਕ ਇਸ ਅਹੁਦੇ ਉੱਤੇ ਰਿਹਾ। ਉਸ ਦੇ ਮਨ ਵਿੱਚ ਵਿਚਾਰ ਆਇਆ ਕਿ ਫੁਟਬਾਲ ਦੀ ਖੇਡ ਦਾ ਹਰ ਚਾਰ ਸਾਲ ਬਾਅਦ ਵਰਲਡ ਕੱਪ ਟੂਰਨਾਮੈਂਟ ਕਰਵਾਇਆ ਜਾਵੇ ਤਾਂ ਜੋ ਇਹ ਖੇਡ ਹੋਰ ਵਿਕਾਸ ਕਰੇ ਤੇ ਹੋਰ ਹਰਮਨ ਪਿਆਰੀ ਬਣੇ। ਫੁਟਬਾਲ ਦੀ ਆਲਮੀ ਸਰਦਾਰੀ ਦਾ ਚਿੰਨ੍ਹ ਸੋਨੇ ਦੀ ਪਰਤ ਚੜ੍ਹੇ ਚਾਂਦੀ ਨਾਲ ਤਿਆਰ ਕੀਤੇ ਕੱਪ ਨੂੰ ਬਣਾਇਆ ਗਿਆ, ਜਿਸ ਦਾ ਨਾਂ 'ਜੂਲਸ ਰੀਮੇ ਟਰਾਫੀ' ਰੱਖਿਆ ਗਿਆ। ਇਹ ਕੱਪ ਚਲੰਤ ਸੀ ਪਰ ਨਾਲ ਇਹ ਵੀ ਕਿਹਾ ਗਿਆ ਕਿ ਜਿਹੜਾ ਮੁਲਕ ਇਸ ਨੂੰ ਤਿੰਨ ਵਾਰ ਜਿੱਤ ਲਵੇਗਾ, ਇਹ ਹਮੇਸ਼ਾ ਲਈ ਉਸ ਦਾ ਹੋ ਜਾਵੇਗਾ।

ਪਹਿਲਾ ਵਰਲਡ ਕੱਪ ਕਰਵਾਉਣ ਲਈ ਉਰੂਗੁਏ, ਇਟਲੀ, ਹਾਲੈਂਡ, ਸਪੇਨ ਤੇ ਸਵੀਡਨ ਨੇ ਪੇਸ਼ਕਸ਼ ਕੀਤੀ ਸੀ। ਜਦੋਂ ਫੀਫਾ ਵੱਲੋਂ ਉਰੂਗੁਏ ਨੂੰ ਇਹ ਜ਼ਿੰਮੇਵਾਰੀ ਸੌਂਪ ਦਿੱਤੀ ਗਈ ਤਾਂ ਬਾਕੀ ਚਾਰੇ ਮੁਲਕ ਰੁੱਸ ਗਏ। ਉਨ੍ਹਾਂ ਨੇ ਪਹਿਲੇ ਆਲਮੀ ਕੱਪ ਵਿੱਚ ਆਪਣੀਆਂ ਟੀਮਾਂ ਨਾ ਭੇਜੀਆਂ। ਪਹਿਲੇ ਆਲਮੀ ਕੱਪ ਦਾ ਪਹਿਲਾ ਮੈਚ 13 ਜੁਲਾਈ 1930 ਨੂੰ ਫਰਾਂਸ ਤੇ ਮੈਕਸੀਕੋ ਦੀਆਂ ਟੀਮਾਂ ਵਿਚਾਲੇ ਉਰੂਗੁਏ ਦੇ




ਪੋਸੀਤੋਸ ਸਟੇਡੀਅਮ ਵਿੱਚ ਖੇਡਿਆ ਗਿਆ, ਜੋ ਫਰਾਂਸ ਨੇ ਜਿੱਤਿਆ। ਪਹਿਲਾ ਗੋਲ ਕਰਨ ਦਾ ਸਿਹਰਾ ਫਰਾਂਸੀਸੀ ਖਿਡਾਰੀ ਲੂਈ ਲਾਰੋਂ ਦੇ ਸਿਰ ਬੱਝਾ। ਉਦੋਂ ਸਿਰਫ਼ 13 ਮੁਲਕਾਂ ਦੀਆਂ ਟੀਮਾਂ ਨੇ ਹੀ ਵਿਸ਼ਵ ਕੱਪ ਵਿੱਚ ਭਾਗ ਲਿਆ। ਫਾਈਨਲ ਮੈਚ ਉਰੂਗੁਏ ਤੇ ਅਰਜਨਟੀਨਾ ਦੀਆਂ ਟੀਮਾਂ ਵਿਚਕਾਰ ਹੋਇਆ, ਜਿਸ ਨੂੰ ਉਰੂਗੁਏ ਨੇ 4-2 ਗੋਲਾਂ ਨਾਲ ਜਿੱਤ ਕੇ, ਪ੍ਰਸਿੱਧ ਮੂਰਤੀਕਾਰ ਅਬੇਲ ਲਾਪਲੂ ਦੀ ਡਿਜ਼ਾਈਨ ਕੀਤੀ ਅਤਿ-ਮਹਿੰਗੀ ਜੂਲਸ ਰੀਮੇ ਟਰਾਫੀ ਚਾਰ ਸਾਲ ਲਈ ਆਪਣੇ ਕਬਜ਼ੇ ਵਿੱਚ ਕਰ ਲਈ।

1934 ਦਾ ਦੂਜਾ ਆਲਮੀ ਕੱਪ ਇਟਲੀ ਵਿੱਚ ਖੇਡਿਆ ਗਿਆ। ਉੱਥੇ ਉਰੂਗੁਏ ਗ਼ੈਰ-ਹਾਜ਼ਰ ਰਿਹਾ। 17 ਟੀਮਾਂ ਦੇ ਭੇੜ ਵਿੱਚੋਂ ਇਟਲੀ ਤੇ ਚੈਕੋਸਲੋਵਾਕੀਆ ਦੀਆਂ ਟੀਮਾਂ ਫਾਈਨਲ ਵਿੱਚ ਪੁੱਜੀਆਂ। 55 ਹਜ਼ਾਰ ਦਰਸ਼ਕਾਂ ਦੀ ਹਾਜ਼ਰੀ ਵਿੱਚ ਇਟਲੀ ਨੇ ਚੈਕੋਸਲੋਵਾਕੀਆ ਨੂੰ 2-1 ਗੋਲਾਂ ਨਾਲ ਹਰਾ ਕੇ ਜੂਲਸ ਰੀਮੇ ਟਰਾਫੀ ਹਾਸਲ ਕਰ ਲਈ। 1938 ਦੇ ਤੀਜੇ ਆਲਮੀ ਕੱਪ ਦਾ ਮੇਜ਼ਬਾਨ ਫਰਾਂਸ ਸੀ। ਉੱਥੇ ਉਰੂਗੁਏ ਤੇ ਅਰਜਨਟੀਨਾ ਦੀਆਂ ਟੀਮਾਂ ਨਾ ਪੁੱਜੀਆਂ। ਆਸਟਰੇਲੀਆ ਤੇ ਸਪੇਨ ਵੀ ਵੱਖੋ-ਵੱਖਰੇ ਕਾਰਨਾਂ ਕਰਕੇ ਟੂਰਨਾਮੈਂਟ ਤੋਂ ਲਾਂਭੇ ਰਹੇ। ਤੀਜੇ ਆਲਮੀ ਕੱਪ ਦਾ ਸਭ ਤੋਂ ਵਧੀਆ ਮੈਚ ਬ੍ਰਾਜ਼ੀਲ ਤੇ ਪੋਲੈਂਡ ਵਿਚਕਾਰ ਖੇਡਿਆ ਗਿਆ, ਜੋ ਬ੍ਰਾਜ਼ੀਲ ਨੇ 6-5 ਗੋਲਾਂ ਨਾਲ ਜਿੱਤਿਆ। ਬ੍ਰਾਜ਼ੀਲ ਦੇ ਲਿਓਨੀਦਾਸ ਨੇ ਨੰਗੇ ਪੈਰੀਂ ਖੇਡਦਿਆਂ 4 ਗੋਲ ਕੀਤੇ। ਅੰਤਿਮ ਮੈਚ ਇਟਲੀ ਤੇ ਹੰਗਰੀ ਵਿਚਾਲੇ ਹੋਇਆ। ਇਟਲੀ ਨੇ 4-2 ਗੋਲਾਂ ਨਾਲ ਦੂਜੀ ਵਾਰ ਜੂਲਸ ਰੀਮੇ ਟਰਾਫੀ ਜਿੱਤੀ। ਦੂਜੇ ਵਿਸ਼ਵ ਯੁੱਧ ਕਾਰਨ 1942 ਤੇ 1946 ਦੇ ਵਿਸ਼ਵ ਕੱਪ ਖੇਡੇ ਹੀ ਨਾ ਜਾ ਸਕੇ।

1950 ਦਾ ਚੌਥਾ ਆਲਮੀ ਕੱਪ ਬ੍ਰਾਜ਼ੀਲ ਵਿੱਚ ਖੇਡਿਆ ਗਿਆ। ਉਰੂਗੁਏ ਦੀ ਟੀਮ 20 ਸਾਲਾਂ ਪਿੱਛੋਂ ਆਲਮੀ ਕੱਪ ਵਿੱਚ ਪਰਤੀ, ਜਿਸ ਨੇ ਫਾਈਨਲ ਮੈਚ ਵਿੱਚ ਬ੍ਰਾਜ਼ੀਲ ਨੂੰ ਹਰਾ ਦਿੱਤਾ। ਜਿੱਤ ਦੇ ਜਸ਼ਨ ਤਾਂ ਮਨਾਏ ਹੀ ਜਾਂਦੇ ਹਨ, ਬ੍ਰਾਜ਼ੀਲ ਨੇ ਹਾਰ ਦਾ ਮਾਤਮ ਵੀ ਕੌਮੀ ਪੱਧਰ 'ਤੇ ਮਨਾਇਆ। ਬ੍ਰਾਜ਼ੀਲ ਨੂੰ ਹਾਰਦਿਆਂ ਵੇਖ 60 ਦਰਸ਼ਕ ਮਾਰਾਕਾਨਾ ਸਟੇਡੀਅਮ ਵਿੱਚ ਹੀ ਬੇਹੋਸ਼ ਹੋ ਗਏ ਸਨ ਤੇ ਕੁਝ ਆਪਣੇ ਘਰੀਂ ਬੈਠੇ ਕੁਮੈਂਟਰੀ ਸੁਣਦਿਆਂ ਹੀ ਚੱਲ ਵਸੇ ਸਨ। 1954 ਦਾ 5ਵਾਂ ਵਿਸ਼ਵ ਕੱਪ ਸਵਿਟਜ਼ਰਲੈਂਡ ਵਿੱਚ ਖੇਡਿਆ ਗਿਆ। ਹੰਗਰੀ ਦੀ ਟੀਮ ਚਾਰ ਸਾਲਾਂ ਤੋਂ 28 ਕੌਮਾਂਤਰੀ ਮੈਚਾਂ ਵਿੱਚ ਕਿਤੇ ਵੀ ਨਹੀਂ ਸੀ ਹਾਰੀ। ਪਰ ਫਾਈਨਲ ਮੈਚ ਵਿੱਚ ਪੱਛਮੀ ਜਰਮਨੀ ਨੇ ਹੰਗਰੀ ਨੂੰ 3-2 ਗੋਲਾਂ ਨਾਲ ਹਰਾ ਕੇ ਸਨਸਨੀ ਫੈਲਾ ਦਿੱਤੀ। ਉਹ ਵੀ ਉਸ ਹਾਲਤ ਵਿੱਚ ਜਦੋਂ ਹੰਗਰੀ ਪਹਿਲਾਂ ਹੀ 2 ਗੋਲ ਕਰ ਚੁੱਕਾ ਸੀ। ਉਦੋਂ ਦਾ ਖੁੰਝਿਆ ਹੰਗਰੀ ਅੱਜ ਤੱਕ ਵਿਸ਼ਵ ਕੱਪ ਨੂੰ ਤਰਸ ਰਿਹਾ ਹੈ।

ਸਵੀਡਨ ਵਿੱਚ ਖੇਡੇ 1958 ਦੇ ਆਲਮੀ ਕੱਪ ਵਿੱਚ ਬ੍ਰਾਜ਼ੀਲ ਦੇ ਪੇਲੇ ਦੀ ਪਹਿਲੀ ਚੜ੍ਹਤ ਹੋਈ। 18ਵੇਂ ਸਾਲ ਦੀ ਉਮਰੇ ਉਸ ਨੇ ਫਰਾਂਸ ਵਿਰੁੱਧ ਹੈਟ੍ਰਿਕ ਮਾਰੀ, ਜਿਸ ਨੇ ਫੁਟਬਾਲ ਦੀ ਦੁਨੀਆ ਵਿੱਚ ਤਰਥੱਲੀ ਮਚਾ ਦਿੱਤੀ। ਫਾਈਨਲ ਮੈਚ ਬ੍ਰਾਜ਼ੀਲ ਤੇ ਸਵੀਡਨ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ, ਜੋ ਬ੍ਰਾਜ਼ੀਲ ਦੀ ਟੀਮ ਨੇ 5-2 ਗੋਲਾਂ ਦੇ ਵੱਡੇ ਫਰਕ ਨਾਲ ਜਿੱਤ ਲਿਆ। ਸਵੀਡਨ ਦੀਆਂ ਨੀਲੀਆਂ ਅੱਖਾਂ ਵਾਲੀਆਂ ਗੋਰੀਆਂ ਕੁੜੀਆਂ ਕਾਲੇ ਪੇਲੇ ਦੇ ਆਟੋਗਰਾਫ ਲੈਣ ਪਿੱਛੋਂ ਆਪਣੀਆਂ ਰੰਗੀਨ ਨਹੁੰ-ਪਾਲਸ਼ਾਂ ਵਾਲੀਆਂ ਉਂਗਲਾਂ ਉਹਦੇ ਪਿੰਡੇ 'ਤੇ ਘਸਾ ਕੇ ਵੇਖਣ ਲੱਗੀਆਂ ਕਿ ਇਹ ਕਿਤੇ ਪਾਲਸ਼ ਤਾਂ ਨਹੀਂ? ਪੇਲੇ ਦੇ ਸਾਥੀਆਂ ਨੇ ਮਸ਼ਕਰੀ ਕੀਤੀ, "ਇਹ ਰੰਗ ਅਸਲੀ ਆ, ਨਾ ਧੁੱਪ

ਵਿੱਚ ਉੱਡਦਾ ਤੇ ਨਾ ਮੀਂਹ ਵਿੱਚ ਖੁਰਦਾ।ਤੁਸੀਂ ਬੇਸ਼ੱਕ ਇਹ ਨੂੰ ਜੱਫੀਆਂ ਪਾਓ, ਇਹਦਾ ਰੰਗ ਤੁਹਾਨੂੰ ਨਹੀਂ ਲੱਗੇਗਾ! 1962 ਦਾ 7ਵਾਂ ਆਲਮੀ ਕੱਪ ਚਿਲੀ 'ਚ ਖੇਡਿਆ ਗਿਆ ਜਿਸ ਦਾ ਅੰਤਮ ਮੈਚ ਬ੍ਰਾਜ਼ੀਲ ਤੇ ਚੈਕੋਸਲੋਵਾਕੀਆ ਵਿਚਕਾਰ ਹੋਇਆ। ਪੇਲੇ ਦੇ ਜ਼ਖ਼ਮੀ ਹੋਣ ਦੇ ਬਾਵਜੂਦ ਬ੍ਰਾਜ਼ੀਲ ਨੇ ਜੂਲਸ ਰੀਮੇ ਟਰਾਫ਼ੀ ਆਪਣੇ ਕਬਜ਼ੇ 'ਚ ਰੱਖੀ।1966 ਦਾ ਵਿਸ਼ਵ ਕੱਪ ਬਰਤਾਨੀਆ 'ਚ ਹੋਇਆ ਜਿੱਥੇ ਪੇਲੇ ਫੱਟੜ ਹੋ ਗਿਆ ਤੇ ਬ੍ਰਾਜ਼ੀਲ ਦੀ ਟੀਮ ਮੁਢਲੇ ਮੈਚਾਂ 'ਚ ਹੀ ਹਾਰ ਗਈ।ਫਾਈਨਲ ਮੈਚ ਇੰਗਲੈਂਡ ਤੇ ਪੱਛਮੀ ਜਰਮਨੀ ਦੀਆਂ ਟੀਮਾਂ ਦਰਮਿਆਨ ਖੇਡਿਆ ਗਿਆ ਜੋ ਇੰਗਲੈਂਡ ਨੇ ਜਿੱਤਿਆ।ਬਹੁਤੀ ਹੈਰਾਨੀ ਏਸ਼ੀਆ ਦੇ ਦੇਸ਼ ਉੱਤਰੀ ਕੋਰੀਆ ਨੇ ਪੈਦਾ ਕੀਤੀ ਜਦੋਂ ਇੱਕ ਮੈਚ 'ਚ ਉਸ ਨੇ ਦੋ ਵਾਰ ਵਿਸ਼ਵ ਕੱਪ ਜੇਤੂ ਇਟਲੀ ਨੂੰ ਹਰਾ ਕੇ ਕੁਆਰਟਰ ਫਾਈਨਲ ਦੀ ਪੌੜੀ ਨੂੰ ਜਾ ਹੱਥ ਪਾਏ।

ਨੌਵਾਂ ਵਿਸ਼ਵ ਕੱਪ ਮੈਕਸੀਕੋ 'ਚ ਹੋਇਆ ਜਿੱਥੇ ਬ੍ਰਾਜ਼ੀਲ ਤੇ ਇਟਲੀ ਦੀਆਂ ਟੀਮਾਂ ਫਾਈਨਲ 'ਚ ਭਿੜੀਆਂ।ਪੇਲੇ ਚੌਥੀ ਵਾਰ ਵਿਸ਼ਵ ਕੱਪ ਖੇਡਦਾ ਪੂਰੇ ਜਲੌਅ 'ਚ ਸੀ। ਇਕ ਲੱਖ ਦਰਸ਼ਕ ਮੈਕਸੀਕੋ ਦੇ ਸਟੇਡੀਅਮ 'ਚ ਪੱਬਾਂ ਭਾਰ ਸਨ। ਪੇਲੇ ਦੀ ਟੀਮ ਨੇ ਇਟਲੀ ਸਿਰ 4 ਗੋਲ ਕਰ ਕੇ ਬੰਬ ਬੁਲਾ ਦਿੱਤੀ।ਮੈਚ ਮੁੱਕਣ ਦੀ ਵਿਸਲ ਵੱਜਣ ਸਾਰ ਅਣਗਿਣਤ ਪੇਲੇ-ਪ੍ਰੇਮੀ ਉਹਦੇ ਵੱਲ ਵਧੇ ਤਾਂ ਮੌਕੇ ਦੀ ਨਜ਼ਾਕਤ ਵੇਖਦਿਆਂ ਉਹ ਨੇ ਆਪਣੀ ਜਰਸੀ ਉਨ੍ਹਾਂ ਵੱਲ ਵਗਾਹ ਮਾਰੀ ਜੋ ਨਿਸ਼ਾਨੀ ਵਜੋਂ ਉਨ੍ਹਾਂ ਦੇ ਹੱਥ ਲੀਰ ਲੀਰ ਆਈ।ਪੇਲੇ ਭੱਜ ਕੇ ਕਮਰੇ 'ਚ ਜਾ ਲੁਕਿਆ। ਉਸ ਨੇ ਸ਼ੁਕਰ ਕੀਤਾ ਕਿ ਮੈਕਸੀਕੋ ਦੇ ਦਰਸ਼ਕਾਂ ਕੋਲੋਂ ਉਹਦਾ ਕੱਛਾ ਬਚ ਗਿਆ ਸੀ! ਪੇਲੇ ਦੇ ਜਨਮ ਸਮੇਂ ਉਹਦੇ ਫੁਟਬਾਲਰ ਪਿਤਾ ਨੇ ਪੁੱਤਰ ਦੇ ਪੱਟ ਤੇ ਪੈਰ ਟੋਂਹਦਿਆਂ ਕਿਹਾ ਸੀ, "ਲੱਗਦੈ ਫੁਟਬਾਲ ਚੰਗੀ ਖੇਡ ਲਏਗਾ।"ਮਾਂ ਨੇ ਟੋਕਿਆ ਸੀ, "ਇਹ ਨੂੰ ਫੁਟਬਾਲਰ ਬਣਨ ਦਾ ਸਰਾਪ ਨਾ ਦੇਹ।ਅੱਗੇ ਫੁਟਬਾਲ ਖੇਡ ਕੇ ਤੂੰ ਕੀ ਲੱਲ੍ਹਰ ਲਾਇਐ ?

ਬ੍ਰਾਜ਼ੀਲ ਦੇ ਤੀਜੀ ਵਾਰ ਵਿਸ਼ਵ ਕੱਪ ਜਿੱਤਣ ਨਾਲ ਜੂਲਸ ਰੀਮੇ ਟਰਾਫ਼ੀ ਪੱਕੇ ਤੌਰ 'ਤੇ ਬ੍ਰਾਜ਼ੀਲ ਦੀ ਬਣ ਗਈ ਸੀ।1983 'ਚ 18 ਕੈਰੇਟ ਸੋਨੇ ਦੀ ਉਸ ਟਰਾਫ਼ੀ ਨੂੰ ਚੋਰਾਂ ਨੇ ਚੋਰੀ ਕਰ ਲਿਆ ਤੇ ਮਗਰੋਂ ਭੰਨ ਗਾਲ ਸੁਟਿਆ।ਚੋਰ ਬੇਸ਼ੱਕ ਫੜੇ ਗਏ ਪਰ ਟਰਾਫ਼ੀ ਨਾ ਲੱਭੀ। 1974 ਦੇ ਵਿਸ਼ਵ ਕੱਪ ਲਈ ਨਵੀਂ ਟਰਾਫ਼ੀ ਤਿਆਰ ਕਰਵਾਈ ਗਈ ਸੀ, ਜੋ ਫਾਈਨਲ ਮੈਚ 'ਚ ਪੱਛਮੀ ਜਰਮਨੀ ਨੇ ਹਾਲੈਂਡ ਨੂੰ ਹਰਾ ਕੇ ਜਿੱਤੀ।ਨਵੀਂ ਟਰਾਫ਼ੀ 18 ਕੈਰੇਟ ਸੋਨੇ ਦੀ ਹੈ ਜਿਸ ਦਾ ਬੇਸ ਹਰੇ ਕੀਮਤੀ ਪੱਥਰ ਦਾ ਹੈ।ਉਚਾਈ 36.5 ਸੈਂਟੀਮੀਟਰ, ਚੌੜਾਈ 12.5 ਸੈਂਟੀਮੀਟਰ ਤੇ ਭਾਰ 6.175 ਕਿਲੋਗ੍ਰਾਮ ਹੈ। ਸਿਰਫ਼ ਸੋਨੇ ਤੇ ਸਮੱਗਰੀ ਦੀ ਕੀਮਤ ਹੀ 250000 ਅਮਰੀਕਨ ਡਾਲਰ ਬਣਦੀ ਹੈ।ਮਾਹਿਰਾਂ ਨੇ ਇਸ ਦੀ ਇਤਿਹਾਸਕ ਤੇ ਪ੍ਰਤੀਕਆਤਮਕ ਕੀਮਤ 20 ਮਿਲੀਅਨ ਅਮਰੀਕਨ ਡਾਲਰ ਮਿਥੀ ਹੈ। ਇਹ ਦੁਨੀਆ ਦੀ ਸਭ ਤੋਂ ਮਹਿੰਗੀ ਖੇਡ ਟਰਾਫ਼ੀ ਹੈ ਜੋ ਦੁਨੀਆ ਭਰ 'ਚ ਫੁਟਬਾਲ ਦੀ ਏਕਤਾ ਤੇ ਮਹੱਤਤਾ ਦੀ ਪ੍ਰਤੀਕ ਹੈ।

### ਫੀਫਾ ਆਲਮੀ ਕੱਪਾਂ ਦੇ ਨਤੀਜੇ

| | | | |
|---|---|---|---|
| 1930 | ਉਰੂਗੁਏ, ਅਰਜਨਟੀਨਾ, ਅਮਰੀਕਾ। | 1986 | ਅਰਜਨਟੀਨਾ, ਪੱਛਮੀ ਜਰਮਨੀ, ਫਰਾਂਸ। |
| 1934 | ਇਟਲੀ, ਚੈਕੋਸਲੋਵਾਕੀਆ, ਜਰਮਨੀ। | 1990 | ਪੱਛਮੀ ਜਰਮਨੀ, ਅਰਜਨਟੀਨਾ, ਇਟਲੀ। |
| 1938 | ਇਟਲੀ, ਹੰਗਰੀ, ਬ੍ਰਾਜ਼ੀਲ। | 1994 | ਬ੍ਰਾਜ਼ੀਲ, ਇਟਲੀ, ਸਵੀਡਨ। |
| 1950 | ਉਰੂਗੁਏ, ਬ੍ਰਾਜ਼ੀਲ, ਸਵੀਡਨ। | 1998 | ਫਰਾਂਸ, ਬ੍ਰਾਜ਼ੀਲ, ਕ੍ਰੋਏਸ਼ੀਆ। |
| 1954 | ਪੱਛਮੀ ਜਰਮਨੀ, ਹੰਗਰੀ, ਆਸਟ੍ਰੀਆ। | 2002 | ਬ੍ਰਾਜ਼ੀਲ, ਜਰਮਨੀ, ਤੁਰਕੀ। |
| 1958 | ਬ੍ਰਾਜ਼ੀਲ, ਸਵੀਡਨ, ਫਰਾਂਸ। | 2006 | ਇਟਲੀ, ਫਰਾਂਸ, ਜਰਮਨੀ। |
| 1962 | ਬ੍ਰਾਜ਼ੀਲ, ਚੈਕੋਸਲੋਵਾਕੀਆ, ਚਿੱਲੀ। | 2010 | ਸਪੇਨ, ਨੀਦਰਲੈਂਡ, ਜਰਮਨੀ। |
| 1966 | ਇੰਗਲੈਂਡ, ਪੱਛਮੀ ਜਰਮਨੀ, ਪੁਰਤਗਾਲ। | 2014 | ਜਰਮਨੀ, ਅਰਜਨਟੀਨਾ, ਨੀਦਰਲੈਂਡ। |
| 1970 | ਬ੍ਰਾਜ਼ੀਲ, ਇਟਲੀ, ਪੱਛਮੀ ਜਰਮਨੀ। | 2018 | ਫਰਾਂਸ, ਕ੍ਰੋਏਸ਼ੀਆ, ਬੈਲਜੀਅਮ। |
| 1974 | ਪੱਛਮੀ ਜਰਮਨੀ, ਨੀਦਰਲੈਂਡ, ਪੋਲੈਂਡ। | 2022 | ਅਰਜਨਟੀਨਾ, ਫਰਾਂਸ, ਕ੍ਰੋਏਸ਼ੀਆ। |
| 1978 | ਅਰਜਨਟੀਨਾ, ਨੀਦਰਲੈਂਡ, ਬ੍ਰਾਜ਼ੀਲ। | 2026 | ਸਪੇਨ, ਅਰਜਨਟੀਨਾ, ਇੰਗਲੈਂਡ। |
| 1982 | ਇਟਲੀ, ਪੱਛਮੀ ਜਰਮਨੀ, ਪੋਲੈਂਡ। | | |

1978 ਵਿਚ ਅਰਜਨਟੀਨਾ ਨੇ ਫ਼ਤਿਹ ਹਾਸਲ ਕੀਤੀ ਤੇ 1982 'ਚ ਇਟਲੀ ਨੇ। ਇਟਲੀ ਦੇ ਖਿਡਾਰੀ ਪਾਓਲੋ ਰੌਸੀ ਨੂੰ ਜਕੋਤਕੀ 'ਚ ਖਿਡਾਇਆ ਗਿਆ ਸੀ ਪਰ ਉਸ ਨੇ ਫਾਈਨਲ ਮੈਚ 'ਚ ਜਰਮਨੀ ਸਿਰ 3 ਗੋਲ ਕਰ ਕੇ ਧੰਨ ਧੰਨ ਕਰਾ ਦਿੱਤੀ। 1986 ਦਾ ਵਿਸ਼ਵ ਕੱਪ ਅਰਜਨਟੀਨਾ ਨੇ ਜਿੱਤਿਆ ਜਿਸ ਵਿਚ ਮੈਰਾਡੋਨਾ ਦੇ ਰੱਬੀ ਹੱਥ ਨਾਲ ਹੋਏ ਗੋਲ ਦੀ ਕਰਾਮਾਤ ਵਾਪਰੀ।ਅਗਲੇ ਵਿਸ਼ਵ ਕੱਪਾਂ 'ਚ ਇਟਲੀ, ਜਰਮਨੀ ਤੇ ਫਰਾਂਸ ਵਿਸ਼ਵ ਵਿਜੇਤਾ ਬਣੇ। 21ਵੀਂ ਸਦੀ ਦਾ ਪਹਿਲਾ ਉਂਞ 17ਵਾਂ ਵਿਸ਼ਵ ਕੱਪ ਪਹਿਲੀ ਵਾਰ ਏਸ਼ੀਆ ਦੀ ਧਰਤੀ 'ਤੇ ਖੇਡਿਆ ਗਿਆ।ਕੋਰੀਆ ਤੇ ਜਾਪਾਨ ਦੇ ਸ਼ਹਿਰ ਇਹਦੇ ਮੇਜ਼ਬਾਨ ਸਨ।ਸੰਸਾਰ ਦੇ ਲਗਪਗ 200 ਮੁਲਕਾਂ ਦੀਆਂ ਟੀਮਾਂ 'ਚੋਂ ਆਪਸ ਵਿਚੀਂ ਮੈਚ ਖਿਡਾ ਕੇ 32 ਟੀਮਾਂ ਨਿਤਾਰੀਆਂ ਗਈਆਂ ਜਿਨ੍ਹਾਂ ਨੂੰ ਅੱਗੇ 8 ਗਰੁੱਪਾਂ ਵਿੱਚ ਵੰਡਿਆ ਗਿਆ। 31 ਮਈ 2002 ਨੂੰ ਨਵੀਂ ਸਦੀ ਦੇ ਵਿਸ਼ਵ ਕੱਪ ਦਾ ਸ਼ਾਨਾਂਮੱਤਾ ਉਦਘਾਟਨ ਹੋਇਆ ਅਤੇ ਪਹਿਲਾ ਮੈਚ ਆਲਮੀ ਚੈਂਪੀਅਨ ਫਰਾਂਸ ਤੇ ਅਫ਼ਰੀਕੀ ਮੁਲਕ ਸੈਨੇਗਲ ਦੀ ਪਹਿਲੀ ਵਾਰ ਭਾਗ ਲੈ ਰਹੀ ਨਵੀਂ ਟੀਮ ਵਿਚਾਲੇ ਖੇਡਿਆ ਗਿਆ। ਇਹ ਗੱਲ ਕਿਸੇ ਦੇ ਖ਼ਾਬ-ਓ-ਖਿਆਲ ਵਿਚ ਵੀ ਨਹੀਂ ਸੀ ਕਿ ਸੈਨੇਗਲ ਛੁਪਿਆ ਰੁਸਤਮ ਨਿਕਲੇਗਾ ਜੋ ਵਿਸ਼ਵ ਕੱਪ ਦੇ ਤਕੜੇ ਦਾਅਵੇਦਾਰ ਫਰਾਂਸ ਦੀਆਂ ਗੋਡਣੀਆਂ ਲੁਆ ਦੇਵੇਗਾ। ਕੁਆਰਟਰ ਫਾਈਨਲ 'ਚ ਕੋਰੀਆ ਨੇ ਸਪੇਨ ਨੂੰ, ਜਰਮਨੀ ਨੇ ਅਮਰੀਕਾ ਨੂੰ, ਤੁਰਕੀ ਨੇ ਸੈਨੇਗਲ ਨੂੰ ਤੇ ਬ੍ਰਾਜ਼ੀਲ ਨੇ ਇੰਗਲੈਂਡ ਨੂੰ ਜਿੱਤ ਕੇ ਸੈਮੀ ਫਾਈਨਲ ਵਿੱਚ ਪ੍ਰਵੇਸ਼ ਪਾਇਆ। ਬ੍ਰਾਜ਼ੀਲ ਤੇ ਜਰਮਨੀ ਸੱਤ ਸੱਤ ਵਾਰ ਵਿਸ਼ਵ ਕੱਪ ਦੇ ਫਾਈਨਲ 'ਚ ਪੁੱਜ ਚੁੱਕੇ ਸਨ ਪਰ ਆਪਸ ਵਿੱਚ ਕਦੇ ਨਹੀਂ ਸਨ ਟੱਕਰੇ। ਬ੍ਰਾਜ਼ੀਲ ਨੇ 4 ਵਾਰ ਵਿਸ਼ਵ ਕੱਪ ਜਿੱਤਿਆ ਸੀ ਤੇ ਜਰਮਨੀ ਨੇ ਤਿੰਨ ਵਾਰ। ਦੁਨੀਆ ਦੇ ਸਭ ਤੋਂ ਮਹਿੰਗੇ ਖਿਡਾਰੀ ਰੋਨਾਲਡੋ ਨੇ 2 ਗੋਲ ਦਾਗ ਕੇ 8 ਗੋਲਾਂ ਨਾਲ ਗੋਲਡਨ ਬੂਟ ਵੀ ਹਾਸਲ ਕਰ ਲਏ ਤੇ ਬ੍ਰਾਜ਼ੀਲ ਨੂੰ ਪੰਜਵੀਂ ਵਾਰ ਫੁਟਬਾਲ ਦਾ ਸ਼ਹਿਨਸ਼ਾਹ ਬਣਾਇਆ।2006 ਦਾ ਕੱਪ ਇਟਲੀ ਨੇ ਫਰਾਂਸ ਨੂੰ, 2010 ਦਾ ਕੱਪ ਸਪੇਨ ਨੇ ਨੀਦਰਲੈਂਡ ਨੂੰ, 2014 ਦਾ ਕੱਪ ਜਰਮਨੀ ਨੇ ਅਰਜਨਟੀਨਾ ਨੂੰ, 2018 ਦਾ ਕੱਪ ਫਰਾਂਸ ਨੇ ਕ੍ਰੋਸ਼ੀਆ ਨੂੰ, 2022 ਦਾ ਕੱਪ ਅਰਜਨਟੀਨਾ ਨੇ ਫਰਾਂਸ ਨੂੰ ਤੇ 2026 ਦਾ ਕੱਪ ਸਪੇਨ ਨੇ ਅਰਜਨਟੀਨਾ ਨੂੰ ਫਾਈਨਲ ਵਿੱਚ ਹਰਾ ਕੇ ਜਿੱਤੇ। ਆਲਮੀ ਕੱਪ ਖੇਡਣ ਦੇ ਦਿਨ ਤਾਂ ਬੇਸ਼ੱਕ ਗਿਣਤੀ ਦੇ ਹੁੰਦੇ ਹਨ ਤੇ ਮੈਚ ਵੀ ਗਿਣਤੀ ਦੇ ਪਰ ਉਨ੍ਹਾਂ ਦੀਆਂ ਗੱਲਾਂ ਮਹੀਨਿਆਂ ਤੇ ਸਾਲਾਂ-ਬੱਧੀ ਚਲਦੀਆਂ ਰਹਿੰਦੀਆਂ ਹਨ।ਆਲਮੀ ਕੱਪਾਂ 'ਚ ਕਈ ਘਟਨਾਵਾਂ ਐਸੀਆਂ ਵਾਪਰਦੀਆਂ ਹਨ ਜੋ ਦੇਰ ਤਕ ਨਹੀਂ ਭੁਲਦੀਆਂ।ਜੇਤੂਆਂ ਦੀਆਂ ਖ਼ੁਸ਼ੀ 'ਚ ਖਿੜੀਆਂ ਵਰਾਛਾਂ ਤੇ ਹਾਰੂਆਂ ਦੇ ਗ਼ਮਗੀਨ ਚਿਹਰੇ! ਹਾਰਨ ਵਾਲਿਆਂ ਤੋਂ ਉਠਿਆ ਨਹੀਂ ਜਾਂਦਾ ਤੇ ਜਿੱਤਣ ਵਾਲਿਆਂ ਤੋਂ ਬੈਠਿਆ ਨਹੀਂ ਜਾਂਦਾ। ਟੀਮਾਂ ਦੇ ਕੋਚਾਂ ਦੀ ਪਰੇਸ਼ਾਨੀ ਤੇ ਖ਼ੁਸ਼ੀ ਦਾ ਵੀ ਕੋਈ ਅੰਤ ਨਹੀਂ ਰਹਿੰਦਾ। ਦਰਸ਼ਕਾਂ ਦੀ ਹਾਤ-ਹੂਤ ਦਾ ਤਾਂ ਕਾਹਦਾ ਹਿਸਾਬ ਕਿਤਾਬ ਹੋਣਾ ਸੀ ?ਜਦ ਨੂੰ ਹੁਣ ਵਾਲੇ 23ਵੇਂ ਆਲਮੀ ਕੱਪ ਦੀਆਂ ਗੱਲਾਂ ਮੁੱਕਣਗੀਆਂ ਉਦੋਂ ਨੂੰ 24ਵੇਂ ਫੀਫਾ ਕੱਪ ਦੀਆਂ ਗੱਲਾਂ ਸ਼ੁਰੂ ਹੋ ਜਾਣਗੀਆਂ। ਇਹੋ ਜੀਵਨ ਦਾ ਗੇੜ ਹੈ ਤੇ ਇਹੋ ਖੇਡ ਦਾ ਫਲਸਫਾ। ਇਕ ਖੇਡ ਮੇਲੇ ਦੀ ਧੂੜ ਬਹਿੰਦੀ ਹੈ ਤੇ ਦੂਜੇ ਦੀ ਚੜ੍ਹਨੀ ਸ਼ੁਰੂ ਹੋ ਜਾਂਦੀ ਹੈ। ਵੇਖਾਂਗੇ 2030 ਵਾਲਾ ਫੀਫਾ ਦਾ ਸ਼ਤਾਬਨੀ ਫੁਟਬਾਲ ਮੇਲਾ ਕਿਹੋ ਜਿਹਾ ਲੱਗਦਾ ?






# ਸੁਰੀਲੀ ਅਵਾਜ਼ ਦਾ ਮਾਲਕ ਚਾਤ੍ਰਿਕ

ਗੁਰਮੀਤ ਸਿੰਘ



ਚਾਤ੍ਰਿਕ ਪੰਛੀ ਨੂੰ ਬੰਬੀਹਾ, ਪਪੀਹਾ ਅਤੇ ਸਾਰੰਗ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਨੂੰ ਅੰਗਰੇਜ਼ੀ ਵਿੱਚ ਜੈਕੋਬਿਨ ਕੁੱਕੂ (Jacobin Cuckoo) ਅਤੇ ਹਿੰਦੀ ਵਿੱਚ ਕਾਲਾ ਪਪੀਹਾ ਜਾਂ ਚਾਤਕ ਕਹਿੰਦੇ ਹਨ।ਇਹ ਕੋਇਲ ਪਰਿਵਾਰ ਦਾ ਮੈਂਬਰ ਹੈ। ਚਾਤ੍ਰਿਕ ਅਫ਼ਰੀਕਾ ਵਿੱਚ ਸਹਾਰਾ ਦੇ ਦੱਖਣ ਵਿੱਚ ਅਤੇ ਭਾਰਤ ਵਿੱਚ ਹਿਮਾਲਿਆ ਦੇ ਦੱਖਣ ਵਿੱਚ ਪਾਏ ਜਾਂਦੇ ਹਨ।ਇਸ ਪੰਛੀ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਈ ਵਾਰ ਆਉਂਦਾ ਹੈ।

ਚਾਤ੍ਰਿਕ ਨੂੰ ਬਰਸਾਤੀ ਪਪੀਹੇ ਕਰਕੇ ਵੀ ਜਾਣਿਆ ਜਾਂਦਾ ਹੈ। ਇਹ ਮੌਨਸੂਨ ਦੀਆਂ ਹਵਾਵਾਂ ਦੇ ਅੱਗੇ-ਅੱਗੇ ਉੱਤਰੀ ਭਾਰਤ ਦੇ 2500 ਮੀਟਰ ਉੱਚਾਈ ਤੱਕ ਵਾਲੇ ਇਲਾਕਿਆਂ ਵਿੱਚ ਅਫ਼ਰੀਕਾ ਤੋਂ ਆਉਂਦਾ ਹੈ। ਇਸ ਦੇ ਕਾਲੇ ਚਿੱਟੇ ਰੰਗ ਕਰਕੇ ਇਸ ਨੂੰ ਕਾਲਾ ਪਪੀਹਾ ਵੀ ਕਹਿੰਦੇ ਹਨ।ਇਸ ਦੇ ਸਿਰ ਉੱਤੇ ਛੋਟੇ-ਛੋਟੇ ਖੰਭ ਖੜ੍ਹੇ ਰਹਿਣ ਕਰਕੇ ਇਸ ਨੂੰ ਬੋਦੀ ਵਾਲਾ ਪਪੀਹਾ ਅਤੇ ਅੰਗਰੇਜ਼ੀ ਵਿੱਚ ਪਾਈਡ ਕਰੈਸਟਿਡ ਕੁੱਕੂ ਕਰਕੇ ਵੀ ਜਾਣਿਆ ਜਾਂਦਾ ਹੈ।

ਇਹ ਮੈਨਾ ਦੇ ਕੱਦ-ਕਾਠ ਜਿੰਨਾ ਪੰਛੀ ਹੈ। ਇਸ ਦੀ ਧੌਣ ਤੇ ਪੂਛ ਬਹੁਤ ਲੰਬੀ ਹੁੰਦੀ ਹੈ। ਇਸ ਦੇ ਸਰੀਰ ਦੀ ਲੰਬਾਈ 34 ਤੋਂ 35 ਸੈਂਟੀਮੀਟਰ ਅਤੇ ਭਾਰ 66 ਗ੍ਰਾਮ ਹੁੰਦਾ ਹੈ। ਇਸ ਦੇ ਸਰੀਰ ਦਾ ਰੰਗ ਚਮਕੀਲਾ ਕਾਲਾ ਅਤੇ ਚਿੱਟਾ ਹੁੰਦਾ ਹੈ, ਜਿਸ ਵਿੱਚ ਸਿਰ ਦੇ ਉੱਪਰਲਾ ਪਾਸਾ ਅਤੇ ਪਿੱਠ ਦਾ ਪਿਛਲਾ ਪਾਸਾ ਕਾਲਾ ਅਤੇ ਧੌਣ, ਛਾਤੀ ਤੇ ਢਿੱਡ ਵਾਲਾ ਪਾਸਾ ਚਿੱਟਾ ਹੁੰਦਾ ਹੈ। ਪਰਾਂ ਉਤੇ ਗੋਲ ਚਿੱਟੇ ਚੱਟਾਕ ਹੁੰਦੇ ਹਨ।ਪੂਛ ਸਿਰੇ ਤੋਂ ਚਿੱਟੀ ਦਿਖਦੀ ਹੈ।ਅੱਖਾਂ ਤੇ ਪੰਜੇ ਕਾਲੇ ਹੁੰਦੇ ਹਨ।

ਇਨ੍ਹਾਂ ਸੁਰੀਲੀ ਆਵਾਜ਼ ਵਾਲੇ ਪਪੀਹਿਆਂ ਨੂੰ ਵੱਡੇ ਦਰੱਖਤਾਂ ਦੀਆਂ ਟੀਸੀਆਂ, ਸੰਘਣੇ ਜੰਗਲਾਂ, ਬਾਗਾਂ, ਇਨਸਾਨੀ ਵਸੋਂ ਦੇ ਨੇੜੇ ਤੇੜੇ ਦੀਆਂ ਨਹਿਰਾਂ, ਸੜਕਾਂ ਅਤੇ ਦਰਿਆਵਾਂ ਦੇ ਨੇੜੇ ਉੱਗੇ ਵੱਡੇ ਦਰੱਖਤਾਂ ਉੱਤੇ ਮੰਡਰਾਉਂਦੇ ਵੇਖਿਆ ਜਾ ਸਕਦਾ ਹੈ। ਇਹ ਦਰੱਖਤਾਂ ਅਤੇ ਝਾੜੀਆਂ ਵਿੱਚੋਂ ਕੀੜੇ ਮਕੌੜੇ ਫੜਕੇ ਖਾਂਦੇ ਹਨ। ਇਹ ਵਾਲਾਂ ਵਾਲੀਆਂ ਸੁੰਡੀਆਂ ਨੂੰ ਬਹੁਤ ਪਸੰਦ ਕਰਦੇ ਹਨ।ਇਹ ਕਈ ਵਾਰ ਬੇਰ ਅਤੇ ਗੋਲ੍ਹਾਂ ਨੂੰ ਵੀ ਖਾ ਲੈਂਦੇ ਹਨ। ਚਾਤ੍ਰਿਕ ਪੰਛੀ ਵੀ ਕੋਇਲ ਦੀ ਤਰ੍ਹਾਂ ਆਲ੍ਹਣਾ ਨਹੀਂ ਬਣਾਉਂਦੇ ਬਲਕਿ ਮਾਦਾ ਨੀਲੇ ਆਂਡੇ ਸੇਰੜੀਆਂ ਦੇ ਆਲ੍ਹਣੇ ਵਿੱਚ ਇੱਕ ਜਾਂ ਦੋ-ਦੋ ਕਰਕੇ ਦੇ ਦਿੰਦੇ ਹਨ। ਕੁਦਰਤੀ ਤੌਰ 'ਤੇ ਚਾਤ੍ਰਿਕ ਤੇ ਸੇਰੜੀਆਂ 'ਤੇ ਪ੍ਰਜਣਨ ਦੀ ਬਹਾਰ ਜੂਨ ਤੋਂ ਅਗਸਤ ਤੱਕ ਹੁੰਦੀ ਹੈ।ਚਾਤ੍ਰਿਕ ਦੇ ਬੱਚੇ 17-18 ਦਿਨਾਂ ਬਾਅਦ ਵੱਡੇ ਹੋ ਕੇ ਉੱਡ ਜਾਂਦੇ ਹਨ ਅਤੇ ਇੱਕ ਮਹੀਨੇ ਬਾਅਦ ਪੂਰੀ ਤਰ੍ਹਾਂ ਆਜ਼ਾਦ ਹੋ ਜਾਂਦੇ ਹਨ।



ਪੰਜਾਬ ਵਿੱਚ ਪਪੀਹੇ ਦੀਆਂ 7 ਤੋਂ 8 ਕਿਸਮਾਂ ਜੋ ਕਿ ਵੱਖ-ਵੱਖ ਨਾਵਾਂ ਤੋਂ ਜਾਣੀਆਂ ਜਾਂਦੀਆਂ ਹਨ, ਵੇਖਣ ਵਿੱਚ ਆਉਂਦੀਆਂ ਹਨ। ਚਾਤ੍ਰਿਕ ਨੂੰ ਆਈ.ਯੂ.ਸੀ.ਐਨ. ਦੀ ਲਾਲ ਸੂਚੀ ਵਿੱਚ ਸਭ ਤੋਂ 'ਘੱਟ ਚਿੰਤਾ' ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ ਅਤੇ ਅੱਜ ਇਸ ਦੀ ਗਿਣਤੀ ਸਥਿਰ ਹੈ।ਭਾਰਤ ਸਰਕਾਰ ਨੇ ਇਸ ਨੂੰ ਜੰਗਲੀ ਜੀਵ (ਸੁਰੱਖਿਆ) ਐਕਟ, 1972 ਦੇ ਸੋਧ ਐਕਟ 2022 ਵਿੱਚ ਰੱਖ ਕੇ ਸੁਰੱਖਿਆ ਦਿੱਤੀ ਹੈ।

ਕਹਾਣੀ



# ਮੈਨੂੰ ਮੁਆਫ਼ ਕਰ ਦੇ

ਜਗਦੀਸ਼ ਕੌਰ ਮਾਨ

'ਬਈ! ਬੱਲੇ-ਬੱਲੇ!! ਅੱਜ ਤਾਂ ਸੋਨੇ ਦੀ ਖਾਣ ਲੱਭਣ ਵਰਗਾ ਦਿਨ ਚੜ੍ਹਿ ਆ ਹੈ, ਮੈਨੂੰ ਤਾਂ ਅੱਜ ਖ਼ੁਸ਼ੀ ਹੀ ਏਨੀ ਹੈ ਬਈ ਮੇਰਾ ਤਾਂ ਅੱਜ ਯਾਨੀ ਕਿ ਦਿਲ ਉੱਡੂੰ-ਉੱਡੂੰ ਕਰਦੈ, ਆਪਣੇ ਵਿਆਹ ਦੀ ਅੱਜ ਇੱਕੀਵੀਂ ਵਰ੍ਹੇਗੰਢ ਹੈ ਨਾ, ਇੱਕੀ ਅੰਕ ਤਾਂ ਆਪਣੇ ਪੰਜਾਬੀਆਂ ਵਿਚ ਵੈਸੇ ਹੀ ਬਹੁਤ ਭਾਗਾਂ ਵਾਲਾ ਗਿਣਿਆ ਜਾਂਦੈ, ਭਲੇ ਵੇਲਿਆਂ ਵਿਚ ਬੱਚੇ ਦੇ ਜਨਮ ਸਮੇਂ ਦਾਈ ਨੂੰ ਹੋਰ ਨਿੱਕ-ਸੁੱਕ ਦੇ ਨਾਲ ਇੱਕੀ ਰੁਪਏ ਦੀ ਖਿਲਤ ਦਿੱਤੀ ਜਾਂਦੀ ਸੀ, ਕੁੜਮਾਈ ਵਾਲੇ ਮੁੰਡੇ ਦੀ ਝੋਲੀ ਵਿਚ ਕੁੜੀ ਵਾਲਿਆਂ ਵਲੋਂ ਇੱਕੀ ਰੁਪਏ ਰੋਪਨਾਂ ਵਜੋਂ ਪਾਉਣ ਦਾ ਰਿਵਾਜ ਸੀ, ਬਾਰਾਤ ਦੀ ਮਿਲਣੀ ਮੌਕੇ ਗ਼ਰੀਬ ਤੋਂ ਗ਼ਰੀਬ ਬੰਦਾ ਵੀ ਕੁੜਮ ਦੇ ਕੰਬਲ 'ਤੇ ਘੱਟੋ-ਘੱਟ ਇੱਕੀ ਰੁਪਏ ਤਾਂ ਜ਼ਰੂਰ ਧਰਦਾ ਹੈ, ਮਾਇਕ ਤੰਗੀ ਤੁਰਸ਼ੀ ਸਮੇਂ ਨੂੰਹ-ਸੱਸ ਕਿਸੇ ਦੇ ਵਿਆਹ ਮੰਗਣੇ ਮੌਕੇ ਰਲ-ਮਿਲ ਕੇ ਇੱਕੀ ਪਾ ਆਉਂਦੀਆਂ ਹਨ, ਆਪਣੇ ਵਿਆਹ ਨੂੰ ਅੱਜ ਪੂਰੇ ਇੱਕੀ ਸਾਲ ਹੋ ਗਏ ਹਨ, ਏਨੇ ਸਾਲ ਬੀਤ ਜਾਣ ਦੇ ਬਾਵਜੂਦ ਵੀ ਮੈਨੂੰ ਤਾਂ ਤੂੰ ਅਜੇ ਵੀ ਨਵੀਆਂ ਨਵੇਲੀਆਂ ਵਰਗੀ ਲੱਗਦੀ ਏਂ।' ਪਤਨੀ ਨੂੰ ਖ਼ੁਸ਼ ਕਰਨ ਲਈ ਉਸ ਨੇ ਅੱਧੀ ਕੁ ਸੱਚੀ ਤੇ ਅੱਧੀ ਕੁ ਝੂਠੀ ਤਾਰੀਫ਼ ਕੀਤੀ। ਏਨਾ ਲੰਮਾ ਚੌੜਾ ਵਿਖਿਅਨ ਸੁਣ ਕੇ ਉਹ ਹਲਕਾ ਜਿਹਾ ਮੁਸਕਰਾਈ। ਗੱਲ ਨੂੰ ਅੱਗੇ ਤੋਰਦਿਆਂ ਉਹ ਕਹਿਣ ਲੱਗਾ, 'ਅੱਜ ਮੈਂ ਤੈਨੂੰ ਤੇਰੇ ਮਨ ਪਸੰਦ ਦਾ ਤੋਹਫ਼ਾ ਯਾਨੀ ਗਿਫ਼ਟ ਦੇਣਾ ਹੈ, ਜਲਦੀ ਬੋਲ ਕੇ ਦੱਸ ਜਾਂ ਫਿਰ ਮੇਰੇ ਨਾਲ ਹੀ ਚੱਲ, ਆਪਣੀ ਰੀਝ ਦਾ ਜੋ ਕੁਝ ਵੀ ਖ਼ਰੀਦਣਾ ਹੋਇਆ, ਖ਼ਰੀਦ ਲਵੀਂ, ਗਿਫ਼ਟ ਦੀ ਕੀਮਤ ਦੇਖ ਕੇ ਨਾ ਝਿਜਕ ਜਾਈਂ, ਮੇਰੇ ਵਲੋਂ ਖੁੱਲ੍ਹੀ ਛੁੱਟੀ ਹੈ, ਜਿੰਨੇ ਦਾ ਮਰਜ਼ੀ ਖ਼ਰੀਦ ਲਵੀਂ।' ਉਹ ਆਪਣੇ ਮਸਤੀ ਵਾਲੇ ਵੇਗ ਵਿਚ ਹੀ ਬੋਲੀ ਜਾ ਰਿਹਾ ਸੀ। ਪਰ ਪਤਨੀ ਕਿਸੇ ਹੋਰ ਹੀ ਦੁਨੀਆ ਵਿਚ ਗੁੰਮ ਹੋ ਗਈ ਸੀ। ਅਤੀਤ ਦੀਆਂ ਯਾਦਾਂ ਉਸ ਨੂੰ ਪਿੱਛੇ ਵੱਲ ਨੂੰ ਧੱਕੀ ਜਾ ਰਹੀਆਂ ਸਨ। ਉਸ ਦਾ ਮਨ ਉਸ ਨੂੰ 'ਅੱਜ' ਨਾਲ ਜੋੜਨ ਤੋਂ ਮੁਨਕਰ ਹੁੰਦਾ ਜਾਪਿਆ।

ਪੁਰਾਣੀਆਂ ਘਟਨਾਵਾਂ ਨੇ ਆ ਕੇ ਅਤੀਤ ਦੇ ਪਿੜ 'ਤੇ ਕਬਜ਼ਾ ਕਰ ਲਿਆ ਸੀ ਤੇ ਹੁਣ ਉਹ ਕਾਬੂ ਆਇਆ ਮੈਦਾਨ ਛੱਡਣ ਲਈ ਤਿਆਰ ਨਹੀਂ ਸੀ। ਵਿਆਹ ਤੋਂ ਦਸ ਕੁ ਸਾਲ ਬਾਅਦ ਹੀ ਪਤੀ ਦੇ ਬਦਲੇ ਹੋਏ ਵਿਹਾਰ ਤੇ ਸੁਰਿੰਦਰ ਨੂੰ ਸ਼ੱਕ ਹੋਣ ਲੱਗ ਪਿਆ ਸੀ। ਰਾਤ ਨੂੰ ਅੱਧੀ ਰਾਤ ਤੱਕ ਘਰੋਂ ਬਾਹਰ ਰਹਿਣਾ, ਉਸ ਵਿਚ ਮੂਲੋਂ ਹੀ ਘੱਟ ਦਿਲਚਸਪੀ ਦਿਖਾਉਣਾ ਉਸ ਨੂੰ ਅਹਿਸਾਸ







ਕਰਵਾ ਰਿਹਾ ਸੀ ਕਿ ਉਨ੍ਹਾਂ ਦੋਵਾਂ ਪਤੀ-ਪਤਨੀ ਦੇ ਵਿਚਕਾਰ ਕੋਈ ਹੋਰ ਤੀਸਰਾ ਚਿਹਰਾ ਵੀ ਘੁਸਪੈਠ ਕਰ ਗਿਆ ਹੈ। ਉਹ ਬਹਾਨੀਂ-ਬਹਾਨੀਂ ਸੂਹ ਲੈਣ ਦੀ ਪੂਰੀ ਕੋਸ਼ਿਸ਼ ਕਰਦੀ ਪਰ ਆਦਮੀ ਏਨਾ ਚੁਸਤ ਚਲਾਕ ਸੀ ਕਿ ਉਹ ਪੈਰਾਂ 'ਤੇ ਪਾਣੀ ਕਿਹੜਾ ਪੈਣ ਦਿੰਦਾ ਸੀ। ਕੱਪੜੇ ਧੋਣ ਲੱਗਿਆਂ ਉਹ ਨੋਟ ਕਰਦੀ ਕਿ ਉਸ ਦੀ ਜੇਬ ਵਿਚੋਂ ਹਮੇਸ਼ਾ ਹੀ ਸਿਨੇਮੇ ਦੀਆਂ ਦੋ ਟਿਕਟਾਂ ਨਿਕਲਦੀਆਂ, ਉਸ ਦੇ ਕੱਪੜਿਆਂ ਵਿਚੋਂ ਹਰ ਰੋਜ਼ ਕਿਸੇ ਅਨਜਾਣੇ ਜਿਹੇ ਪ੍ਰਫਿਊਮ ਦੀ ਮਹਿਕ ਆਉਣੀ, ਕਮੀਜ਼ ਦੇ ਕਾਲਰਾਂ ਕੋਲ ਲੱਗੇ ਲਿਪਸਟਿਕ ਦੇ ਨਿਸ਼ਾਨ ਅਕਸਰ ਹੀ ਉਸ ਦੀ ਨਜ਼ਰੀਂ ਪੈ ਜਾਂਦੇ, ਅੱਧੀ ਰਾਤ ਤੋਂ ਵੀ ਵੱਧ ਸਮਾਂ ਘਰ ਤੋਂ ਬਾਹਰ ਰਹਿਣਾ, ਸਬੂਤ ਤਾਂ ਸਾਰੇ ਹੀ ਮੂੰਹੋਂ ਬੋਲ ਕੇ ਦੁਹਾਈਆਂ ਦੇ ਰਹੇ ਸਨ, ਹੁਣ ਮੰਨਣ ਜਾਂ ਮੁੱਕਰਨ ਜੋਗਾ ਪਿੱਛੇ ਰਹਿ ਹੀ ਕੀ ਗਿਆ ਸੀ। ਨਿੱਕੀ-ਨਿੱਕੀ ਹੁੰਦੀ ਲੜਾਈ ਜਦੋਂ ਇਕ ਵੱਡੇ ਕਲੇਸ਼ ਦਾ ਰੂਪ ਧਾਰਨ ਕਰ ਗਈ ਤਾਂ ਗ਼ਲਤੀ ਮੰਨਣ ਦੀ ਬਜਾਏ ਤਰਲੋਚਨ ਦੋ ਹੱਥ ਕਰਨ ਲਈ ਸਾਹਨੇ ਦੀ ਧੌਣ ਵਾਂਗ ਆਕੜ ਕੇ ਖੜ੍ਹ ਗਿਆ। 'ਚੱਲ ਫੇਰ ਏਵੇਂ ਹੀ ਸਹੀ, ਹਾਂ ਮੈਂ ਰੱਖੀ ਹੋਈ ਐ ਇਕ ਤੀਵੀਂ ਹੋਰ, ਤੂੰ ਕਰ ਲੈ ਜੋ ਕਰਨੈ, ਗੱਲ ਸੁਣ ਲੈ! ਮੈਂ ਤਾਂ ਏਵੇਂ ਈਂ ਕਰੂੰ, ਵੱਡੀ ਆਈ ਐ ਮੈਨੂੰ ਸਮਝੌਤੀਆਂ ਦੇਣ ਵਾਲੀ, ਪਹਿਲਾਂ ਆਪਣੀ ਸ਼ਕਲ ਤਾਂ ਦੇਖ ਲੈ, ਸ਼ੀਸ਼ੇ 'ਚ, ਅਖੇ ਮੂੰਹ ਨਾ ਮੱਥਾ, ਜਿੰਨ ਪਹਾੜੋਂ ਲੱਥਾ, ਹਾਲੇ ਤਾਂ ਮੈਂ ਵੇਲੇ ਕੁਵੇਲੇ ਆ ਈ ਜਾਨੈਂ, ਲੈ ਹੁਣ ਮੈਂ ਚੱਲਿਆਂ ਸਦਾ ਵਾਸਤੇ ਉਹਦੇ ਕੋਲ ਰਹਿਣ ਲਈ, ਤੂੰ ਲਾ ਲਈਂ ਜ਼ੋਰ ਜਿੰਨਾ ਤੇਰੇ 'ਚ ਹੈਗਾ ਵਾ।'

...ਤੇ ਉਹ ਆਪਣਾ ਲੀੜਾ-ਲੱਤਾ ਤੇ ਹੋਰ ਲੋੜੀਂਦਾ ਸਾਮਾਨ ਚੁੱਕ ਕੇ ਅਟੈਚੀ ਤੇ ਬੈਗਾਂ ਵਿਚ ਪਾਉਣ ਲੱਗ ਪਿਆ। ਪਤਨੀ ਤੇ ਬੱਚਿਆਂ ਨੂੰ ਰੋਂਦਿਆਂ ਕੁਰਲਾਉਂਦਿਆਂ ਛੱਡ ਕੇ ਉਹ ਇਉਂ ਪਤਰਾ ਵਾਚ ਗਿਆ ਜਿਵੇਂ ਉਨ੍ਹਾਂ ਨਾਲ ਉਸ ਦਾ ਕਦੇ ਕੋਈ ਸੰਬੰਧ ਹੀ ਨਾ ਰਿਹਾ ਹੋਵੇ। ਨਿੱਤ ਦੇ ਕਾਟੋ-ਕਲੇਸ਼ ਤੋਂ ਅੱਕੀ ਹੋਈ ਪਤਨੀ ਨੇ ਉਹਨੂੰ ਜਾਂਦੇ ਨੂੰ ਇਕ ਵਾਰ ਵੀ ਨਾ ਰੋਕਿਆ। ਉਹ ਆਪਣੀ ਹੋਣੀ ਨਾਲ ਸਮਝੌਤਾ ਕਰਨ ਲਈ ਤਿਆਰ ਹੋ ਚੁੱਕੀ ਸੀ। ਚੀਕ ਚਿਹਾੜਾ ਪਾ ਰਹੇ ਬੱਚਿਆਂ ਨੂੰ ਦੇਖ ਕੇ ਇਕ ਪੁਰਾਣੀ ਕਹਾਵਤ ਉਸ ਦੇ ਦਿਮਾਗ ਦੀਆਂ ਦੇਹਲੀਆਂ ਟੱਪ ਆਈ, 'ਐਵੇਂ ਤਾਂ ਨ੍ਹੀਂ ਸਿਆਣੇ ਕਹਿੰਦੇ ਹੁੰਦੇ, ਅਖੇ ਮਾਂ ਤਾਂ ਭਾਵੇਂ ਭੱਠ ਝੋਕਣੀ ਵੀ ਹੋਵੇ, ਮਾਂ ਹੀ ਰਹਿੰਦੀ ਐ, ਪਿਓ ਪਤੀਏ ਬਣਨ ਲੱਗੇ ਫੋਰਾ ਨ੍ਹੀਂ ਲਾਉਂਦੇ।'

ਸੁਰਿੰਦਰ ਕੌਰ ਨੇ ਆਪਣੀ ਨੌਕਰੀ ਅਤੇ ਰਿਸ਼ਤੇਦਾਰ ਔਰਤਾਂ ਦੇ ਸਹਾਰੇ ਇਕੱਲੀ ਨੇ ਹੀ ਦੋਵੇਂ ਬੱਚੇ ਪਾਲੇ, ਪੜ੍ਹਾਏ, ਕੋਰਸ ਕਰਵਾਏ, ਆਪਣੀ ਜਵਾਨੀ ਦੇ ਸੰਦਲੀ ਦਿਨ ਉਸ ਨੇ ਪਤੀ ਦੀ ਗ਼ੈਰ-ਮੌਜੂਦਗੀ ਵਿਚ ਕਿਵੇਂ ਗੁਜ਼ਾਰੇ? ਇਹ ਉਸ ਤੋਂ ਬਿਨਾਂ ਹੋਰ ਕੋਈ ਵੀ ਨਹੀਂ ਸੀ ਜਾਣਦਾ। ਇਕੋ ਸ਼ਹਿਰ ਵਿਚ ਰਹਿੰਦੇ ਹੋਏ ਵੀ ਉਹ

> ਵਿਆਹ ਤੋਂ ਦਸ ਕੁ ਸਾਲ ਬਾਅਦ ਹੀ ਪਤੀ ਦੇ ਬਦਲੇ ਹੋਏ ਵਿਹਾਰ ਤੇ ਸੁਰਿੰਦਰ ਨੂੰ ਸ਼ੱਕ ਹੋਣ ਲੱਗ ਪਿਆ ਸੀ। ਰਾਤ ਨੂੰ ਅੱਧੀ ਰਾਤ ਤੱਕ ਘਰੋਂ ਬਾਹਰ ਰਹਿਣਾ, ਉਸ ਵਿਚ ਮੂਲੋਂ ਹੀ ਘੱਟ ਦਿਲਚਸਪੀ ਦਿਖਾਉਣਾ ਉਸ ਨੂੰ ਅਹਿਸਾਸ ਕਰਵਾ ਰਿਹਾ ਸੀ ਕਿ ਉਨ੍ਹਾਂ ਦੋਵਾਂ ਪਤੀ-ਪਤਨੀ ਦੇ ਵਿਚਕਾਰ ਕੋਈ ਹੋਰ ਤੀਸਰਾ ਚਿਹਰਾ ਵੀ ਘੁਸਪੈਠ ਕਰ ਗਿਆ ਹੈ।

ਅਜਨਬੀ ਸਨ ਪਰ ਉਸ ਸਿਦਕਵਾਨ ਔਰਤ ਨੇ ਕਦੇ ਵੀ ਕਿਸੇ ਓਪਰੇ ਪਰਾਏ ਕੋਲ ਘਰੇਲੂ ਕਲੇਸ਼ ਦੀ ਭਾਫ਼ ਨਹੀਂ ਸੀ ਨਿਕਲਣ ਦਿੱਤੀ। ਤਲਾਕ ਲੈਣ ਲਈ ਜਾਂ ਖ਼ਰਚਾ ਲੈਣ ਲਈ ਉਸ ਨੇ ਕਦੀ ਵੀ ਅਦਾਲਤ ਦਾ ਬੂਹਾ ਖੜਕਾਉਣ ਦੀ ਕੋਸ਼ਿਸ਼ ਨਾ ਕੀਤੀ। ਬੱਸ ਸਬਰ ਸਬੂਰੀ ਦਾ ਇਕੋ ਹੀ ਵੱਡਾ ਸਾਰਾ ਘੁੱਟ ਭਰ ਲਿਆ ਸੀ।

ਆਧੁਨਿਕ ਫੈਸ਼ਨ ਦੀ ਨਵੀਂ ਮੁਟਿਆਰ ਪਹਿਲਾਂ ਪਹਿਲਾਂ ਤਾਂ ਤਰਲੋਚਨ ਨੂੰ ਬਹੁਤ ਚੰਗੀ ਲੱਗੀ ਪਰ ਹਰ ਸਾਲ ਉਸ ਤੋਂ ਦਿਖਾਵੇ ਵਾਲੀ ਝੂਠੀ ਪਾਲਿਸ਼ ਥੋੜ੍ਹੀ-ਥੋੜ੍ਹੀ ਕਰ ਕੇ ਲੱਥਦੀ ਗਈ ਤੇ ਅਸਲੀ ਬੈਂਗਣੀ ਰੰਗ ਉੱਘੜ ਕੇ ਸਾਹਮਣੇ ਆਉਂਦਾ ਗਿਆ। ਉਹ ਅਤਿ ਦੀ ਖ਼ਰਚੀਲੀ, ਡਰਾਮੇਬਾਜ਼, ਝੂਠੀ ਤੇ ਮੂੰਹ ਫਟ ਔਰਤ ਸੀ। ਜੇ ਪੰਜ ਸੂਟ ਸਾੜੀਆਂ ਦੀ ਲੋੜ ਹੁੰਦੀ ਤਾਂ ਉਹ ਜ਼ਿਦ ਨਾਲ ਦਸ ਪੰਦਰਾਂ ਖ਼ਰੀਦ ਲੈਂਦੀ। ਮੇਕਅੱਪ ਦੇ ਸਾਮਾਨ 'ਤੇ ਹਰ ਮਹੀਨੇ ਉਸ ਦੀ ਅੱਧੀ ਤਨਖ਼ਾਹ ਉਡਾ ਦਿੰਦੀ। ਹੁਣ ਉਸ ਦੇ ਦਿਖਾਵੇ ਵਾਲੇ ਪਿਆਰ ਵਿਚ ਵੀ ਪਹਿਲਾਂ ਵਰਗੀ ਮਿਠਾਸ ਨਹੀਂ ਸੀ ਰਹੀ। ਲੜਾਈ ਤੇ ਬਹਿਸ ਘੰਟਿਆਂਬੱਧੀ ਚੱਲਦੀ ਰਹਿੰਦੀ। ਉਸ ਔਰਤ ਨੂੰ ਤਾਂ ਸਿਰਫ਼ ਖਾਣ, ਪਹਿਨਣ ਨਾਲ ਹੀ ਮਤਲਬ ਸੀ। ਹੁਣ ਤਰਲੋਚਨ ਦਾ ਦਿਲ ਉਸ ਤੋਂ ਖੱਟੀ ਖੀਰ ਵਾਂਗ ਖੱਟਾ ਹੋ ਚੁੱਕਾ ਸੀ। ਉਸ ਨੂੰ ਸ਼ੁੱਧ ਸੋਨੇ ਵਰਗੀ ਖਰੀ ਆਪਣੀ ਪਹਿਲੀ ਬੀਵੀ ਵਾਰ-ਵਾਰ ਯਾਦ ਆਉਂਦੀ ਤੇ ਉਹ ਆਪਣੀ ਕੀਤੀ ਬੱਜਰ ਭੁੱਲ 'ਤੇ ਘੰਟਿਆਂਬੱਧੀ ਪਛਤਾਉਂਦਾ ਰਹਿੰਦਾ। ਉਹ ਘਰ ਨੂੰ ਵਾਪਸ ਮੁੜਨ ਦੇ ਬਹਾਨੇ ਲੱਭ ਰਿਹਾ ਸੀ। ਉਸ ਨੂੰ ਇਉਂ ਲਗਦਾ ਜਿਵੇਂ ਕਿਸੇ ਜਾਦੂਗਰ ਨੇ ਸ਼ੇਰ ਨੂੰ ਪਿੰਜਰੇ ਵਿਚ ਬੰਦ ਕਰ ਦਿੱਤਾ ਹੋਵੇ ਤੇ ਬਾਹਰ ਨਿਕਲਣ ਦਾ ਕੋਈ ਰਾਹ ਹੀ ਦਿਖਾਈ ਨਾ ਦੇ ਰਿਹਾ ਹੋਵੇ। ਆਪਣੇ ਬੀਵੀ ਬੱਚਿਆਂ ਨੂੰ ਯਾਦ ਕਰ ਕੇ ਉਹ ਝੂਰਦਾ ਰਹਿੰਦਾ ਤੇ ਅਕਸਰ ਹੀ ਭਾਵੁਕ ਹੋ ਜਾਂਦਾ।

ਪੂਰੇ ਦਸ ਸਾਲ ਉਹ ਦੋਵੇਂ ਰਿਲੇਸ਼ਨਸ਼ਿਪ ਵਿਚ ਰਹੇ। ਇਕ ਦਿਨ ਜਦੋਂ ਉਹ ਦੂਸਰੀ ਪਤਨੀ ਦੀਆਂ ਫਰਮਾਇਸ਼ਾਂ ਪੂਰੀਆਂ ਕਰਨ ਤੋਂ ਬਿਲਕੁਲ ਹੀ ਅਸਮਰੱਥ ਹੋ ਗਿਆ। ਮਣਾਂ-ਮੂੰਹੀਂ ਕਰਜ਼ਾ ਸਿਰ ਚੜ੍ਹ ਗਿਆ ਤਾਂ ਉਹ ਭਲੀਮਾਣਸ ਲੜ ਕੇ ਘਰੋਂ ਨਿਕਲ ਗਈ। ਕਿਥੇ ਚਲੀ ਗਈ? ਤਰਲੋਚਨ ਨੇ ਪਤਾ ਕਰਨ ਦੀ ਕੋਸ਼ਿਸ਼ ਹੀ ਨਾ ਕੀਤੀ। ਬਿੱਲੀ ਭਾਗੀਂ ਤਾਂ ਮਸੀਂ ਛਿੱਕਾ ਟੁੱਟਾ ਸੀ। ਉਹ ਵੀ ਢੀਠ ਜਿਹਾ ਹੋ ਕੇ ਆਪਣੇ ਲੀੜੇ-ਲੱਤੇ ਚੁੱਕ ਕੇ ਘਰ ਆ ਗਿਆ ਸੀ। ਸੁਰਿੰਦਰ ਕੌਰ ਦੇ ਮਨ ਵਿਚ ਗੁੱਸਾ ਤਾਂ ਭਾਵੇਂ ਬਹੁਤ ਸੀ ਪਰ ਤਾਂ ਵੀ ਉਸ ਨੇ ਮਨ ਮਾਰ ਕੇ ਪਤੀ ਦਾ ਬਣਦਾ ਸਰਦਾ ਸਵਾਗਤ ਕੀਤਾ। ਪਾਪਾ ਪਾਪਾ ਕਰਦੇ ਬੱਚੇ ਉਸ ਨੂੰ ਭੱਜ ਕੇ ਚਿੰਬੜ ਗਏ।

ਮੱਛੀ ਪੱਥਰ ਚੱਟ ਕੇ ਮੁੜ ਆਈ ਸੀ। ਹੁਣ ਉਹ ਘਰ ਪਰਿਵਾਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਬੜੀ ਸ਼ਿੱਦਤ ਨਾਲ ਨਿਭਾਅ ਰਿਹਾ ਸੀ। ਉਸ ਦੇ ਘਰ ਆਉਣ ਤੋਂ ਕੁਝ ਕੁ ਮਹੀਨਿਆਂ ਬਾਅਦ ਹੀ ਉਨ੍ਹਾਂ ਦੀ ਮੈਰਿਜ਼ ਐਨੀਵਰਸਰੀ ਸੀ ਤੇ ਉਹ ਖ਼ੁਸ਼ ਹੋਇਆ ਪਤਨੀ ਨੂੰ ਆਪਣਾ ਮਨਪਸੰਦ ਗਿਫ਼ਟ ਲੈਣ ਲਈ ਕਹਿ ਰਿਹਾ ਸੀ। ਉਹ ਕਿੰਨਾ ਹੀ ਚਿਰ ਖੜ੍ਹੀ ਸੋਚਦੀ ਰਹੀ ਕਿ ਕੀ ਮੰਗਾਂ। ਫੇਰ ਅਚਾਨਕ ਹੀ ਇਕ ਗਿਫ਼ਟ ਉਸ ਦੇ ਖ਼ਿਆਲ ਵਿਚ ਆ ਗਿਆ।

'ਲੈ ਬਈ! ਤੁਸੀਂ ਮੈਨੂੰ ਇਕ ਮਨ ਪਸੰਦੀਦਾ ਗਿਫ਼ਟ ਦੇਣ ਦਾ ਵਾਅਦਾ ਕੀਤਾ ਹੈ, ਜ਼ਰਾ ਕੁ ਮਹਿੰਗਾ ਹੈ, ਲੈ ਦਿਓਂਗੇ ਨਾ?' ਉਸ ਨੇ ਪਤੀ ਨੂੰ ਪੁੱਛਿਆ।

'ਹਾਂ! ਹਾਂ ਕਿਉਂ ਨਹੀਂ! ਤੂੰ ਦੱਸ ਤਾਂ ਸਹੀ', ਉਹ ਪੂਰਾ ਖ਼ੁਸ਼ ਸੀ।

'ਮੇਰੀ ਜਵਾਨੀ ਦੇ ਪੂਰੇ ਦਸ ਰੰਗਲੇ ਸਾਲ ਤੁਹਾਡੀ 'ਮਿਹਰਬਾਨੀ' ਨਾਲ ਤਹਿਸ-ਨਹਿਸ ਹੋ ਗਏ ਹਨ, ਮੈਂ ਉਹ ਦਿਨ ਵੀ ਕਿਵੇਂ ਗੁਜ਼ਾਰੇ? ਤੁਹਾਨੂੰ ਤਾਂ ਕੁਝ ਵੀ ਨਹੀਂ ਪਤਾ, ਰੱਬ ਦੇ ਵਾਸਤੇ! ਮੇਰੇ ਉਹ ਦਸ ਸਾਲ ਕਿਵੇਂ ਨਾ ਕਿਵੇਂ ਮੈਨੂੰ ਵਾਪਸ ਲਿਆ ਦਿਓ, ਮੇਰੇ ਲਈ ਜ਼ਿੰਦਗੀ ਦਾ ਸਭ ਤੋਂ ਵੱਡਾ ਗਿਫ਼ਟ ਇਹੀ ਹੋਵੇਗਾ।'

ਗੱਲ ਸੁਣ ਕੇ ਤਰਲੋਚਨ ਸਿੰਘ ਸੁੰਨ ਹੋ ਗਿਆ ਸੀ। ਉਸ ਦੀ ਤਾਂ ਬੋਲਤੀ ਹੀ ਬੰਦ ਹੋ ਗਈ ਸੀ। ਉਹ ਬੋਲੇ ਤਾਂ ਕੀ ਬੋਲੇ। ਭਰੇ ਮਨ ਨਾਲ ਪਤਨੀ ਦੇ ਦੋਵੇਂ ਹੱਥ ਆਪਣੇ ਹੱਥਾਂ ਵਿਚ ਲੈ ਕੇ ਪਲੋਸਦਾ ਹੋਇਆ, ਉਹ ਭਰੜਾਈ ਆਵਾਜ਼ ਵਿਚ ਬੋਲਿਆ, 'ਮੇਰੀ ਗ਼ਲਤੀ ਮੁਆਫ਼ ਕਰਨ ਦੇ ਯੋਗ ਤਾਂ ਨਹੀਂ, ਫਿਰ ਵੀ ਮੈਂ ਰਿਕਵੈਸਟ ਕਰਦਾ ਹਾਂ ਕਿ ਮੈਨੂੰ ਮੁਆਫ਼ ਕਰ ਦੇ।' ਬੁਰੇ ਦਿਨਾਂ ਨੂੰ ਯਾਦ ਕਰਦਿਆਂ ਦੋਵੇਂ ਜੀਅ ਅੱਖਾਂ ਭਰੀ ਖੜ੍ਹੇ ਸਨ।



# ਮੈਨੂੰ ਪਿੰਡ ਵਿੱਚ ਸਭ ਕੁਝ ਚਾਹੀਦਾ ਹੈ

## ਪਰ ਮੈਨੂੰ ਪਿੰਡ ਨਹੀਂ ਚਾਹੀਦਾ

**ਡਾ. ਪ੍ਰਿਯੰਕਾ ਸੌਰਭ**

'ਅਸੀਂ ਪਿੰਡ ਤੋਂ ਸਭ ਕੁਝ ਚਾਹੁੰਦੇ ਹਾਂ, ਪਰ ਪਿੰਡ ਤੋਂ ਨਹੀਂ।' ਇਹ ਕੋਈ ਸਧਾਰਨ ਬਿਆਨ ਨਹੀਂ ਹੈ, ਸਗੋਂ ਆਧੁਨਿਕ ਭਾਰਤੀ ਸਮਾਜ ਦੀ ਬਦਲਦੀ ਮਾਨਸਿਕਤਾ ਦਾ ਢੁਕਵਾਂ ਚਿੱਤਰਣ ਹੈ। ਅਸੀਂ ਸ਼ੁੱਧ ਪਿੰਡ ਦੇ ਦੁੱਧ ਬਾਰੇ ਗੱਲ ਕਰਦੇ ਹਾਂ, ਦੇਸੀ ਘਿਓ ਦੀ ਪ੍ਰਸ਼ੰਸਾ ਕਰਦੇ ਹਾਂ, ਜੈਵਿਕ ਅਨਾਜ ਖਰੀਦਣ ਲਈ ਵਧੇਰੇ ਭੁਗਤਾਨ ਕਰਨ ਲਈ ਤਿਆਰ ਹਾਂ, ਪਿੰਡ ਦੇ ਫਲਾਂ ਅਤੇ ਸਬਜ਼ੀਆਂ ਨੂੰ ਸਿਹਤ ਦੀ ਨੀਂਹ ਮੰਨਦੇ ਹਾਂ, ਅਤੇ ਪਿੰਡ ਦੇ ਸੱਭਿਆਚਾਰ, ਲੋਕ ਗੀਤਾਂ, ਲੋਕ ਨਾਚਾਂ ਅਤੇ ਰਵਾਇਤੀ ਜੀਵਨ ਨੂੰ ਆਪਣੀ ਪਛਾਣ ਵਜੋਂ ਪਛਾਣਦੇ ਹਾਂ। ਪਰ ਜਦੋਂ ਪਿੰਡ ਵਿੱਚ ਰਹਿਣ ਦੀ ਗੱਲ ਆਉਂਦੀ ਹੈ, ਤਾਂ ਜ਼ਿਆਦਾਤਰ ਲੋਕ ਇਸ ਤੋਂ ਆਪਣੇ ਆਪ ਨੂੰ ਦੂਰ ਕਰਨਾ ਚਾਹੁੰਦੇ ਹਨ। ਇਹ ਵਿਰੋਧਾਭਾਸ ਸਿਰਫ਼ ਜੀਵਨਸ਼ੈਲੀ ਦਾ ਸਵਾਲ ਨਹੀਂ ਹੈ, ਸਗੋਂ ਵਿਕਾਸ ਦੇ ਸਾਡੇ ਸੰਕਲਪ ਦਾ ਵੀ ਹੈ।

ਸਦੀਆਂ ਤੋਂ, ਭਾਰਤ ਨੂੰ ਪਿੰਡਾਂ ਦਾ ਦੇਸ਼ ਕਿਹਾ ਜਾਂਦਾ ਰਿਹਾ ਹੈ। ਅੱਜ ਵੀ, ਇੱਕ ਵੱਡੀ ਆਬਾਦੀ ਪੇਂਡੂ ਖੇਤਰਾਂ ਵਿੱਚ ਰਹਿੰਦੀ ਹੈ। ਸਾਡੀ ਆਰਥਿਕਤਾ ਖੇਤੀਬਾੜੀ 'ਤੇ ਅਧਾਰਤ ਹੈ, ਅਤੇ ਪਿੰਡਾਂ ਤੋਂ ਬਿਨਾਂ ਖੇਤੀਬਾੜੀ ਅਸੰਭਵ ਹੈ। ਫਿਰ ਵੀ, ਵਿਡੰਬਨਾ ਇਹ ਹੈ ਕਿ ਜਦੋਂ ਕਿ ਪਿੰਡਾਂ ਦੇ ਉਤਪਾਦਾਂ ਦਾ ਸਤਿਕਾਰ ਕੀਤਾ ਜਾਂਦਾ ਹੈ, ਪਿੰਡ ਖੁਦ ਅਣਗੌਲਿਆ ਦਾ ਸ਼ਿਕਾਰ ਹੁੰਦੇ ਹਨ। ਅਸੀਂ ਪਿੰਡਾਂ ਤੋਂ ਸਭ ਕੁਝ ਲੈਣਾ ਚਾਹੁੰਦੇ ਹਾਂ, ਫਿਰ ਵੀ ਅਸੀਂ ਉਨ੍ਹਾਂ ਨੂੰ ਉਹ ਸਨਮਾਨ, ਸਹੂਲਤਾਂ ਅਤੇ ਮੌਕੇ ਪ੍ਰਦਾਨ ਕਰਨ ਵਿੱਚ ਪਿੱਛੇ ਰਹਿ ਜਾਂਦੇ ਹਾਂ ਜਿਸਦੇ ਉਹ ਹੱਕਦਾਰ ਹਨ।

ਅੱਜ, ਸ਼ਹਿਰਾਂ ਵਿੱਚ 'ਜੈਵਿਕ' ਉਤਪਾਦਾਂ ਦਾ ਇੱਕ ਵੱਡਾ ਬਾਜ਼ਾਰ ਹੈ। ਪਿੰਡਾਂ ਦੀਆਂ ਕਣਕ, ਬਾਜਰਾ, ਸਰ੍ਹੋਂ ਦਾ ਤੇਲ, ਸਥਾਨਕ ਦਾਲਾਂ ਅਤੇ ਤਾਜ਼ੀਆਂ ਸਬਜ਼ੀਆਂ ਮਹਿੰਗੀਆਂ ਕੀਮਤਾਂ 'ਤੇ ਵਿਕਦੀਆਂ ਹਨ। ਲੋਕ ਪਿੰਡ ਦੇ ਸ਼ਹਿਦ, ਸਥਾਨਕ ਗੁੜ ਅਤੇ ਮੋਟੇ ਅਨਾਜ ਨੂੰ ਸਿਹਤਮੰਦ ਮੰਨਦੇ ਹਨ। ਪਰ ਇਨ੍ਹਾਂ ਉਤਪਾਦਾਂ ਦਾ ਉਤਪਾਦਨ ਕਰਨ ਵਾਲੇ ਕਿਸਾਨਾਂ ਦੀ ਜ਼ਿੰਦਗੀ ਅਕਸਰ ਸੰਘਰਸ਼ਾਂ ਨਾਲ ਭਰੀ ਹੁੰਦੀ ਹੈ। ਉਨ੍ਹਾਂ ਕਿਸਾਨਾਂ ਦੇ ਬੱਚੇ ਜਿਨ੍ਹਾਂ ਦੀ ਸਖ਼ਤ ਮਿਹਨਤ ਸ਼ਹਿਰੀ ਨਿਵਾਸੀਆਂ ਦੀਆਂ ਪਲੇਟਾਂ ਭਰਦੀ ਹੈ, ਬਿਹਤਰ ਸਿੱਖਿਆ ਅਤੇ ਸਿਹਤ ਸੰਭਾਲ ਲਈ ਸ਼ਹਿਰਾਂ ਵੱਲ ਪਰਵਾਸ ਕਰਨ ਲਈ ਮਜਬੂਰ ਹਨ।

ਪੇਂਡੂ ਜੀਵਨ ਦੀ ਸਭ ਤੋਂ ਵੱਡੀ ਸੰਪਤੀ ਇਸਦੇ ਸਮਾਜਿਕ ਸਬੰਧ ਰਹੇ ਹਨ। ਪੂਰਾ ਪਿੰਡ ਇੱਕ ਪਰਿਵਾਰ ਵਾਂਗ ਇਕੱਠੇ ਖੜ੍ਹਾ ਸੀ, ਖੁਸ਼ੀਆਂ ਅਤੇ ਦੁੱਖਾਂ ਵਿੱਚ। ਵਿਆਹ, ਤਿਉਹਾਰ, ਵਾਢੀ, ਜਾਂ ਸੰਕਟ ਦੇ ਸਮੇਂ - ਹਰ ਮੌਕਾ ਏਕਤਾ ਦਾ ਪ੍ਰਤੀਕ ਹੁੰਦਾ ਹੈ। ਅੱਜ ਸ਼ਹਿਰੀ ਜੀਵਨ ਵਿੱਚ, ਲੋਕ ਇਸੇ ਤਰ੍ਹਾਂ ਦੀ ਆਪਣੀ ਪਛਾਣ ਦੀ ਮੰਗ ਕਰਦੇ ਹਨ। ਵੱਡੇ ਅਪਾਰਟਮੈਂਟਾਂ ਵਿੱਚ ਰਹਿਣ ਵਾਲੇ ਲੋਕ ਆਪਣੇ ਗੁਆਂਢੀਆਂ ਨੂੰ ਵੀ ਨਹੀਂ ਜਾਣਦੇ। ਇਸ ਦੌਰਾਨ, ਪਿੰਡ ਦਾ ਚੌਕ, ਪਿੱਪਲ ਦੇ ਦਰੱਖਤ ਦੀ ਛਾਂ, ਅਤੇ ਸਮੂਹ ਗੱਲਬਾਤ ਹੌਲੀ-ਹੌਲੀ







ਯਾਦਾਂ ਵਿੱਚ ਅਲੋਪ ਹੋ ਰਹੇ ਹਨ। ਅਸੀਂ ਉਸ ਨੇੜਤਾ ਦੀ ਪ੍ਰਸ਼ੰਸਾ ਕਰਦੇ ਹਾਂ, ਪਰ ਇਸਨੂੰ ਸੁਰੱਖਿਅਤ ਰੱਖਣ ਲਈ ਕੁਝ ਨਹੀਂ ਕਰਦੇ।

ਸਿੱਖਿਆ ਅਤੇ ਰੁਜ਼ਗਾਰ ਦੀ ਭਾਲ ਨੇ ਪਿੰਡਾਂ ਤੋਂ ਨੌਜਵਾਨਾਂ ਦੇ ਪ੍ਰਵਾਸ ਨੂੰ ਤੇਜ਼ ਕਰ ਦਿੱਤਾ ਹੈ। ਇਹ ਪ੍ਰਵਾਸ ਨਾ ਸਿਰਫ਼ ਆਰਥਿਕ ਹੈ, ਸਗੋਂ ਸੱਭਿਆਚਾਰਕ ਵੀ ਹੈ। ਪੜ੍ਹੇ-ਲਿਖੇ ਨੌਜਵਾਨ ਸ਼ਹਿਰਾਂ ਵਿੱਚ ਵਸਣ ਨੂੰ ਇੱਕ ਸਫਲ ਮੰਨਦੇ ਹਨ। ਪਿੰਡਾਂ ਵਿੱਚ ਵਾਪਸ ਆਉਣ ਨੂੰ ਪਛੜੇਪਣ ਦੇ ਪ੍ਰਤੀਕ ਵਜੋਂ ਦੇਖਿਆ ਜਾਂਦਾ ਹੈ। ਨਤੀਜੇ ਵਜੋਂ, ਵਧੇਰੇ ਬਜ਼ੁਰਗ ਲੋਕ, ਔਰਤਾਂ ਅਤੇ ਬੱਚੇ ਪਿੰਡਾਂ ਵਿੱਚ ਹੀ ਰਹਿੰਦੇ ਹਨ, ਜਦੋਂ ਕਿ ਨੌਜਵਾਨਾਂ ਦੀ ਊਰਜਾ ਸ਼ਹਿਰਾਂ ਵਿੱਚ ਖਰਚ ਹੋ ਰਹੀ ਹੈ। ਜੇਕਰ ਪਿੰਡਾਂ ਵਿੱਚ ਮਿਆਰੀ ਸਿੱਖਿਆ, ਆਧੁਨਿਕ ਸਿਹਤ ਸੰਭਾਲ, ਉਦਯੋਗ ਅਤੇ ਸਨਮਾਨਜਨਕ ਰੁਜ਼ਗਾਰ ਉਪਲਬਧ ਹੁੰਦਾ, ਤਾਂ ਵੱਡੀ ਗਿਣਤੀ ਵਿੱਚ ਲੋਕ ਆਪਣੇ ਪਿੰਡਾਂ ਵਿੱਚ ਹੀ ਰਹਿਣਾ ਪਸੰਦ ਕਰਦੇ।

ਇਹ ਵੀ ਸੱਚ ਹੈ ਕਿ ਪਿੰਡਾਂ ਨੂੰ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿੱਖਿਆ, ਸਿਹਤ, ਆਵਾਜਾਈ, ਇੰਟਰਨੈੱਟ, ਪੀਣ ਵਾਲਾ ਪਾਣੀ, ਸੈਨੀਟੇਸ਼ਨ ਅਤੇ ਰੁਜ਼ਗਾਰ ਵਰਗੀਆਂ ਬੁਨਿਆਦੀ ਸਹੂਲਤਾਂ ਦੀ ਘਾਟ ਅਜੇ ਵੀ ਬਹੁਤ ਸਾਰੇ ਖੇਤਰਾਂ ਵਿੱਚ ਸਪੱਸ਼ਟ ਹੈ। ਸਮਾਜਿਕ ਬੁਰਾਈਆਂ, ਜਾਤੀ ਭੇਦਭਾਵ ਅਤੇ ਰੂੜੀਵਾਦ ਵਰਗੀਆਂ ਸਮੱਸਿਆਵਾਂ ਵੀ ਕਾਇਮ ਹਨ। ਇਨ੍ਹਾਂ ਕਮੀਆਂ ਨੂੰ ਸਵੀਕਾਰ ਕਰਨਾ ਮਹੱਤਵਪੂਰਨ ਹੈ, ਪਰ ਹੱਲ ਪਿੰਡਾਂ ਤੋਂ ਭੱਜਣ ਵਿੱਚ ਨਹੀਂ, ਸਗੋਂ ਉਨ੍ਹਾਂ ਨੂੰ ਸੁਧਾਰਨ ਵਿੱਚ ਹੈ।

ਅੱਜ ਜਦੋਂ ਸਾਰਾ ਸੰਸਾਰ ਵਾਤਾਵਰਣ ਸੰਕਟ ਨਾਲ ਜੂਝ ਰਿਹਾ ਹੈ, ਤਾਂ ਪਿੰਡਾਂ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਸਾਫ਼ ਹਵਾ, ਖੁੱਲ੍ਹੇ ਮੈਦਾਨ, ਰੁੱਖ, ਪਾਣੀ ਦੇ ਸਰੋਤ ਅਤੇ ਕੁਦਰਤ ਨਾਲ ਇਕਸੁਰਤਾ ਵਾਲਾ ਜੀਵਨ ਪਿੰਡਾਂ ਦੀਆਂ ਵਿਸ਼ੇਸ਼ਤਾਵਾਂ ਹਨ। ਸ਼ਹਿਰਾਂ ਵਿੱਚ, ਲੋਕ ਨਕਲੀ ਪਾਰਕ ਬਣਾ ਕੇ ਕੁਦਰਤ ਦਾ ਅਨੁਭਵ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਦੋਂ ਕਿ ਪਿੰਡਾਂ ਵਿੱਚ, ਕੁਦਰਤ ਜੀਵਨ ਦਾ ਇੱਕ ਕੁਦਰਤੀ ਹਿੱਸਾ ਹੈ। ਜੇਕਰ ਅਸੀਂ ਪਿੰਡਾਂ ਨੂੰ ਸੁਰੱਖਿਅਤ ਰੱਖੇ ਬਿਨਾਂ ਸ਼ਹਿਰਾਂ ਦਾ ਵਿਸਥਾਰ ਕਰਦੇ ਹਾਂ, ਤਾਂ ਆਉਣ ਵਾਲੀਆਂ ਪੀੜ੍ਹੀਆਂ ਸਿਰਫ਼ ਕਿਤਾਬਾਂ ਅਤੇ ਤਸਵੀਰਾਂ ਵਿੱਚ ਕੁਦਰਤੀ ਜੀਵਨ ਦੇਖਣਗੀਆਂ।

ਕੋਵਿਡ-19 ਮਹਾਂਮਾਰੀ ਨੇ ਸਾਨੂੰ ਪਿੰਡਾਂ ਦੀ ਮਹੱਤਤਾ ਦੀ ਯਾਦ ਦਿਵਾਈ। ਜਦੋਂ ਸ਼ਹਿਰਾਂ ਵਿੱਚ ਆਰਥਿਕ ਗਤੀਵਿਧੀਆਂ ਠੱਪ ਹੋ ਗਈਆਂ, ਤਾਂ ਲੱਖਾਂ ਲੋਕ ਆਪਣੇ ਪਿੰਡਾਂ ਵਿੱਚ ਵਾਪਸ ਆ ਗਏ। ਪਿੰਡਾਂ ਨੇ ਉਨ੍ਹਾਂ ਨੂੰ ਆਸਰਾ, ਭੋਜਨ ਅਤੇ ਆਪਣੀ ਜ਼ਿੰਦਗੀ ਨੂੰ ਦੁਬਾਰਾ ਬਣਾਉਣ ਦਾ ਮੌਕਾ ਪ੍ਰਦਾਨ ਕੀਤਾ। ਉਦੋਂ ਇਹ ਸਪੱਸ਼ਟ ਹੋ ਗਿਆ ਕਿ ਪਿੰਡ ਸਿਰਫ਼ ਭੂਗੋਲਿਕ ਇਕਾਈਆਂ ਨਹੀਂ ਹਨ, ਸਗੋਂ ਸੰਕਟ ਦੇ ਸਮੇਂ ਸਮਾਜ ਦੀ ਸਭ ਤੋਂ ਮਜ਼ਬੂਤ ਸੁਰੱਖਿਆ ਪ੍ਰਣਾਲੀ ਵੀ ਹਨ।

ਅੱਜ ਲੋੜ ਸਿਰਫ਼ ਪੇਂਡੂ ਵਿਕਾਸ ਯੋਜਨਾਵਾਂ ਬਣਾਉਣ ਦੀ ਨਹੀਂ ਹੈ, ਸਗੋਂ ਵਿਕਾਸ ਦੀ ਮਾਨਸਿਕਤਾ ਨੂੰ ਬਦਲਣ ਦੀ ਹੈ। ਲੋੜ ਪਿੰਡਾਂ ਨੂੰ ਸ਼ਹਿਰਾਂ ਵਿੱਚ ਬਦਲਣ ਦੀ ਨਹੀਂ ਹੈ, ਸਗੋਂ ਉਨ੍ਹਾਂ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ ਨੂੰ ਬਰਕਰਾਰ ਰੱਖਦੇ ਹੋਏ ਉਨ੍ਹਾਂ ਨੂੰ ਆਧੁਨਿਕ ਸਹੂਲਤਾਂ ਨਾਲ ਜੋੜਨ ਦੀ ਹੈ। ਚੰਗੀਆਂ ਸੜਕਾਂ, ਗੁਣਵੱਤਾ ਵਾਲੇ ਸਕੂਲ, ਡਿਜੀਟਲ ਕਨੈਕਟੀਵਿਟੀ, ਆਧੁਨਿਕ ਹਸਪਤਾਲ, ਖੇਤੀਬਾੜੀ-ਅਧਾਰਤ ਉਦਯੋਗ, ਹੁਨਰ ਵਿਕਾਸ ਅਤੇ ਸਥਾਨਕ ਰੁਜ਼ਗਾਰ-ਇਹ ਪੇਂਡੂ ਵਿਕਾਸ ਦੀਆਂ ਅਸਲ ਨੀਂਹਾਂ ਹਨ। ਜੇਕਰ ਪਿੰਡਾਂ ਵਿੱਚ ਮੌਕੇ ਮੌਜੂਦ ਹਨ, ਤਾਂ ਪ੍ਰਵਾਸ ਕੁਦਰਤੀ ਤੌਰ 'ਤੇ ਘੱਟ ਜਾਵੇਗਾ।

ਸਾਨੂੰ ਆਪਣੀ ਸਿੱਖਿਆ ਪ੍ਰਣਾਲੀ ਵਿੱਚ ਪਿੰਡਾਂ ਪ੍ਰਤੀ ਸਤਿਕਾਰ ਵੀ ਪੈਦਾ ਕਰਨਾ ਚਾਹੀਦਾ ਹੈ। ਬੱਚਿਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਖੇਤੀਬਾੜੀ ਸਿਰਫ਼ ਇੱਕ ਪੇਸ਼ਾ ਨਹੀਂ ਹੈ, ਸਗੋਂ ਦੇਸ਼ ਦੀ ਭੋਜਨ ਸੁਰੱਖਿਆ ਦੀ ਨੀਂਹ ਹੈ। ਕਿਸਾਨ ਸਿਰਫ਼ ਭੋਜਨ ਪ੍ਰਦਾਤਾ ਹੀ ਨਹੀਂ ਹਨ, ਸਗੋਂ ਵਾਤਾਵਰਣ ਰੱਖਿਅਕ ਵੀ ਹਨ। ਪਿੰਡ ਸਿਰਫ਼ ਰਹਿਣ ਲਈ ਜਗ੍ਹਾ ਨਹੀਂ ਹਨ, ਸਗੋਂ ਸਾਡੀ ਸੱਭਿਅਤਾ ਅਤੇ ਸੱਭਿਆਚਾਰ ਦਾ ਸਰੋਤ ਹਨ।

ਮੀਡੀਆ ਅਤੇ ਮਨੋਰੰਜਨ ਉਦਯੋਗ ਵੀ ਇਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪਿੰਡਾਂ ਨੂੰ ਅਕਸਰ ਜਾਂ ਤਾਂ ਬਹੁਤ ਪਛੜੇ ਹੋਏ ਜਾਂ ਸਿਰਫ਼ ਰੋਮਾਂਟਿਕ ਰੂਪ ਵਿੱਚ ਦਰਸਾਇਆ ਜਾਂਦਾ ਹੈ। ਅਸਲ ਪਿੰਡ ਇਨ੍ਹਾਂ ਦੋਵਾਂ ਤਸਵੀਰਾਂ ਤੋਂ ਵੱਖਰਾ ਹੈ। ਇਹ ਸੰਘਰਸ਼ਾਂ ਅਤੇ ਸੰਭਾਵਨਾਵਾਂ ਦੀ ਪੇਸ਼ਕਸ਼ ਕਰਦਾ ਹੈ; ਇਹ ਪ੍ਰੰਪਰਾ ਅਤੇ ਤਬਦੀਲੀ ਦੀ ਇੱਛਾ ਵੀ ਪੇਸ਼ ਕਰਦਾ ਹੈ। ਸਿਰਫ਼ ਇੱਕ ਸੰਤੁਲਿਤ ਚਿੱਤਰਣ ਹੀ ਸਮਾਜ ਵਿੱਚ ਇੱਕ ਸਕਾਰਾਤਮਕ ਦ੍ਰਿਸ਼ਟੀਕੋਣ ਨੂੰ ਉਤਸ਼ਾਹਿਤ ਕਰ ਸਕਦਾ ਹੈ।

ਸਰਕਾਰ, ਸਮਾਜ ਅਤੇ ਨਿੱਜੀ ਖੇਤਰ ਨੂੰ ਪੇਂਡੂ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਪਿੰਡ ਖੇਤੀਬਾੜੀ, ਪਸ਼ੂ ਪਾਲਣ, ਮਧੂ-ਮੱਖੀ ਪਾਲਣ, ਮੱਛੀ ਪਾਲਣ, ਕਾਟੇਜ ਉਦਯੋਗ, ਪੇਂਡੂ ਸੈਰ-ਸਪਾਟਾ ਅਤੇ ਦਸਤਕਾਰੀ ਨੂੰ ਉਤਸ਼ਾਹਿਤ ਕਰਕੇ ਆਤਮਨਿਰਭਰ ਬਣ ਸਕਦੇ ਹਨ। ਡਿਜੀਟਲ ਤਕਨਾਲੋਜੀ ਅਤੇ ਈ-ਕਾਮਰਸ ਪੇਂਡੂ ਉਤਪਾਦਾਂ ਨੂੰ ਸਿੱਧੇ ਖਪਤਕਾਰਾਂ ਤੱਕ ਪਹੁੰਚਣ ਵਿੱਚ ਮਦਦ ਕਰ ਸਕਦੇ ਹਨ। ਇਸ ਨਾਲ ਕਿਸਾਨਾਂ ਅਤੇ ਪੇਂਡੂ ਉੱਦਮੀਆਂ ਦੀ ਆਮਦਨ ਵਧੇਗੀ ਅਤੇ ਪਿੰਡਾਂ ਵਿੱਚ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ।

ਇੱਕ ਪਿੰਡ ਨੂੰ ਸਿਰਫ਼ ਉਸਦੇ ਖੇਤਾਂ ਦੁਆਰਾ ਹੀ ਨਹੀਂ ਸਗੋਂ ਇਸਦੇ ਸੱਭਿਆਚਾਰ ਦੁਆਰਾ ਵੀ ਪਰਿਭਾਸ਼ਿਤ ਕੀਤਾ ਜਾਂਦਾ ਹੈ। ਬਜ਼ੁਰਗਾਂ ਦਾ ਸਤਿਕਾਰ, ਸਮੂਹਿਕਤਾ, ਸਹਿਯੋਗ, ਕੁਦਰਤ ਪ੍ਰਤੀ ਸੰਵੇਦਨਸ਼ੀਲਤਾ ਅਤੇ ਸਾਦਗੀ-ਇਹ ਕਦਰਾਂ-ਕੀਮਤਾਂ ਅੱਜ ਵੀ ਪਿੰਡ ਦੀਆਂ ਸਭ ਤੋਂ ਵੱਡੀਆਂ ਤਾਕਤਾਂ ਹਨ। ਆਧੁਨਿਕਤਾ ਦਾ ਮਤਲਬ ਇਹਨਾਂ ਕਦਰਾਂ-ਕੀਮਤਾਂ ਨੂੰ ਤਿਆਗਣਾ ਨਹੀਂ ਹੈ, ਸਗੋਂ ਇਹਨਾਂ ਨੂੰ ਸਮੇਂ ਦੇ ਨਾਲ ਕਦਮ ਮਿਲਾ ਕੇ ਅੱਗੇ ਵਧਾਉਣਾ ਹੈ। ਜੇਕਰ ਅਸੀਂ ਵਿਕਾਸ ਦੀ ਦੌੜ ਵਿੱਚ ਇਹਨਾਂ ਕਦਰਾਂ-ਕੀਮਤਾਂ ਨੂੰ ਗੁਆ ਦਿੰਦੇ ਹਾਂ, ਤਾਂ ਆਰਥਿਕ ਖੁਸ਼ਹਾਲੀ ਵੀ ਸਾਨੂੰ ਮਾਨਸਿਕ ਸੰਤੁਸ਼ਟੀ ਨਹੀਂ ਦੇ ਸਕੇਗੀ।

ਸਮਾਜ ਨੂੰ ਇਹ ਮੰਨਣਾ ਚਾਹੀਦਾ ਹੈ ਕਿ ਸ਼ਹਿਰ ਅਤੇ ਪਿੰਡ ਮੁਕਾਬਲੇਬਾਜ਼ ਨਹੀਂ ਹਨ, ਸਗੋਂ ਪੂਰਕ ਹਨ। ਸ਼ਹਿਰ ਉਦਯੋਗ, ਸਿੱਖਿਆ ਅਤੇ ਸੇਵਾਵਾਂ ਦੇ ਕੇਂਦਰ ਹਨ, ਜਦੋਂਕਿ ਪਿੰਡ ਖੇਤੀਬਾੜੀ, ਸੱਭਿਆਚਾਰ ਅਤੇ ਕੁਦਰਤੀ ਸਰੋਤਾਂ ਦੀ ਨੀਂਹ ਹਨ। ਦੋਵਾਂ ਦਾ ਸੰਤੁਲਿਤ ਵਿਕਾਸ ਹੀ ਕਿਸੇ ਰਾਸ਼ਟਰ ਨੂੰ ਸਸ਼ਕਤ ਬਣਾ ਸਕਦਾ ਹੈ। ਸਿਰਫ਼ ਸ਼ਹਿਰਾਂ ਦਾ ਵਿਕਾਸ ਕਰਕੇ ਅਤੇ ਪਿੰਡਾਂ ਨੂੰ ਅਣਗੌਲਿਆ ਕਰਕੇ ਸਮਾਵੇਸ਼ੀ ਵਿਕਾਸ ਦਾ ਸੁਪਨਾ ਪੂਰਾ ਨਹੀਂ ਕੀਤਾ ਜਾ ਸਕਦਾ।

ਅੱਜ ਸਮਾਂ ਆ ਗਿਆ ਹੈ ਕਿ ਅਸੀਂ ਆਪਣੇ ਅੰਦਰ ਝਾਤੀ ਮਾਰੀਏ ਅਤੇ ਆਪਣੇ ਆਪ ਤੋਂ ਪੁੱਛੀਏ - ਕੀ ਅਸੀਂ ਸੱਚਮੁੱਚ ਪਿੰਡ ਨੂੰ ਪਿਆਰ ਕਰਦੇ ਹਾਂ, ਜਾਂ ਸਿਰਫ਼ ਇਸਦੀ ਉਪਜ ਅਤੇ ਸਹੂਲਤਾਂ ? ਜੇਕਰ ਅਸੀਂ ਪਿੰਡ ਦਾ ਭੋਜਨ, ਦੁੱਧ, ਹਵਾ, ਸੱਭਿਆਚਾਰ, ਲੋਕ ਗੀਤ, ਤਿਉਹਾਰ ਅਤੇ ਆਪਣੇਪਣ ਦੀ ਭਾਵਨਾ ਚਾਹੁੰਦੇ ਹਾਂ, ਤਾਂ ਸਾਨੂੰ ਪਿੰਡ ਦੀ ਵੀ ਲੋੜ ਹੈ। ਪਿੰਡ ਨੂੰ ਸਿਰਫ਼ ਸਰੋਤਾਂ ਦਾ ਸਰੋਤ ਸਮਝਣ ਦੀ ਮਾਨਸਿਕਤਾ ਬਦਲਣੀ ਚਾਹੀਦੀ ਹੈ। ਜੇਕਰ ਪਿੰਡ ਬਚੇ ਰਹਿਣਗੇ ਤਾਂ ਹੀ ਸਾਡਾ ਸੱਭਿਆਚਾਰ, ਸਾਡੀ ਖੇਤੀਬਾੜੀ ਅਤੇ ਸਾਡੀ ਪਛਾਣ ਬਚੇਗੀ।

ਅਸਲ ਵਿਕਾਸ ਉਦੋਂ ਹੋਵੇਗਾ ਜਦੋਂ ਨੌਜਵਾਨਾਂ ਨੂੰ ਆਪਣੇ ਪਿੰਡ ਛੱਡਣ ਲਈ ਮਜਬੂਰ ਨਹੀਂ ਕੀਤਾ ਜਾਵੇਗਾ, ਸਗੋਂ ਉਨ੍ਹਾਂ ਵਿੱਚ ਸਨਮਾਨ ਨਾਲ ਰਹਿਣ ਦੇ ਮੌਕੇ ਮਿਲਣਗੇ। ਜਦੋਂ ਇੱਕ ਕਿਸਾਨ ਦਾ ਪੁੱਤਰ ਖੇਤੀ ਕਰਨ 'ਤੇ ਮਾਣ ਮਹਿਸੂਸ ਕਰਦਾ ਹੈ, ਜਦੋਂ ਇੱਕ ਪਿੰਡ ਦੀ ਕੁੜੀ ਨੂੰ ਆਪਣੇ ਖੇਤਰ ਵਿੱਚ ਮਿਆਰੀ ਸਿੱਖਿਆ ਅਤੇ ਸਿਹਤ ਸੰਭਾਲ ਤੱਕ ਪਹੁੰਚ ਹੁੰਦੀ ਹੈ ਅਤੇ ਜਦੋਂ ਆਧੁਨਿਕ ਤਕਨਾਲੋਜੀ ਅਤੇ ਰਵਾਇਤੀ ਗਿਆਨ ਪਿੰਡ ਦੇ ਚੌਕ ਵਿੱਚ ਇਕੱਠੇ ਹੁੰਦੇ ਹਨ, ਤਾਂ ਭਾਰਤ ਸੱਚਮੁੱਚ ਸਵੈ-ਨਿਰਭਰ ਅਤੇ ਖੁਸ਼ਹਾਲ ਹੋਵੇਗਾ।

ਆਓ ਸਿਰਫ਼ ਪਿੰਡ ਦੀਆਂ ਚੀਜ਼ਾਂ ਨੂੰ ਹੀ ਪਿਆਰ ਨਾ ਕਰੀਏ, ਸਗੋਂ ਪਿੰਡ ਨੂੰ ਵੀ ਪਿਆਰ ਕਰੀਏ। ਕਿਉਂਕਿ ਜੇ ਪਿੰਡ ਬਚਦਾ ਹੈ, ਤਾਂ ਖੇਤ ਬਚਣਗੇ, ਜੇ ਖੇਤ ਬਚਦੇ ਹਨ, ਤਾਂ ਭੋਜਨ ਬਚੇਗਾ, ਜੇ ਭੋਜਨ ਬਚਦਾ ਹੈ, ਤਾਂ ਜੀਵਨ ਬਚੇਗਾ, ਅਤੇ ਜੇ ਜੀਵਨ ਬਚਦਾ ਹੈ, ਤਾਂ ਸਾਡੀ ਸੱਭਿਅਤਾ ਵੀ ਸੁਰੱਖਿਅਤ ਰਹੇਗੀ। ਸੱਚਾਈ ਇਹ ਹੈ ਕਿ ਸਾਨੂੰ ਸਿਰਫ਼ ਪਿੰਡ ਦੀ ਹਰ ਚੀਜ਼ ਦੀ ਨਹੀਂ, ਸਗੋਂ ਪਿੰਡ ਦੀ ਵੀ ਲੋੜ ਹੈ।

(ਪੀਐਚਡੀ (ਰਾਜਨੀਤੀ ਵਿਗਿਆਨ), ਇੱਕ ਕਵੀ ਅਤੇ ਸਮਾਜਿਕ ਚਿੰਤਕ ਹਨ।)

# ਕੀ ਹੈ ਡਾਰਕ ਆਕਸੀਜਨ?



*ਨਵੀਂ ਖੋਜ ਨੇ ਦੁਨੀਆ ਦੇ ਵਿਗਿਆਨੀਆਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਧਰਤੀ ਉੱਤੇ ਆਕਸੀਜਨ ਪ੍ਰਾਪਤ ਕਰਨ ਦੇ ਰੁੱਖਾਂ ਤੋਂ ਇਲਾਵਾ ਹੋਰ ਵੀ ਸਾਧਨ ਹਨ। ਹੁਣ ਇਸ ਦੇ ਨਾਲ ਹੀ ਆਕਸੀਜਨ ਦੇ ਬਦਲਵੇਂ ਸਰੋਤ ਲੱਭਣ ਦੀ ਸ਼ੁਰੂਆਤ ਵੀ ਹੋ ਗਈ ਹੈ। ਸੰਸਾਰ ਭਰ ਵਿੱਚ ਰੁੱਖਾਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ ਅਤੇ ਦੁਨੀਆ ਦੇ ਸਭ ਤੋਂ ਵੱਡੇ ਜੰਗਲ ਐਮਾਜ਼ੋਨ ਸਮੇਤ ਕੁੱਲ ਦੁਨੀਆ ਦੇ ਜੰਗਲਾਂ ਨੂੰ ਮਨੁੱਖ ਆਪਣੇ ਨਿੱਜੀ ਸਵਾਰਥਾਂ ਲਈ ਕੱਟ ਰਿਹਾ ਹੈ।*

ਅਸ਼ਵਨੀ ਚਤਰਥ

ਹੁਣ ਤੱਕ ਅਸੀਂ ਹਰੇ ਪੌਦਿਆਂ ਵੱਲੋਂ ਆਕਸੀਜਨ ਗੈਸ ਪੈਦਾ ਕੀਤੇ ਜਾਣ ਬਾਰੇ ਹੀ ਜਾਣਦੇ ਸਾਂ। ਹਰੇ ਰੰਗ ਦੇ ਬੂਟੇ, ਜਿਨ੍ਹਾਂ ਵਿੱਚ ਕਲੋਰੋਫ਼ਿਲ ਨਾਮ ਦਾ ਪਦਾਰਥ ਹੰਦਾ ਹੈ, ਸੂਰਜ ਦੀ ਰੋਸ਼ਨੀ ’ਚ ਭੋਜਨ ਪਦਾਰਥ ਅਤੇ ਆਕਸੀਜਨ ਗੈਸ ਪੈਦਾ ਕਰਦੇ ਹਨ। ਇਸ ਕਿਰਿਆ ਨੂੰ ਪ੍ਰਕਾਸ਼ ਸੰਸਲੇਸ਼ਣ ਕਿਰਿਆ ਕਿਹਾ ਜਾਂਦਾ ਹੈ। ਇਸ ਤਰ੍ਹਾਂ ਧਰਤੀ ਦੇ ਸਾਰੇ ਜੀਵ ਜੰਤੂ ਆਪਣੀਆਂ ਆਕਸੀਜਨ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਰੁੱਖਾਂ ਵੱਲੋਂ ਪੈਦਾ ਕੀਤੀ ਗਈ ਆਕਸੀਜਨ ਉੱਤੇ ਹੀ ਨਿਰਭਰ ਕਰਦੇ ਸਨ। ਪਰ ਸਕਾਟਲੈਂਡ ਦੇ ਵਿਗਿਆਨੀਆਂ ਨੇ ਹੁਣ ਨਵੀਂ ਖੋਜ ਰਾਹੀਂ ਸਮੁੰਦਰ ਵਿੱਚ ਪੱਥਰਾਂ ਤੋਂ ਆਕਸੀਜਨ ਗੈਸ ਪੈਦਾ ਕੀਤੇ ਜਾਣ ਦਾ ਪਤਾ ਲਾਇਆ ਹੈ। ਸਮੁੰਦਰੀ ਵਿਗਿਆਨ ਨਾਲ ਜੁੜੇ ਸਕਾਟਲੈਂਡ ਦੇ ਵਿਗਿਆਨੀ ਐਂਡਰਿਊ ਸਵੀਟਮੈਨ ਅਤੇ ਉਸ ਦੇ ਸਾਥੀਆਂ ਨੇ ਇੱਕ ਅਜਿਹੀ ਚਮਤਕਾਰੀ ਖੋਜ ਕੀਤੀ ਹੈ, ਜੋ ਦਾਅਵਾ ਕਰਦੀ ਹੈ ਕਿ ਸਮੁੰਦਰ ਦੇ ਅੰਦਰ ਕਰੀਬ ਤੇਰਾਂ ਹਜ਼ਾਰ ਫੁੱਟ ਦੀ ਡੂੰਘਾਈ ’ਤੇ ਆਕਸੀਜਨ ਪੈਦਾ ਹੋ ਰਹੀ ਹੈ।

ਇਸ ਨੂੰ ਸਮੁੰਦਰੀ ਆਕਸੀਜਨ ਆਖਿਆ ਜਾਂਦਾ ਹੈ। ਨਵੀਂ ਖੋਜ ਦੱਸਦੀ ਹੈ ਕਿ ਪ੍ਰਸ਼ਾਂਤ ਮਹਾਸਾਗਰ ਦੇ ਹੇਠਾਂ ਆਕਸੀਜਨ ਉਸ ਜਗ੍ਹਾ ’ਤੇ ਪੈਦਾ ਹੋ ਰਹੀ ਹੈ ਜਿੱਥੇ ਸੂਰਜ ਦੀ ਰੋਸ਼ਨੀ ਬਿਲਕੁਲ ਨਹੀਂ ਪਹੁੰਚ ਰਹੀ ਭਾਵ ਆਕਸੀਜਨ ਹਨੇਰੇ ’ਚ ਪੈਦਾ ਹੋ ਰਹੀ ਹੈ। ਇਸ ਲਈ ਸਮੁੰਦਰੀ ਆਕਸੀਜਨ ਨੂੰ ਡਾਰਕ ਆਕਸੀਜਨ ਦਾ ਵੀ ਨਾਮ ਦਿੱਤਾ ਗਿਆ ਹੈ। ਪ੍ਰਸ਼ਾਂਤ ਮਹਾਸਾਗਰ ਦਾ ਖੇਤਰ, ਜਿੱਥੇ ਇਹ ਕਿਰਿਆ ਚੱਲ ਰਹੀ ਹੈ, ਦੀ ਡੂੰਘਾਈ ਧਰਤੀ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੈਸਟ ਦੀ ਉੱਚਾਈ ਤੋਂ ਅੱਧੀ ਦੇ ਬਰਾਬਰ ਹੈ।

**ਘਟ ਰਹੇ ਰੁੱਖਾਂ ਦਾ ਬਦਲ ਹੈ ਸਮੁੰਦਰੀ ਆਕਸੀਜਨ:** ਨਵੀਂ ਖੋਜ ਨੇ ਦੁਨੀਆ ਦੇ ਵਿਗਿਆਨੀਆਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਧਰਤੀ ਉੱਤੇ ਆਕਸੀਜਨ ਪ੍ਰਾਪਤ ਕਰਨ ਦੇ ਰੁੱਖਾਂ ਤੋਂ ਇਲਾਵਾ ਹੋਰ ਵੀ ਸਾਧਨ ਹਨ। ਹੁਣ ਇਸ ਦੇ ਨਾਲ ਹੀ ਆਕਸੀਜਨ ਦੇ ਬਦਲਵੇਂ ਸਰੋਤ ਲੱਭਣ ਦੀ ਸ਼ੁਰੂਆਤ ਵੀ ਹੋ ਗਈ ਹੈ। ਸੰਸਾਰ ਭਰ ਵਿੱਚ ਰੁੱਖਾਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ ਅਤੇ ਦੁਨੀਆ ਦੇ ਸਭ ਤੋਂ ਵੱਡੇ ਜੰਗਲ ਐਮਾਜ਼ੋਨ ਸਮੇਤ ਕੁੱਲ ਦੁਨੀਆ ਦੇ ਜੰਗਲਾਂ ਨੂੰ ਮਨੁੱਖ ਆਪਣੇ ਨਿੱਜੀ ਸਵਾਰਥਾਂ ਲਈ ਕੱਟ ਰਿਹਾ ਹੈ। ਇਸੇ ਤਰ੍ਹਾਂ ਭਾਰਤ ਅਤੇ ਖ਼ਾਸ ਕਰ ਕੇ ਪੰਜਾਬ ਵਿੱਚ ਵੀ ਦਰੱਖ਼ਤਾਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ, ਉਸ ਨੂੰ ਦੇਖਦਿਆਂ ਜੀਵਾਂ ਦੀ ਸਾਹ ਕਿਰਿਆ ਲਈ ਲੋੜੀਂਦੀ ਆਕਸੀਜਨ ਵੀ ਘਟਦੀ ਜਾ ਰਹੀ ਹੈ ਤੇ ਹੁਣ ਆਕਸੀਜਨ ਦੀ ਨਵੀਂ ਖੋਜ ਧਰਤੀ ਦੇ ਸਮੂਹ ਪ੍ਰਾਣੀਆਂ ਲਈ ਨਵੀਂ ਸਵੇਰ ਦਾ ਸੁਨੇਹਾ ਲੈ ਕੇ ਆਈ ਹੈ।

**ਸਮੁੰਦਰੀ ਆਕਸੀਜਨ ਦਾ ਸਰੋਤ:** ਜ਼ਿਕਰਯੋਗ ਹੈ ਕਿ ਧਰਤੀ ਉੱਤੇ ਮਿਲਦੀ ਆਕਸੀਜਨ ਦਾ ਕਰੀਬ ਅੱਧਾ ਹਿੱਸਾ ਸਮੁੰਦਰਾਂ ਤੋਂ ਹੀ ਪ੍ਰਾਪਤ ਹੁੰਦਾ ਹੈ। ਵਿਗਿਆਨੀ ਪਹਿਲਾਂ ਸਮੁੰਦਰਾਂ ਵਿਚਲੇ ਪੌਦਿਆਂ ਨੂੰ ਹੀ ਸਮੁੰਦਰੀ ਆਕਸੀਜਨ ਦਾ ਸਰੋਤ ਮੰਨ ਰਹੇ ਸਨ, ਪਰ ਸਵੀਟਮੈਨ ਦੀ ਖੋਜ ਨੇ ਸਿੱਧ ਕੀਤਾ ਹੈ ਕਿ ਸਮੁੰਦਰਾਂ ਤੋਂ






ਆਉਂਦੀ ਆਕਸੀਜਨ ਦਾ ਸਰੋਤ ਉੱਥੋਂ ਦੇ ਬੂਟੇ ਨਹੀਂ ਸਗੋਂ ਉੱਥੇ ਪਏ ਹੋਏ ਬਹੁਧਾਤੀ (ਬਹੁਤੀਆਂ ਧਾਤਾਂ ਤੋਂ ਬਣੇ ਪੱਥਰ) ਪੱਥਰ ਹਨ। ਪ੍ਰਸ਼ਾਂਤ ਮਹਾਸਾਗਰ ਦੇ 13,100 ਫੁੱਟ ਦੀ ਡੂੰਘਾਈ ’ਤੇ ਪਏ ਹੋਏ ਇਹ ਬਹੁਧਾਤੀ ਪੱਥਰ ਮੈਗਨੀਜ਼, ਕੋਬਾਲਟ, ਤਾਂਬਾ, ਲਿਥੀਅਮ ਅਤੇ ਨਿੱਕਲ ਆਦਿ ਧਾਤਾਂ ਦੇ ਬਣੇ ਹੋਏ ਹਨ। ਇਹ ਉਹੀ ਧਾਤਾਂ ਹਨ ਜਿਹੜੀਆਂ ਮੋਬਾਈਲਾਂ ਦੀ ਟੱਚ ਸਕਰੀਨ, ਚਾਰਜ ਕਰਨਯੋਗ ਬੈਟਰੀਆਂ ਅਤੇ ਸੋਲਰ ਪੈਨਲ ਬਣਾਉਣ ਲਈ ਵਰਤੀਆਂ ਜਾਂਦੀਆਂ ਹਨ।

ਵਿਗਿਆਨੀਆਂ ਵੱਲੋਂ ਇਨ੍ਹਾਂ ਪੱਥਰਾਂ ਨੂੰ ਬਾਹਰ ਕੱਢ ਕੇ ਅਤੇ ਲੈਬਾਰਟਰੀ ਵਿੱਚ ਤਜਰਬੇ ਕਰਨ ਤੋਂ ਬਾਅਦ ਇਹ ਪਤਾ ਲਾਇਆ ਗਿਆ ਹੈ ਕਿ ਇਨ੍ਹਾਂ ਵਿੱਚ ਬਿਜਲੀ ਦਾ ਕਰੰਟ ਮੌਜੂਦ ਹੁੰਦਾ ਹੈ। ਇੱਕ ਆਲੂ ਦੇ ਆਕਾਰ ਦਾ ਅਜਿਹਾ ਪੱਥਰ 0.95 ਵੋਲਟ ਬਿਜਲੀ ਪੈਦਾ ਕਰ ਸਕਦਾ ਹੈ। ਇਨ੍ਹਾਂ ਪੱਥਰਾਂ ਨੂੰ ਵਧੇਰੇ ਗਿਣਤੀ ਵਿੱਚ ਜੋੜ ਕੇ ਵੱਡੀ ਮਾਤਰਾ ਵਿੱਚ ਵੀ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ। ਵਿਗਿਆਨੀਆਂ ਨੇ ਪਾਣੀ ਹੇਠਲੇ ਬਹੁਧਾਤੀ ਪੱਥਰਾਂ ਨੂੰ ਭੂ-ਬੈਟਰੀਆਂ ਜਾਂ ਕੁਦਰਤੀ ਬੈਟਰੀਆਂ ਦਾ ਨਾਮ ਦਿੱਤਾ ਹੈ।

ਇਹ ਪੱਥਰ ਸਮੁੰਦਰੀ ਪਾਣੀ ਨੂੰ ਬਿਜਲਈ ਵਿਧੀ ਨਾਲ ਤੋੜ ਕੇ ਹਾਈਡਰੋਜਨ ਅਤੇ ਆਕਸੀਜਨ ਗੈਸਾਂ ਪੈਦਾ ਕਰਦੇ ਹਨ। ਇਹ ਪੈਦਾ ਹੋਈ ਆਕਸੀਜਨ ਗੈਸ ਸਮੁੰਦਰੀ ਆਕਸੀਜਨ ਦਾ ਸਰੋਤ ਹੈ। ਇਨ੍ਹਾਂ ਖੋਜਾਂ ਰਾਹੀਂ ਵਿਗਿਆਨੀਆਂ ਨੇ ਇਹ ਸਬੂਤ ਦੇ ਦਿੱਤੇ ਹਨ ਕਿ ਸਾਡੇ ਗ੍ਰਹਿ ਉੱਤੇ ਪ੍ਰਕਾਸ਼ ਸੰਸਲੇਸ਼ਣ ਤੋਂ ਇਲਾਵਾ ਆਕਸੀਜਨ ਪ੍ਰਾਪਤੀ ਦੇ ਹੋਰ ਵੀ ਸਾਧਨ ਹਨ। ਵਿਗਿਆਨੀਆਂ ਵੱਲੋਂ ਕੁਦਰਤੀ ਭੂ-ਵਿਗਿਆਨ ਨਾਮ ਦੇ ਇੱਕ ਰਸਾਲੇ ਵਿੱਚ ਛਪੇ ਇੱਕ ਲੇਖ ਵਿੱਚ ਦੱਸਿਆ ਗਿਆ ਹੈ ਕਿ ਮੈਕਸੀਕੋ ਅਤੇ ਅਮਰੀਕਾ ਦੇ ਹਵਾਈ ਪ੍ਰਾਂਤ ਵਿਚਾਲੇ ਪ੍ਰਸ਼ਾਂਤ ਮਹਾਸਾਗਰ ਦਾ ਜੋ ਹਿੱਸਾ ਹੈ, ਉਸ ਦੇ 45 ਲੱਖ ਵਰਗ ਕਿਲੋਮੀਟਰ ਖੇਤਰ ਵਿੱਚ ਬਹੁਧਾਤੀ ਪੱਥਰ ਮੌਜੂਦ ਹਨ। ਇਹ ਪੱਥਰ ਪਿਛਲੇ ਲੰਮੇ ਸਮੇਂ ਤੋਂ ਆਕਸੀਜਨ ਗੈਸ ਪੈਦਾ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਇਹ ਵਿਗਿਆਨੀ ਪਿਛਲੇ ਦਸ ਸਾਲਾਂ ਤੋਂ ਸਮੁੰਦਰੀ ਤਲ ਉੱਤੇ ਵੱਖ-ਵੱਖ ਖੋਜਾਂ ਕਰ ਰਹੇ ਸਨ। ਇਹ ਸਮਝਣ ਦੀ ਲੋੜ ਹੈ ਕਿ ਅਸੀਂ ਜਿਵੇਂ-ਜਿਵੇਂ ਸਮੁੰਦਰ ਦੀ ਡੂੰਘਾਈ ਵਿੱਚ ਜਾਂਦੇ ਹਾਂ ਤਾਂ ਆਮ ਤੌਰ ’ਤੇ ਆਕਸੀਜਨ ਦੀ ਮਾਤਰਾ ਘਟਦੀ ਜਾਂਦੀ ਹੈ।

ਪਰ ਸਵੀਟਮੈਨ ਦੀ ਟੀਮ ਨੂੰ ਇਸ ਗੱਲ ਦੀ ਹੈਰਾਨੀ ਹੋਈ ਸੀ ਕਿ ਜਿਵੇਂ-ਜਿਵੇਂ ਉਹ ਪ੍ਰਸ਼ਾਂਤ ਮਹਾਸਾਗਰ ਦੇ ਹੇਠਾਂ ਜਾਂਦੇ ਸਨ ਤਾਂ ਉਨ੍ਹਾਂ ਨੂੰ ਆਕਸੀਜਨ ਦੀ ਮਾਤਰਾ ਵਧਦੀ ਮਹਿਸੂਸ ਹੋਣੀ ਸ਼ੁਰੂ ਹੋ ਜਾਂਦੀ ਸੀ। ਇਸੇ ਤੋਂ ਹੀ ਉਨ੍ਹਾਂ ਨੂੰ ਸਮੁੰਦਰੀ ਆਕਸੀਜਨ ਦੀ ਖੋਜ ਕਰਨ ਵਿੱਚ ਮਦਦ ਮਿਲੀ ਸੀ।

**ਪ੍ਰਦੂਸ਼ਣ ਰਹਿਤ ਹੈ ਸਮੁੰਦਰੀ ਆਕਸੀਜਨ:** ਜ਼ਿਕਰਯੋਗ ਹੈ ਕਿ ਵਿਗਿਆਨੀ ਪਿਛਲੇ ਲੰਮੇ ਸਮੇਂ ਤੋਂ ਅਜਿਹੀ ਆਕਸੀਜਨ ਦੀ ਭਾਲ ਵਿੱਚ ਸਨ ਜਿਸ ਨੂੰ ਪੈਦਾ ਕਰਨ ਦੌਰਾਨ ਕੋਈ ਪ੍ਰਦੂਸ਼ਣ ਪੈਦਾ ਨਾ ਹੁੰਦਾ ਹੋਵੇ। ਅਜਿਹੀ ਆਕਸੀਜਨ ਜਿਸ ਨੂੰ ਪੈਦਾ ਕਰਨ ਵਿੱਚ ਸਾਡਾ ਆਲਾ-ਦੁਆਲਾ ਪ੍ਰਦੂਸ਼ਿਤ ਨਹੀਂ ਹੁੰਦਾ ਉਸ ਨੂੰ ਹਰੀ ਆਕਸੀਜਨ ਦਾ ਨਾਮ ਦਿੱਤਾ ਜਾਂਦਾ ਹੈ। ਸਵੀਟਮੈਨ ਅਤੇ ਉਸ ਦੇ ਸਾਥੀਆਂ ਵੱਲੋਂ ਕੀਤੀ ਇਸ ਖੋਜ ਨੇ ਪ੍ਰਦੂਸ਼ਣ ਰਹਿਤ ਆਕਸੀਜਨ ਲਈ ਨਵੇਂ ਰਾਹ ਖੋਲ੍ਹ ਦਿੱਤੇ ਹਨ ਭਾਵ ਸਮੁੰਦਰਾਂ ਤੋਂ ਮਿਲਦੇ ਇਨ੍ਹਾਂ ਪੱਥਰਾਂ ਦੀ ਮਦਦ ਨਾਲ ਆਕਸੀਜਨ ਤਿਆਰ ਕੀਤੀ ਜਾ ਸਕੇਗੀ, ਉਹ ਵੀ ਬਿਨਾਂ ਕਿਸੇ ਕਿਸਮ ਦੇ ਵਾਤਾਵਰਨੀ ਪ੍ਰਦੂਸ਼ਣ ਤੋਂ।

**ਨਵੀਂ ਖੋਜ ਨਾਲ ਕਈ ਸਵਾਲਾਂ ਦੇ ਜਵਾਬ ਦੇਣਾ ਹੋਇਆ ਸੌਖਾ:** ਪਿਛਲੇ ਲੰਮੇ ਸਮੇਂ ਤੋਂ ਜੋ ਕੁਝ ਸਵਾਲ ਵਿਗਿਆਨੀਆਂ ਲਈ ਰਹੱਸ ਹੀ ਬਣੇ ਹੋਏ ਸਨ, ਮੌਜੂਦਾ ਖੋਜ ਨੇ ਉਨ੍ਹਾਂ ਬਹੁਤ ਸਾਰੇ ਸਵਾਲਾਂ ਦੇ ਜਵਾਬ ਦੇਣੇ ਸੌਖੇ ਕਰ ਦਿੱਤੇ ਹਨ। ਸਮੁੰਦਰ ’ਚੋਂ ਮਿਲੀ ਆਕਸੀਜਨ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਧਰਤੀ ਗ੍ਰਹਿ ਉੱਤੇ ਸਭ ਤੋਂ ਪਹਿਲੇ ਜੀਵ ਦੀ ਸ਼ੁਰੂਆਤ ਸਮੁੰਦਰ ਵਿੱਚ ਹੀ ਹੋਈ ਹੋਏਗੀ। ਇਸੇ ਤਰ੍ਹਾਂ ਇਸ ਗੱਲ ’ਤੇ ਵੀ ਵਾਦ-ਵਿਵਾਦ ਚੱਲਦਾ ਰਿਹਾ ਸੀ ਕਿ ਕੀ ਪਹਿਲੇ-ਪਹਿਲ ਦੇ ਜੀਵਾਂ ਦੇ ਜਿਊਂਦੇ ਰਹਿਣ ਲਈ ਆਕਸੀਜਨ ਜ਼ਰੂਰੀ ਸੀ ਜਾਂ ਫਿਰ ਉਹ ਜੀਵ ਆਕਸੀਜਨ ਤੋਂ ਬਗੈਰ ਹੀ ਜਿਊਂਦੇ ਰਹਿਣ ਦੇ ਯੋਗ ਸਨ?

ਹੁਣ ਇਸ ਦਾ ਜਵਾਬ ਦਿੱਤਾ ਜਾ ਸਕਦਾ ਹੈ ਕਿ ਉਨ੍ਹਾਂ ਜੀਵਾਂ ਕੋਲ ਜਿਊਂਦੇ ਰਹਿਣ ਲਈ ਆਕਸੀਜਨ ਮੌਜੂਦ ਸੀ ਤੇ ਇਸੇ ਦੇ ਸਹਾਰੇ ਹੀ ਉਹ ਜਿਊਂਦੇ ਰਹੇ ਹੋਣਗੇ। ਪਹਿਲਾਂ ਇਹ ਪ੍ਰਸ਼ਨ ਕੀਤਾ ਜਾਂਦਾ ਸੀ ਕਿ ਕੀ ਧਰਤੀ ਉੱਤੇ ਆਕਸੀਜਨ ਨਾਲ ਸਾਹ ਲੈਣ ਵਾਲੇ ਜੀਵ ਜੰਤੂ ਰੁੱਖਾਂ ਦੇ ਪੈਦਾ ਹੋਣ ਤੋਂ ਬਾਅਦ ਹੋਂਦ ਵਿੱਚ ਆਏ ਸਨ ਜਾਂ ਉਹ ਰੁੱਖਾਂ ਤੋਂ ਪਹਿਲਾਂ ਵੀ ਧਰਤੀ ਉੱਤੇ ਮੌਜੂਦ ਸਨ? ਹੁਣ ਇਸ ਦਾ ਜਵਾਬ ਦਿੱਤਾ ਜਾ ਸਕਦਾ ਹੈ, ਭਾਵ ਸਮੁੰਦਰ ਵਿਚਲੀ ਆਕਸੀਜਨ ਜੰਤੂਆਂ ਲਈ ਮੌਜੂਦ ਸੀ ਇਸ ਲਈ ਜੀਵ-ਜੰਤੂਆਂ ਦਾ ਜਨਮ ਰੁੱਖਾਂ ਤੋਂ ਪਹਿਲਾਂ ਵੀ ਸੰਭਵ ਹੋ ਸਕਦਾ ਹੈ।



## ਕੰਡਿਆਲੀ ਤਾਰ



ਅਮਨ ਸ਼ਾਂਤੀ ਦੀ ਹਾਮੀ ਭਰ ਦਿਓ,
ਤਾਰ ਕੰਡਿਆਲੀ ਲਾਂਭੇ ਕਰ ਦਿਓ।
ਦੋਵੇਂ ਮੁਲਕਾਂ ਦੀ ਏਕਤਾ ਹੋਵੇ,
ਨਾ ਮਾਂ ਕਿਸੇ ਦੀ ਮੱਥਾ ਫੜ ਰੋਵੇ।

ਖ਼ੁਸ਼ੀਆਂ ਦੇ ਸਦਾ ਦੀਪ ਜਗਾਓ,
ਘੁੱਟ ਗਲਵੱਕੜੀ ਆਪਸੀ ਪਾਓ।
ਨਾ ਇੱਕ ਦੂਜੇ ਵੱਲ ਸੀਨੇ ਤਾਣੋਂ,
ਮਿਲ ਇੱਕ-ਦੂਜੇ ਦਾ ਦਰਦ ਪਛਾਣੋਂ।

ਰਲ ਕੇ ਰਹੋ ਸਦਾ ਦੋਵੇਂ ਭਾਈ,
ਨਾ ਜਾਓ ਇੱਕ ਦੂਜੇ ਵੱਲ ਤੀਰ ਚਲਾਈ।
ਠਾਹ ਠੂਹ ਠਾਹ ਠੂਹ ਹੋ ਜਾਏ ਬੰਦ,
ਦਵੈਤ ਭਾਵਨਾ ਦੀ ਢਾਹ ਦਿਓ ਕੰਧ।

ਜਿਸ ਨੇ ਇਹ ਕੰਧ ਬਣਾਈ,
ਉਹ ਨ੍ਹੀਂ ਸਾਡਾ ਸੱਚਾ ਭਾਈ।
ਖਟਾਸ ਮਨਾਂ ਦੀ ਦੂਰ ਭਜਾਓ,
ਹੱਦਾਂ ਸਰਹੱਦਾਂ ਦੀ ਲੀਕ ਮਿਟਾਓ।

'ਲੰਗੇਆਣਾ ਸਾਧੂ ਰਾਮ' ਨੇ ਕੀਤੀ ਅਰਜ਼,
ਨਿਭਾਈਏ ਰਲਮਿਲ ਆਪਾਂ ਸਾਰੇ ਫਰਜ਼।

**- ਡਾ. ਸਾਧੂ ਰਾਮ ਲੰਗੇਆਣਾ**

## ਜੰਗਾਂ ਦੇ ਸਾਏ

ਅੰਬਰ ਉੱਤੇ ਧੂੰਏਂ ਦੀ ਚਾਦਰ,
ਧਰਤੀ ਉੱਤੇ ਖ਼ੂਨ ਦੇ ਨਿਸ਼ਾਨ।
ਤਾਕਤਵਰ ਦੇ ਹੱਥਾਂ 'ਚ ਅੱਗ ਹੈ,
ਤੇ ਕੰਬ ਰਿਹਾ ਸਾਰਾ ਜਹਾਨ।
ਅਮਰੀਕਾ ਦੇ ਜਹਾਜ਼ ਗੱਜ ਰਹੇ,
ਇਰਾਨ ਦੇ ਮਿਜ਼ਾਈਲ ਬੋਲ ਪਏ।
ਸਿਆਸਤ ਦੀ ਸ਼ਤਰੰਜ ਅੰਦਰ,
ਹਾਕਮ ਲੱਖਾਂ ਸੁਪਨੇ ਰੋਲ ਗਏ।

ਤੇਲ ਦੇ ਰਾਹ ਵੀ ਡਰਦੇ ਨੇ,
ਸਮੁੰਦਰ ਵੀ ਖ਼ਾਮੋਸ਼ ਖੜ੍ਹਾ।
ਬਾਜ਼ਾਰਾਂ ਵਿੱਚ ਮਹਿੰਗਾਈ ਨੱਚੇ,
ਗ਼ਰੀਬ ਦਾ ਚੁੱਲ੍ਹਾ ਹੋਇਆ ਠੰਢਾ।
ਜੰਗ ਭਾਵੇਂ ਦੋ ਦੇਸ਼ਾਂ ਅੰਦਰ,
ਪਰ ਅਸਰ ਪੈਂਦਾ ਦੁਨੀਆ ਸਾਰੀ।
ਕਿਤੇ ਰੋਟੀ ਹੋ ਜਾਂਦੀ ਮਹਿੰਗੀ,
ਕਿਤੇ ਰੁਕਦੀ ਰੋਜ਼ੀ-ਰੋਟੀ ਦੀ ਲਾਰੀ।

ਅਫ਼ਰੀਕਾ ਦੇ ਭੁੱਖੇ ਬੱਚੇ,
ਏਸ਼ੀਆ ਦੇ ਮਜ਼ਦੂਰ ਬੇਹਾਲ।
ਉਨ੍ਹਾਂ ਦਾ ਕੀ ਕਸੂਰ ਦੱਸੋ,
ਜਿਨ੍ਹਾਂ ਦਾ ਮੰਦੜਾ ਹੋਇਆ ਹਾਲ ?
ਤੇਲ ਮਹਿੰਗਾ, ਸਫ਼ਰ ਮਹਿੰਗਾ,
ਖੇਤਾਂ ਲਈ ਖਾਦ ਵੀ ਦੂਰ।
ਗ਼ਰੀਬ ਦੇ ਘਰ ਦੀ ਥਾਲੀ ਖਾਲੀ,
ਸੁਆਣੀ ਹੋ ਜਾਂਦੀ ਹੋਰ ਮਜਬੂਰ।

ਜਿੱਥੇ ਪਹਿਲਾਂ ਹੀ ਦੁੱਖਾਂ ਦੇ ਪਹਾੜ,
ਉੱਥੇ ਹੋਰ ਮੁਸੀਬਤਾਂ ਆਉਣ।
ਵੱਡੇ ਦੇਸ਼ਾਂ ਦੀ ਤਾਕਤ ਦੀ ਖੇਡ ਵਿੱਚ,
ਛੋਟੇ ਦੇਸ਼ ਅੱਥਰੂ ਵਹਾਉਣ।
ਮਾਵਾਂ ਦੇ ਚਿਹਰਿਆਂ ਉੱਤੇ ਚਿੰਤਾ,
ਬੱਚਿਆਂ ਦੀਆਂ ਅੱਖਾਂ ਵਿੱਚ ਸਵਾਲ।
ਕਿਸ ਦੀ ਜਿੱਤ ਤੇ ਕਿਸ ਦੀ ਹਾਰ ਹੈ,
ਜਦ ਮਰਦਾ ਸਿਰਫ਼ ਆਮ ਇਨਸਾਨ।

ਨੇਤਾ ਬੈਠੇ ਮੇਜ਼ਾਂ ਉੱਤੇ,
ਨਕਸ਼ਿਆਂ ਦੀਆਂ ਲਕੀਰਾਂ ਖਿੱਚਣ।
ਪਰ ਜੰਗਾਂ ਦੀ ਅਸਲੀ ਕੀਮਤ,
ਸਿਪਾਹੀ ਤੇ ਲੋਕ ਹੀ ਭੁਗਤਣ।
ਰੱਬਾ ਐਸੀ ਸੂਝ ਬਖ਼ਸ਼ੀਂ,
ਨਫ਼ਰਤ ਦੀ ਅੱਗ ਠੰਢੀ ਹੋਵੇ।
ਅਮਰੀਕਾ ਤੇ ਇਰਾਨ ਦੀ ਕਿਸ਼ਤੀ,
ਅਮਨ ਦੀ ਰਾਹ 'ਤੇ ਮੁੜੀ ਹੋਵੇ।

ਜੰਗ ਕਦੇ ਵੀ ਜਿੱਤਦੀ ਨਹੀਂ,
ਹਾਰਦੀ ਸਾਰੀ ਮਨੁੱਖਤਾ ਹੈ।
ਜਦ ਗੋਲੀਆਂ ਬੋਲਣ ਲੱਗ ਪੈਣ,
ਚੁੱਪ ਹੁੰਦੀ ਇਨਸਾਨੀਅਤ ਹੈ।

ਅੱਜ ਭਗਤ ਸਿੰਘ ਵੀ ਪੁੱਛਦਾ ਹੈ,
ਕੀ ਇਹੀ ਤਰੱਕੀ ਦਾ ਮਾਣ ਹੈ ?
ਜਦ ਦੋ ਤਾਕਤਾਂ ਟਕਰਾਉਂਦੀਆਂ,
ਸਜ਼ਾ ਗਰੀਬ ਨੂੰ ਕਿਉਂ ਮਿਲਦੀ ਹੈ ?
ਅਮਨ ਦੀ ਜੋਤ ਜਗਦੀ ਰਹੇ,
ਇਹੀ ਮਨੁੱਖਤਾ ਦੀ ਅਸਲੀ ਜਿੱਤ ਹੈ।

**- ਪ੍ਰੋਫੈਸਰ ਖੁਸ਼ਦੀਪ ਗੋਇਲ**

## ਹੱਕਾਂ 'ਤੇ ਲਾਠੀਆਂ ਦੇ ਵਾਰ




ਜਦੋਂ ਹੱਕਾਂ ਦੀ ਖ਼ਾਤਰ ਨੌਜਵਾਨ ਸੜਕਾਂ 'ਤੇ ਆਏ,
ਹੱਥਾਂ 'ਚ ਡਿਗਰੀਆਂ ਤੇ ਅੱਖਾਂ 'ਚ ਸੁਪਨੇ ਸਜਾਏ।
ਰੁਜ਼ਗਾਰ ਦੀ ਮੰਗ ਸੀ, ਕੋਈ ਗੁਨਾਹ ਨਹੀਂ ਸੀ,
ਪਰ ਹਾਕਮਾਂ ਨੇ ਉਨ੍ਹਾਂ 'ਤੇ ਬਸ ਜਬਰ ਕਮਾਏ।

ਸਖ਼ਤ ਲਾਠੀਆਂ ਜਦੋਂ ਪਿੰਡਿਆਂ 'ਤੇ ਵਰ੍ਹਦੀਆਂ,
ਧੀਆਂ-ਪੁੱਤਾਂ ਦੀਆਂ ਚੀਕਾਂ ਅੰਬਰ ਨੂੰ ਚੀਰਦੀਆਂ।
ਖ਼ੂਨ ਨਾਲ ਲਥਪਥ ਹੋਈਆਂ ਉਹ ਕਿਤਾਬਾਂ,
ਜੋ ਕਦੇ ਦੇਸ਼ ਦਾ ਭਵਿੱਖ ਬਣਨਾ ਲੋਚਦੀਆਂ।

ਕੀ ਸੱਚ ਕਹਿਣਾ ਹੁਣ ਬਗ਼ਾਵਤ ਬਣ ਗਿਆ ?
ਕੀ ਆਪਣਾ ਹੱਕ ਮੰਗਣਾ ਹੋ ਪਾਪ ਹੁਣ ਗਿਆ ?
ਲੋਕਤੰਤਰ ਦੇ ਨਾਂ 'ਤੇ ਜੋ ਡੰਡੇ ਵਰ੍ਹ ਰਹੇ ਨੇ,
ਇਹ ਦੇਖ ਕੇ ਤਾਂ ਅੱਜ ਕਾਨੂੰਨ ਵੀ ਰੋ ਪਿਆ।

ਪਰ ਸੁਣ ਲਓ ਹਾਕਮੋ, ਨਾ ਇੰਨਾ ਹੰਕਾਰ ਕਰੋ,
ਲਾਠੀਆਂ ਦੇ ਜ਼ੋਰ 'ਤੇ ਨਾ ਸੋਚਾਂ ਦਾ ਸ਼ਿਕਾਰ ਕਰੋ।
ਇਹ ਪੰਜਾਬ ਦੇ ਗੱਭਰੂ ਨੇ, ਦੇਸ਼ ਦੀ ਜਵਾਨੀ ਹੈ,
ਜਿੰਨਾ ਇਸ ਦਬਾਓਗੇ, ਇਹ ਬਣਨੀ ਤੂਫ਼ਾਨੀ ਹੈ।

ਖ਼ੂਨ ਦੀ ਹਰ ਬੂੰਦ 'ਚੋਂ ਇੱਕ ਇਨਕਲਾਬ ਉੱਠੇਗਾ,
ਜ਼ੁਲਮ ਦੇ ਹਨੇਰੇ ਤੋਂ ਹਰ ਇੱਕ ਹਿਸਾਬ ਪੁੱਛੇਗਾ।
'ਜੋਸ਼ੀ' ਲਾਠੀਚਾਰਜ ਨਾਲ ਕਦੇ ਜਜ਼ਬੇ ਨਹੀਂ ਮਰਦੇ,
ਇਹ ਸੰਘਰਸ਼ ਹੁਣ ਜਿੱਤ ਦੇ ਰਾਹਾਂ 'ਤੇ ਹੀ ਰੁਕੇਗਾ।

**-ਮੇਘ ਰਾਜ ਜੋਸ਼ੀ**





# ਜਦੋਂ ਪੈਸੇ ਗੁੰਮ ਹੋਏ...

**ਗੁਰਜੀਤ ਸਿੰਘ ਮਾਨ**



ਰਾਹ ਕਾਫ਼ੀ ਪੁਰਾਣੀ ਗੱਲ ਹੈ। ਸਾਡੇ ਇੱਕ ਰਿਸ਼ਤੇਦਾਰ ਨੇ ਆਪਣੀ ਜ਼ਮੀਨ ਵੇਚੀ ਤਾਂ ਉਨ੍ਹਾਂ ਨੂੰ ਕਾਫ਼ੀ ਵੱਡੀ ਰਕਮ ਮਿਲੀ ਸੀ।ਅਗਲੇ ਦਿਨ ਸਵੇਰੇ ਮੇਰੇ ਭਰਾ ਅਤੇ ਇੱਕ ਰਿਸ਼ਤੇਦਾਰ ਨੇ ਉਨ੍ਹਾਂ ਨੂੰ ਕਾਰ 'ਚ ਛੱਡਣ ਜਾਣਾ ਸੀ। ਇਸ ਲਈ ਸਾਰੇ ਜਣੇ ਰਾਤ ਨੂੰ ਸਮੇਂ ਸਿਰ ਖਾਣਾ ਖਾ ਕੇ ਸੌਂ ਗਏ।ਰਾਤ ਸ਼ਾਂਤੀ ਨਾਲ ਬੀਤ ਗਈ।

ਘਰ ਦੇ ਸਾਰੇ ਮੈਂਬਰ ਬੇਫਿਕਰ ਸਨ ਕਿਉਂਕਿ ਘਰ 'ਚ ਸਾਰੇ ਆਪਣੇ ਹੀ ਸਨ। ਤੜਕੇ ਜਾਣ ਦੀ ਤਿਆਰੀ ਸ਼ੁਰੂ ਹੋ ਗਈ। ਨਾਸ਼ਤਾ ਕਰਕੇ ਚੱਲਣ ਤੋਂ ਪਹਿਲਾਂ ਰਿਸ਼ਤੇਦਾਰ ਨੇ ਸੋਚਿਆ ਕਿ ਇੱਕ ਵਾਰ ਪੈਸੇ ਗਿਣ ਲਏ ਜਾਣ।ਜਦੋਂ ਪੈਸੇ ਗਿਣੇ ਗਏ ਤਾਂ ਸਾਰੇ ਹੈਰਾਨ ਰਹਿ ਗਏ ਕਿਉਂਕਿ ਨੋਟਾਂ ਦੀ ਇੱਕ ਥੱਬੀ ਘੱਟ ਸੀ।ਦੁਬਾਰਾ ਗਿਣਤੀ ਕੀਤੀ, ਪਰ ਨਤੀਜਾ ਫਿਰ ਉਹੀ ਰਿਹਾ।ਤੀਜੀ ਵਾਰ ਵੀ ਗਿਣਤੀ ਕੀਤੀ, ਪਰ ਥੱਬੀ ਫਿਰ ਵੀ ਘੱਟ ਹੀ ਸੀ।ਕੁਝ ਪਲ ਲਈ ਘਰ ਵਿੱਚ ਚੁੱਪ ਛਾ ਗਈ।ਸਭ ਦੇ ਚਿਹਰਿਆਂ 'ਤੇ ਚਿੰਤਾ ਸਾਫ਼ ਦਿਖਾਈ ਦੇ ਰਹੀ ਸੀ। ਕਿਸੇ ਨੂੰ ਸਮਝ ਨਹੀਂ ਆ ਰਹੀ ਸੀ ਕਿ ਇਹ ਕਿਵੇਂ ਹੋ ਸਕਦਾ ਹੈ!ਘਰ ਵਿੱਚ ਤਾਂ ਸਾਰੇ ਆਪਣੇ ਹੀ ਸਨ, ਫਿਰ ਪੈਸੇ ਕਿੱਥੇ ਗਏ ?

ਮੇਰੇ ਭਰਾ ਨੇ ਕਿਹਾ, "ਇੱਕ ਵਾਰ ਬੈਗ ਨੂੰ ਚੰਗੀ ਤਰ੍ਹਾਂ ਝਾੜ ਕੇ ਦੇਖ ਲਈਏ।" ਉਸ ਨੇ ਬੈਗ ਨੂੰ ਚੁੱਕ ਕੇ ਉਲਟਾਇਆ ਅਤੇ ਚੰਗੀ ਤਰ੍ਹਾਂ ਝਾੜਿਆ।ਅਚਾਨਕ ਬੈਗ 'ਚੋਂ ਨੋਟਾਂ ਦੀ ਥੱਬੀ ਬਾਹਰ ਆ ਡਿੱਗੀ।ਅਸਲ ਵਿੱਚ ਥੱਬੀ ਗੱਤੇ ਦੇ ਹੇਠਾਂ ਫਸ ਗਈ ਸੀ ਅਤੇ ਗਿਣਤੀ ਵੇਲੇ ਨਜ਼ਰ ਨਹੀਂ ਸੀ ਆਈ।ਮੁੜ ਪੈਸੇ ਗਿਣੇ ਤਾਂ ਹੁਣ ਗਿਣਤੀ ਪੂਰੀ ਸੀ।ਇਹ ਦੇਖ ਕੇ ਸਭ ਨੇ ਸੁਖ ਦਾ ਸਾਹ ਲਿਆ।ਚਿੰਤਾ ਦੇ ਬੱਦਲ ਇੱਕ ਪਲ ਵਿੱਚ ਹੀ ਦੂਰ ਹੋ ਗਏ ਅਤੇ ਸਾਰਿਆਂ ਦੇ ਚਿਹਰਿਆਂ 'ਤੇ ਮੁਸਕਾਨ ਵਾਪਸ ਆ ਗਈ।

ਇਸ ਘਟਨਾ ਨੇ ਮੈਨੂੰ ਜੀਵਨ ਦੀ ਇੱਕ ਵੱਡੀ ਸਿੱਖਿਆ ਦਿੱਤੀ ਕਿ ਕਿਸੇ ਵੀ ਗੱਲ ਦੀ ਬਿਨਾਂ ਪੂਰੀ ਜਾਂਚ-ਪੜਤਾਲ ਕੀਤਿਆਂ ਕਿਸੇ ਉੱਤੇ ਸ਼ੱਕ ਨਹੀਂ ਕਰਨਾ ਚਾਹੀਦਾ। ਕਈ ਵਾਰ ਸਮੱਸਿਆ ਦਾ ਕਾਰਨ ਬਹੁਤ ਹੀ ਸਾਧਾਰਨ ਹੁੰਦਾ ਹੈ, ਪਰ ਘਬਰਾਹਟ ਕਾਰਨ ਉਹ ਸਾਨੂੰ ਸਮਝ ਨਹੀਂ ਆਉਂਦਾ।



"ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ"

CHARDIKLA MEDIA NETWORK

"We are Serving the Nation through Media and Education"

1 Charhdikala

One Network, All Platforms, Infinite Reach

CHARDIKLA TIME TV · CHARDIKLA GURBANI TV · CHARDIKLA TIME TV NORTH AMERICA · Chardikla Social Media

ਚੜ੍ਹਦੀਕਲਾ Punjabi Daily Newspaper Chardikala · भारत देश हमारा Hindi Daily Newspaper Bharat Desh Hamara · ਐਜੂਕੇਟਰ Daily Newspaper Educator · ਮਾਸਿਕ ਚੜ੍ਹਦੀਕਲਾ No.1 Punjabi Family Magazine Monthly Chardikala · Kisaan Mitar MONTHLY MAGAZINE IN PUNJABI/HINDI · किसान मित्र · ਕਿਸਾਨ ਮਿੱਤਰ

Member: INS THE INDIAN NEWSPAPER SOCIETY · AB AUDIT BUREAU OF CIRCULATIONS

HEAD OFFICE: Chardikala Complex, 577, SST Nagar, Patiala-147003

CHANDIGARH OFFICE
3205, Ground Floor, Sector 44-D, CHANDIGARH
Phone- 6239230232

DELHI OFFICE
202, INS Buildings, Rafi Marg, New Delhi-1
Phone- 91-11-23353936

KARNAL OFFICE
15-A, Mall Road, Near Red Cross Building Karnal
(Haryana) Phone- 9896487187

marketing@charhdikala.com · www.cktimetv.com, www.charhdikala.com

For any query contact: +91 981 550 2311, +91 987 886 9911, +91 92168 07500, +91 97111 01161 & +1 833 987 1317 (USA-CANADA)



Registered with the Registrar of News Papers for India Under No. 61587/95 Posted Regd. No. PB/PTA (0281) 2024-2026 Office of Posting : RMS, Patiala Date of Publication : 3rd Every Month Posting : 5th of Every Month




